ਸਰਦਾਰ ਨਰੈਣ ਸਿੰਘ

(ਨਨਕਾਣਾ ਸਾਹਿਬ ਵਾਲੇ)

ਜੀਵਨ, ਰਚਨਾ ਤੇ ਦੇਣ




ਤੇਜਿੰਦਰ ਪਾਲ ਸਿੰਘ

ਸਰਦਾਰ ਨਰੈਣ ਸਿੰਘ

(ਨਨਕਾਣਾ ਸਾਹਿਬ ਵਾਲੇ)

ਜੀਵਨ, ਰਚਨਾ ਤੇ ਦੇਣ



ਸਰਦਾਰ ਨਰੈਣ ਸਿੰਘ
(1901-94)

ਸਰਦਾਰ ਨਰੈਣ ਸਿੰਘ

(ਨਨਕਾਣਾ ਸਾਹਿਬ ਵਾਲੇ)

ਜੀਵਨ, ਰਚਨਾ ਤੇ ਦੇਣ

ਤੇਜਿੰਦਰ ਪਾਲ ਸਿੰਘ

SARDAR NARAIN SINGH

(Nankana Sahib Wale)

JIWAN, RACHNA TE DEIN

by

TEJINDER PAL SINGH

463, Street No. 8, Ghuman Nagar,
Sirhind Road, Patiala
M.: 099880 04733
Email : tejipsingh@rediffmail.com

ਪਹਿਲੀ ਵਾਰ : ਮਾਰਚ 2011
ਕੀਮਤ : 150 ਰੁਪਏ

ਪ੍ਰਕਾਸ਼ਕ : ਲੇਖਕ ਖੁਦ

ਛਾਪਕ : ਅਲਟਰਾ ਪ੍ਰਿੰਟਰਜ਼, ਫੈਕਟਰੀ ਏਰੀਆ, ਪਟਿਆਲਾ

ਬਨ ਫੂਲੇ ਮੰਝ ਬਾਰਿ ਮੈ ਪਿਰੁ ਘਰਿ ਬਾਹੁੜੈ ॥

ਤਤਕਰਾ

ਮੁਖ ਬੰਦ

ਸਰਦਾਰ ਨਰੈਣ ਸਿੰਘ ਜੀ (1901-1994 ਈ.) ਸਿੱਖ ਕੌਮ ਦੀ ਵਡਮੁਲੀ ਵਿਰਾਸਤ ਦਾ ਅਨਿਖੜ ਅੰਗ ਹਨ। ਥੋੜ੍ਹੇ ਲੋਕਾਂ ਨੂੰ ਉਹਨਾਂ ਵਰਗਾ 'ਜੀਵਨ ਪੰਧ' ਨਸੀਬ ਹੁੰਦਾ ਹੈ। ਪਹਾੜੀ ਇਲਾਕਿਆਂ ਦੇ ਸ਼ੋਰ-ਸ਼ਰਾਬਿਆਂ ਭਰੇ ਚਸ਼ਮਿਆਂ ਤੋਂ ਦੂਰ ਮੈਦਾਨੀ ਇਲਾਕਿਆਂ ਦੇ ਸ਼ੂਕਦੇ ਗਹਿਰੇ ਦਰਿਆ ਦੀ ਰਵਾਨਗੀ ਵਰਗੀ ਸੀ ਉਹਨਾਂ ਦੀ ਜ਼ਿੰਦਗੀ। 'ਜੀਵਨ ਪੰਧ' ਦੇ ਹਰ ਖਿਤੇ ਦਾ ਰੰਗ ਗ੍ਰਹਿਣ ਕਰਦਿਆਂ ਹੋਇਆਂ ਪਿਆਰ, ਪ੍ਰੇਰਨਾ, ਉਮੰਗ ਦੀਆਂ ਹਰਿਆਲੀਆਂ ਬਿਖੇਰਦੇ ਤੇ ਖੁਸ਼ਬੂਆਂ ਵੰਡਦੇ ਪਿਆਰੇ ਨਾਲ ਪਾਏ ਨਿਹੁੰ ਨੂੰ ਤੋੜ ਤਕ ਨਿਭਾਅ ਗਏ ਅਤੇ ਸਿੱਖ ਪੰਥ ਦੇ ਪਵਿੱਤਰ ਇਤਿਹਾਸ ਦੇ ਵੀਹਵੀਂ ਸਦੀ ਦੇ ਦੂਜੇ ਅਧ 'ਤੇ ਆਪਣੀਆਂ ਪੈੜਾਂ ਦੇ ਅਮਿੱਟ ਨਿਸ਼ਾਨ ਛੱਡ ਕੇ ਪ੍ਰੀਤਮ ਦੇ ਦੇਸ਼ ਨੂੰ ਤੁਰ ਗਏ।

ਗੁਰਸਿੱਖ ਪਰਿਵਾਰ ਵਿਚ ਜਨਮ ਹੋਣ ਕਰਕੇ ਸਿੱਖੀ ਦੀ ਜਾਗ ਬਚਪਨ ਤੋਂ ਹੀ ਲਗ ਗਈ। ਪੜ੍ਹਾਈ ਕਰਕੇ ਵਿਦਿਆ ਦੇ ਖੇਤਰ ਵਿਚ ਹੀ ਰਹਿਣ ਦੀ ਵਿਉਂਤ ਹੋਣੀ ਨੂੰ ਪ੍ਰਵਾਨ ਨਹੀਂ ਸੀ, ਭਾਵੇਂ ਐਮ. ਏ. ਅੰਗਰੇਜ਼ੀ ਦੇ ਪੱਧਰ ਤਕ ਪੜ੍ਹਾਈ ਵੀ ਮੁਕੰਮਲ ਕਰ ਲਈ ਸੀ। ਪੜ੍ਹਾਈ-ਲਿਖਾਈ ਦੇ ਖੇਤਰ ਨਾਲ ਵੀ ਉਹਨਾਂ ਆਪਣੀ ਪ੍ਰੀਤ ਓੜਕ ਤਕ ਨਿਭਾਈ ਪਰੰਤੂ ਪੰਥਕ ਪਿਆਰ ਉਹਨਾਂ ਨੂੰ ਅਮਲੀ ਸੇਵਾ ਦੇ ਖੇਤਰ ਵਿਚ ਖਿਚ ਕੇ ਲੈ ਗਿਆ। ਸੇਵਾ ਤੇ ਸਿਮਰਨ ਦੇ ਨਾਲ-ਨਾਲ ਵਿਦਿਆ ਤੇ ਪਰਉਪਕਾਰ ਉਹਨਾਂ ਦੀ ਲੰਬੀ ਜ਼ਿੰਦਗੀ ਦਾ ਕੇਂਦਰੀ ਧੁਰਾ ਬਣੇ ਰਹੇ।

ਨਨਕਾਣਾ ਸਾਹਿਬ ਦਾ ਸ਼ਹੀਦੀ ਸਾਕਾ ਉਹਨਾਂ ਦੇ ਜੀਵਨ ਪੰਧ ਵਿਚ ਅਹਿਮ ਮੋੜ ਸੀ। ਸ਼ਹੀਦੀ ਸਾਕੇ ਤੋਂ ਅਗਲੇ ਦਿਨ ਹੀ ਨਨਕਾਣਾ ਸਾਹਿਬ ਪੁਜ ਕੇ ਪਾਵਨ ਸ਼ਹੀਦਾਂ ਦੇ ਕੀਮਾ ਕੀਤੇ ਸਰੀਰਾਂ ਦਾ ਹੱਥੀਂ ਸਸਕਾਰ ਕਰਨ ਦਾ ਉਹ ਵਾਕਿਆ ਸੀ ਜਿਥੋਂ ਫਿਰ ਪਿਛੇ ਮੁੜ ਕੇ ਕੁਝ ਨਹੀਂ ਤੱਕਿਆ। ਸਾਕੇ ਤੋਂ 60 ਸਾਲ ਬਾਅਦ ਜਦੋਂ ਪਟਿਆਲੇ ਸਿੰਘ ਸਭਾ ਗੁਰਦੁਆਰੇ ਸ਼ਹੀਦੀ ਸਾਕੇ ਨੂੰ ਹਰ ਸਾਲ ਯਾਦ ਕਰਨ ਦੀ ਪ੍ਰਥਾ ਤੋਰੀ ਤਾਂ ਸੰਗਤ ਨੂੰ ਸਾਕੇ ਦਾ ਅੱਖੀਂ ਡਿਠਾ ਹਾਲ ਦੱਸਣ ਲਈ ਪੰਡਾਲ ਵਿਚ ਖੜ੍ਹੇ ਹੋਏ। ਇਕ ਵੀ ਪੂਰਾ ਸ਼ਬਦ ਨਹੀਂ ਬੋਲ ਸਕੇ ਅਤੇ ਸੰਗਤ ਨੂੰ ਸਾਕੇ ਦੀ ਕਹਾਣੀ ਉਹਨਾਂ ਦੇ ਅਰੋਕ ਹੰਝੂਆਂ ਦੀ ਜ਼ੁਬਾਨੀ ਹੀ ਸੁਣਨੀ ਪਈ। ਪਿਛੋਂ ਉਹਨਾਂ ਇਹ ਅੱਖੀਂ ਦੇਖਿਆ ਸਾਕਾ ਪੁਸਤਕ ਰੂਪ ਵਿਚ ਵੀ ਲਿਖਿਆ ਅਤੇ 'ਸਿੱਖ ਧਰਮ ਵਿਸ਼ਵਕੋਸ਼' ਵਿਚ ਸਾਕੇ ਬਾਰੇ ਲੇਖ ਉਹਨਾਂ ਦੀ ਹੀ ਕਲਮ ਦਾ ਲਿਖਿਆ ਹੋਇਆ ਹੈ।

ਜਨਮ ਅਸਥਾਨ ਨਨਕਾਣਾ ਸਾਹਿਬ ਦੇ ਸਾਲਾਂ ਸਾਲ ਨਿਹਸਵਾਰਥ ਤੇ ਨੇਕ ਨੀਅਤ ਪ੍ਰਬੰਧਕ ਦੇ ਤੌਰ 'ਤੇ ਕੀਤੀ ਸੇਵਾ ਕਾਰਨ ਉਹ ਨਰੈਣ ਸਿੰਘ 'ਨਨਕਾਣਾ ਸਾਹਿਬ' ਹੀ ਬਣ ਗਏ। ਇਥੇ ਦੀ ਸੇਵਾ ਦੌਰਾਨ ਰੱਬੀ ਕਰਾਮਾਤ ਵਰਗੀ ਘਟਨਾ ਕਾਰਨ ਮੌਤ ਦੀਆਂ ਬਾਰੂਹਾਂ ਤੋਂ ਵਾਪਸ ਮੁੜੇ। 1947 ਦੀ ਵੱਡ-ਟੁਕ ਦੇ ਕਾਲੇ ਸਮਿਆਂ ਵਿਚ ਨਨਕਾਣਾ ਸਾਹਿਬ ਵਿਚ ਫਸੇ ਹਜ਼ਾਰਾਂ ਸਿੱਖਾਂ ਨੂੰ ਕਿਸ ਤਰ੍ਹਾਂ ਸੁਰਖਿਅਤ ਕਢ ਕੇ ਲਿਆਏ, ਉਹ ਵੀ ਕਰਾਮਾਤ ਵਰਗਾ ਵਾਕਿਆ ਸੀ।

ਜਦੋਂ ਉਹ ਨਨਕਾਣਾ ਸਾਹਿਬ ਛਡ ਕੇ ਆਏ, ਉਹਨਾਂ ਦੇ ਮਨ 'ਤੇ ਕੀ ਬੀਤੀ, ਸ਼ਾਇਦ ਉਹ ਸਾਰੀ ਉਮਰ ਇਹ ਅਹਿਸਾਸ ਦਸ, ਲਿਖ ਨਹੀਂ ਸਕੇ, ਪਰ ਉਹਨਾਂ ਨੇ ਗੁਰੂ ਨਾਨਕ ਦੇ ਚਰਨਾਂ ਦੀ ਪ੍ਰੀਤ ਕਦੇ ਭੁਲਾਈ ਨਹੀਂ। ਪਟਿਆਲੇ 'ਗੁਰੂ ਨਾਨਕ ਦੇਵ ਮਿਸ਼ਨ' ਦੀ ਸਥਾਪਨਾ ਕਰਕੇ ਰਹਿੰਦੀ ਉਮਰ ਮੁਖ ਰੂਪ ਵਿਚ ਇਸ ਦੇ ਸਮਰਪਤ ਹੋ ਕੇ ਗੁਜ਼ਾਰੀ। ਸਿੱਖ ਧਰਮ, ਇਤਿਹਾਸ, ਸਿਧਾਂਤਾਂ, ਸਮਸਿਆਵਾਂ, ਸੰਸਥਾਵਾਂ, ਸਥਾਪਨਾਵਾਂ ਆਦਿ 'ਤੇ ਦਸ ਤੋਂ ਵਧ ਪੁਸਤਕਾਂ ਅਤੇ ਤਿੰਨ ਸੌ ਦੇ ਲਗਪਗ ਟ੍ਰੈਕਟ ਛਪਵਾ ਕੇ, ਮਿਸ਼ਨ ਵਲੋਂ ਦੇਸ਼-ਵਿਦੇਸ਼ਾਂ ਵਿਚ ਵਸਦੇ ਸਿੱਖਾਂ ਦੇ ਬੂਹਿਆਂ ਤਕ ਪਹੁੰਚਾਏ। ਨਿਸ਼ਕਾਮ ਸੇਵਕ ਦੇ ਪਿਆਰ ਨੂੰ ਗੁਰੂ ਨਾਨਕ ਦੀ ਰਹਿਮਤ ਦਾ ਵੀ ਰਜਵਾਂ ਪ੍ਰਸਾਦ ਪ੍ਰਾਪਤ ਹੋਇਆ। ਪਾਕਸਤਾਨ ਦੇ ਉਜਾੜੇ ਤੋਂ ਬਾਅਦ ਪਟਿਆਲੇ ਨੇੜੇ 'ਬੂਟਾ ਸਿੰਘ ਵਾਲੇ' ਪਿੰਡ ਦੀ ਸਖਣੀ ਟਿੱਬੀ ਤੋਂ ਸ਼ੁਰੂ ਹੋਏ ਮਿਸ਼ਨ ਦੇ ਦੁਨੀਆਂ ਭਰ ਦੇ ਪ੍ਰਮੁਖ ਦੇਸ਼ਾਂ ਵਿਚ ਕੇਂਦਰ ਸਥਾਪਤ ਹੋ ਗਏ। ਲਿਖਣ ਤੋਂ ਲੈ ਕੇ ਛਪਵਾਉਣ ਤਕ ਅਤੇ ਡਾਕ ਰਾਹੀਂ ਦੁਨੀਆਂ ਭਰ ਵਿਚ ਭੇਜਣ ਦੀ ਸੇਵਾ ਤਕ, ਬਗੈਰ ਕਿਸੇ ਮਹੱਤਵਪੂਰਨ ਸਹਾਇਕ ਦੇ, ਆਪਣੀ ਹੱਥੀਂ ਕਰਦੇ ਸਨ। ਇਹਨਾਂ ਲਿਖਤਾਂ 'ਚੋਂ ਹਰੇਕ ਦਾ ਵੇਰਵਾ ਦੇਣ ਲਈ ਇਹ ਢੁਕਵਾਂ ਥਾਂ ਨਹੀਂ, ਪਰੰਤੂ ਉਹਨਾਂ ਦਾ ਇਕ ਛੋਟਾ ਜਿਹਾ ਟ੍ਰੈਕਟ *Why Am I a Sikh*, ਅੰਗਰੇਜ਼ੀ, ਪੰਜਾਬੀ, ਹਿੰਦੀ ਵਿਚ ਦੁਨੀਆਂ ਭਰ ਵਿਚ ਅਨੁਵਾਦ ਕਰਕੇ ਦਰਜਨਾਂ ਸੁਤੰਤਰ ਸੰਸਥਾਵਾਂ ਵਲੋਂ ਲੱਖਾਂ ਦੀ ਗਿਣਤੀ ਵਿਚ ਵੰਡਿਆ ਗਿਆ।

ਪੰਥਕ ਸੇਵਾ ਦੇ ਰੁਝੇਵਿਆਂ ਵਿਚ ਲੱਗੇ ਹੋਣ ਦੇ ਨਾਲ-ਨਾਲ ਉਹਨਾਂ ਦਾ ਸਿੱਖ ਵਿਦਿਆ ਨਾਲ ਲਗਾਅ ਕਦੇ ਮੱਠਾ ਨਹੀਂ ਪਿਆ। ਤੁਲਨਾਤਮਿਕ ਧਰਮਾਂ ਦੇ ਅਧਿਐਨ ਲਈ ਪਟਿਆਲਾ ਵਿਚ 'ਗੁਰਮਤਿ ਕਾਲਜ' ਦੀ ਸਥਾਪਨਾ ਉਹਨਾਂ ਦਾ ਹੀ ਸੁਪਨਾ ਸੀ ਅਤੇ ਇਸ ਦੀ ਪ੍ਰਬੰਧਕੀ ਕਮੇਟੀ ਦੇ ਉਹੀ ਪਹਿਲੇ ਸਕੱਤਰ ਸਨ।

ਅਖੀਰ ਸਮੇਂ 'ਤੇ ਜਦੋਂ ਤੁਰਨਾ-ਫਿਰਨਾ ਕਾਫੀ ਮਾਤਰਾ ਵਿਚ ਸਿਮਟ ਗਿਆ ਤਾਂ ਆਪਣੇ ਪਿੰਡ, ਆਪਣੀ ਜ਼ਮੀਨ ਦੇ ਕੇ 'ਗੁਰੂ ਨਾਨਕ ਦੇਵ ਮਾਡਰਨ ਸਕੂਲ' ਆਪਣੇ ਘਰ ਦੇ ਸਾਹਮਣੇ ਖੋਲ੍ਹਿਆ, ਜੋ ਹੁਣ ਮੈਟ੍ਰਿਕ ਪੱਧਰ ਤਕ ਪਿੰਡਾਂ ਦੇ ਬੱਚਿਆਂ ਨੂੰ ਸਿਖਿਆ ਦੇ ਰਿਹਾ ਹੈ ਅਤੇ ਪੰਜਾਬ ਸਕੂਲ ਸਿਖਿਆ ਬੋਰਡ ਨਾਲ ਸੰਬੰਧਿਤ ਹੈ।

ਦੋਵੇਂ ਮੁਲਕਾਂ ਦੇ ਸੰਬੰਧਾਂ ਵਿਚ ਜਦੋਂ ਥੋੜ੍ਹਾ ਸੁਧਾਰ ਆਇਆ ਤਾਂ ਉਹਨਾਂ ਨੇ ਦੂਰ ਦੁਰਾਡੇ ਮੁਲਕਾਂ ਵਿਚ ਵਸਦੇ ਸਿੱਖਾਂ ਨੂੰ ਪ੍ਰੇਰ ਕੇ 'ਨਨਕਾਣਾ ਸਾਹਿਬ ਫਾਊਂਡੇਸ਼ਨ'

ਦੀ ਸਥਾਪਨਾ ਕੀਤੀ। ਭਾਰਤ ਵਲੋਂ ਉਹ ਇਸ ਫਾਉਂਡੇਸ਼ਨ ਦੇ ਮੈਂਬਰ ਸਨ।

ਚੌਰਾਸੀਆਂ ਦੇ ਸਾਲਾਂ ਵਿਚ ਸਿੱਖ ਕੌਮ ਨਾਲ ਜੋ ਕੁਝ ਵਾਪਰਿਆ, ਉਹ ਵੀ ਉਹਨਾਂ ਸਾਕਾ ਨਨਕਾਣਾ ਸਾਹਿਬ ਦੀ ਤਰ੍ਹਾਂ ਆਪਣੇ ਪਿੰਡੇ 'ਤੇ ਹੰਢਾਇਆ ਅਤੇ *ਕਿਉਂ ਕੀਤੋ ਵੇਸਾਹੁ* ਪੁਸਤਕ ਵਿਚ 'ਤੈ ਕੀ ਦਰਦ ਨ ਆਇਆ' ਵਰਗਾ ਨਿਹੁਰਾ ਮਾਰਿਆ। ਇਕੱਲੀ ਇਸ ਪੁਸਤਕ ਦੇ ਲਗਪਗ ਦਰਜਨ ਸੰਸਕਰਨ ਹੁਣ ਤਕ ਛਪ ਚੁੱਕੇ ਹਨ। ਪੰਥ ਪ੍ਰਤੀ ਉਹਨਾਂ ਦੀਆਂ ਸੇਵਾਵਾਂ ਨੂੰ ਦੇਖਦੇ ਹੋਏ ਵਿਸ਼ੇਸ਼ ਸਮਾਰੋਹ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਉਹਨਾਂ ਦਾ ਸਨਮਾਨ ਕੀਤਾ ਗਿਆ।

ਸਿੱਖ ਅਧਿਐਨ ਦੇ ਅਤਿ ਹੋਣਹਾਰ ਵਿਦਿਆਰਥੀ ਤੇ ਖੋਜਕਾਰ ਤੇਜਿੰਦਰ ਪਾਲ ਸਿੰਘ ਨੇ ਸਰਦਾਰ ਨਰੈਣ ਸਿੰਘ ਜੀ ਦੇ ਘਣਛਾਂਵੇ, ਬਹੁਵਿਸਤਾਰੀ ਜੀਵਨ ਵਿਚੋਂ ਉਹਨਾਂ ਦੇ ਜੀਵਨ, ਸ਼ਖ਼ਸੀਅਤ, ਲਿਖਤਾਂ ਅਤੇ ਦੇਣ ਸੰਬੰਧੀ ਕੁਝ ਵੇਰਵੇ ਇਸ ਪੁਸਤਕ ਵਿਚ ਸੰਭਾਲਣ ਦਾ ਸ਼ਲਾਘਾਯੋਗ ਉਦਮ ਕੀਤਾ ਹੈ। ਮੈਂ ਇਸ ਪੁਸਤਕ 'ਤੇ ਕੋਈ ਟਿਪਣੀ ਕਰਨ ਤੋਂ ਬਿਨ੍ਹਾਂ ਪਾਠਕਾਂ ਦੇ ਨਿਰੀਖਣ 'ਤੇ ਛਡਦਾ ਹੋਇਆ ਪੁਸਤਕ ਨੂੰ 'ਜੀ ਆਇਆਂ' ਕਹਿੰਦਾ ਹਾਂ।

ਮਿਤੀ : 20-02-2011

ਪ੍ਰੋ. ਦਰਸ਼ਨ ਸਿੰਘ (ਰਿਟਾ.)
ਧਰਮ ਅਧਿਐਨ ਵਿਭਾਗ,
ਪੰਜਾਬੀ ਯੂਨੀਵਰਸਿਟੀ,
ਪਟਿਆਲਾ।

ਆਦਿ ਕਥਨ

ਉਨੀਵੀਂ ਸਦੀ ਦੇ ਅੰਤਲੇ ਅਤੇ ਵੀਹਵੀਂ ਸਦੀ ਦੇ ਮੁਢਲੇ ਦਹਾਕਿਆਂ ਨੂੰ 'ਸਿੱਖ-ਪੁਨਰ ਜਾਗ੍ਰਿਤੀ ਕਾਲ' ਨਾਲ ਸਦਿਆ ਗਿਆ ਹੈ। ਇਸ ਸਮੇਂ ਬਹੁਤ ਸਾਰੀਆਂ ਲਹਿਰਾਂ ਆਰੰਭ ਹੋਈਆਂ। ਇਸੇ ਦੌਰਾਨ ਇਨ੍ਹਾਂ ਲਹਿਰਾਂ ਨਾਲ ਸੰਬੰਧਿਤ ਕਈ ਉਘੇ ਵਿਦਵਾਨ ਵੀ ਪੈਦਾ ਹੋਏ, ਜਿਨ੍ਹਾਂ ਨੇ ਆਪਣੇ ਵਿਰਸੇ ਨੂੰ ਨਵੀਂ ਰੌਸ਼ਨੀ, ਲੋੜ ਅਤੇ ਸਥਿਤੀ ਅਨੁਸਾਰ ਵਾਚਿਆ, ਪਰਖਿਆ ਅਤੇ ਪ੍ਰਚਾਰਿਆ। ਇਨ੍ਹਾਂ ਵਿਦਵਾਨਾਂ ਵਿਚ ਪ੍ਰੋ. ਗੁਰਮੁਖ ਸਿੰਘ, ਗਿ. ਦਿਤ ਸਿੰਘ, ਬਾਵਾ ਹਰਕ੍ਰਿਸ਼ਨ ਸਿੰਘ, ਪ੍ਰਿੰ. ਤੇਜਾ ਸਿੰਘ, ਭਾਈ ਜੋਧ ਸਿੰਘ, ਕਰਮ ਸਿੰਘ ਹਿਸਟੋਰੀਅਨ, ਭਾਈ ਕਾਨ੍ਹ ਸਿੰਘ ਨਾਭਾ, ਬਾਬਾ ਪ੍ਰੇਮ ਸਿੰਘ ਹੋਤੀ, ਡਾ. ਸ਼ੇਰ ਸਿੰਘ, ਗਿ. ਸਰਦੂਲ ਸਿੰਘ ਕਵੀਸ਼ਰ, ਪ੍ਰੋ. ਸਾਹਿਬ ਸਿੰਘ ਅਤੇ ਭਾਈ ਵੀਰ ਸਿੰਘ ਆਦਿ ਦੇ ਨਾਂ ਬੜੇ ਮਾਣ ਨਾਲ ਲਏ ਜਾ ਸਕਦੇ ਹਨ। ਇਨ੍ਹਾਂ ਤੋਂ ਇਲਾਵਾ ਬਹੁਤ ਸਾਰੇ ਵਿਦਵਾਨ ਅਜਿਹੇ ਵੀ ਸਨ ਜਿਹੜੇ ਭਾਵੇਂ ਉਤਨੇ ਉਘੇ ਤਾਂ ਨਹੀਂ, ਜਿੰਨੇ ਉਪਰੋਕਤ ਵਿਦਵਾਨ ਹਨ, ਪਰ ਉਨ੍ਹਾਂ ਦੇ ਕਾਰਜ ਦਾ ਮਹਤਵ ਕਿਸੇ ਤਰ੍ਹਾਂ ਵੀ ਉਕਤ ਵਿਦਵਾਨਾਂ ਤੋਂ ਘਟ ਨਹੀਂ। ਇਨ੍ਹਾਂ ਮਹਾਨ ਸ਼ਖ਼ਸੀਅਤਾਂ 'ਚੋਂ ਇਕ ਗੁਰਮੁਖ ਵਿਦਵਾਨ ਸਨ, ਸਰਦਾਰ ਨਰੈਣ ਸਿੰਘ।

ਉਕਤ ਵਰਣਿਤ ਵਿਦਵਾਨਾਂ ਬਾਰੇ ਬਹੁਤ ਸਾਰੀਆਂ ਪੁਸਤਕਾਂ ਅਕਸਰ ਉਪਲਬਧ ਹੋ ਜਾਂਦੀਆਂ ਹਨ ਅਤੇ ਵਰਤਮਾਨ ਸਮੇਂ ਵਿਚ ਵੀ ਜਾਰੀ ਹਨ, ਪਰ ਕੁਝ ਸ਼ਖ਼ਸੀਅਤਾਂ, ਜਿਨ੍ਹਾਂ ਵਿਚੋਂ ਇਕ ਦਾ ਹਥਲੀ ਪੁਸਤਕ ਵਿਚ ਜ਼ਿਕਰ ਹੈ, ਬਾਰੇ ਉਕਾ ਹੀ ਕੋਈ ਲਿਖਤ ਪ੍ਰਾਪਤ ਨਹੀਂ ਹੁੰਦੀ।[1]

II

ਭਾਵੇਂ ਸਰਦਾਰ ਨਰੈਣ ਸਿੰਘ ਦਾ ਨਾਂ ਸਿੱਖ ਅਕਾਦਮਿਕ ਖੇਤਰ ਵਿਚ ਬਹੁਤਾ ਜਾਣਿਆ-ਪਛਾਣਿਆ ਤਾਂ ਨਹੀਂ, ਪਰ ਪੰਥਕ ਘਾਲਨਾਵਾਂ ਵਿਚ ਉਨ੍ਹਾਂ ਦਾ ਯੋਗਦਾਨ ਅਣਗੌਲਿਆ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਦਾ ਸਮੁਚਾ ਜੀਵਨ ਸੰਘਰਸ਼ਸ਼ੀਲ ਸੰਤ-ਸਿਪਾਹੀ ਵਾਲਾ ਜੀਵਨ ਸੀ।

ਸਰਦਾਰ ਨਰੈਣ ਸਿੰਘ ਬਾਰੇ ਕਈ ਵਾਰ ਪਾਠਕਾਂ ਦੇ ਨਾਲ-ਨਾਲ ਵਿਦਵਾਨਾਂ

---

1. ਸਰਦਾਰ ਨਰੈਣ ਸਿੰਘ ਬਾਰੇ ਸਾਨੂੰ ਇਕੋ ਇਕ ਅਧਿਆਇ ਪ੍ਰੋ. ਬਲਬੀਰ ਸਿੰਘ 'ਦਿਲ' ਦੀ ਪੁਸਤਕ ਅਣਪਰਖੇ ਹੀਰੇ (ਲਾਹੌਰ ਬੁਕ ਸ਼ਾਪ, 1964) ਵਿਚੋਂ ਪ੍ਰਾਪਤ ਹੋਇਆ ਹੈ। ਇਸ ਵਿਚ ਉਨ੍ਹਾਂ ਨੇ ਸਰਦਾਰ ਨਰੈਣ ਸਿੰਘ ਸੰਬੰਧੀ ਸੂਚਨਾਤਮਕ ਵੇਰਵੇ ਦੇਣ ਦੀ ਪਹਿਲੀ ਵਾਰ ਕੋਸ਼ਿਸ਼ ਕੀਤੀ ਸੀ।

ਨੂੰ ਵੀ ਭੁਲੇਖਾ ਪੈਂਦਾ ਹੈ, ਕਿਉਂਕਿ ਥੋੜ੍ਹੇ ਜਿਹੇ ਫਰਕ ਨਾਲ ਨਰੈਣ ਸਿੰਘ ਨਾਂ ਦੇ ਹੀ ਕਈ ਹੋਰ ਵਿਦਵਾਨ ਵੀ ਹੋਏ ਹਨ ਜਿਵੇਂ, ਨਰੈਣ ਸਿੰਘ ਗਿਆਨੀ, ਨਰੈਣ ਸਿੰਘ ਦਰਜ਼ੀ, ਨਰੈਣ ਸਿੰਘ ਨਿਰਮਲੇ, ਨਰੈਣ ਸਿੰਘ ਪੰਡਿਤ, ਨਰੈਣ ਸਿੰਘ ਭਾਈ, ਨਰੈਣ ਸਿੰਘ ਦੇਵ ਰਾਜ ਆਦਿ।[2]

ਡਾ. ਫੌਜਾ ਸਿੰਘ ਨੇ ਸਰਦਾਰ ਨਰੈਣ ਸਿੰਘ ਨਾਲ ਮਿਲਦੇ-ਜੁਲਦੇ ਲਗਪਗ 199 ਨਾਵਾਂ ਦੀ ਸੂਚੀ ਦਿਤੀ ਹੈ।[3] ਸਾਹਿਤਕ ਜਗਤ ਵਿਚ ਐਨੇ ਨਰੈਣ ਸਿੰਘ ਨਾਂ ਹੋਣ ਕਾਰਨ ਹਥਲੇ ਸਰਦਾਰ ਨਰੈਣ ਸਿੰਘ ਦੀਆਂ ਰਚਨਾਵਾਂ ਕਈ ਵਾਰ ਗਲਤ ਨਾਂ ਨਾਲ ਜੋੜ ਦਿਤੀਆਂ ਜਾਂਦੀਆਂ ਹਨ। ਮਿਸਾਲ ਵਜੋਂ, *ਪੰਜਾਬੀ ਪ੍ਰਕਾਸ਼ਨਾਂ ਦੀ ਸੂਚੀ* ਵਿਚ ਸੰਪਾਦਕ ਨੇ ਵਿਚਾਰਾਧੀਨ ਨਰੈਣ ਸਿੰਘ ਦੇ ਨਾਂ ਹੇਠ *ਕੁਝ ਹੱਡ-ਬੀਤੀ ਕੁਝ ਜਗ ਬੀਤੀ* (ਇੰਟਰਨੈਸ਼ਨਲ ਸਿੱਖ ਬ੍ਰਦਰਜ਼, ਦਿੱਲੀ, 1966) ਦਾ ਵੇਰਵਾ ਦਿਤਾ ਹੈ ਜਿਹੜਾ ਕਿ ਉਕਾਈ ਭਰਪੂਰ ਹੈ।[4] ਅਸਲ 'ਚ ਇਹ ਪੁਸਤਕ ਕਿਸੇ ਹੋਰ ਨਰੈਣ ਸਿੰਘ ਦੀ ਰਚਨਾ ਹੈ।

III

ਪੁਸਤਕ ਨੂੰ ਸੁਵਿਧਾ, ਲੋੜ ਤਥਾ ਸਥਿਤੀ ਅਨੁਸਾਰ ਮੁਖ ਰੂਪ ਵਿਚ ਤਿੰਨ ਅਧਿਆਇਆਂ- ਸਰਦਾਰ ਨਰੈਣ ਸਿੰਘ ਦਾ ਜੀਵਨ, ਸਾਹਿਤ ਰਚਨਾ ਅਤੇ ਦੇਣ ਵਿਚ ਵੰਡਿਆ ਹੈ।

ਪਹਿਲੇ ਅਧਿਆਇ ਵਿਚ ਸਰਦਾਰ ਨਰੈਣ ਸਿੰਘ ਦੇ ਜੀਵਨ ਤੇ ਸ਼ਖ਼ਸੀਅਤ ਬਾਰੇ ਸੰਭਵ ਜਾਣਕਾਰੀ ਦਿਤੀ ਗਈ ਹੈ। ਉਨ੍ਹਾਂ ਦੇ ਜਨਮ, ਵਿਦਿਆ, ਵਿਆਹ, ਪਰਿਵਾਰ ਅਤੇ ਉਨ੍ਹਾਂ ਦੁਆਰਾ ਵਖ-ਵਖ ਸੰਸਥਾਵਾਂ ਵਿਚ ਨਿਭਾਈਆਂ ਸੇਵਾਵਾਂ ਦਾ ਵੇਰਵਾ ਦਿਤਾ ਗਿਆ ਹੈ। ਇਸ ਸੰਬੰਧੀ ਸੂਚਨਾਤਮਕ ਵੇਰਵਾ ਦੇਣ ਦੇ ਨਾਲ-ਨਾਲ ਸਰਦਾਰ ਨਰੈਣ ਸਿੰਘ ਦੇ ਜੀਵਨ ਦੌਰਾਨ ਸਿੱਖ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਤੇ ਲਿਖੀਆਂ ਜਾਣ ਵਾਲੀਆਂ ਕੁਝ ਅਜਿਹੀਆਂ ਘਟਨਾਵਾਂ (ਸਾਕਾ ਨਨਕਾਣਾ ਸਾਹਿਬ ਤੇ ਮੋਰਚਾ ਗੁਰੂ ਕਾ ਬਾਗ) ਦਾ ਜ਼ਿਕਰ ਵੀ ਕੀਤਾ ਹੈ, ਜਿਨ੍ਹਾਂ ਨੇ ਸਰਦਾਰ ਨਰੈਣ ਸਿੰਘ ਦੇ ਜੀਵਨ 'ਤੇ ਬੜਾ ਡੂੰਘਾ ਅਸਰ ਪਾਇਆ। ਉਨ੍ਹਾਂ ਦੁਆਰਾ 1947 ਦੀ ਦੇਸ਼ ਵੰਡ ਸਮੇਂ ਸ੍ਰੀ ਨਨਕਾਣਾ ਸਾਹਿਬ ਵਿਖੇ ਨਿਭਾਈ ਭੂਮਿਕਾ ਦਾ ਵੀ ਵਿਸਤਾਰ ਵਿਚ ਵਰਨਣ ਕੀਤਾ ਹੈ। ਉਪਰੰਤ ਸਰਦਾਰ ਨਰੈਣ ਸਿੰਘ ਸ਼ਖ਼ਸੀਅਤ ਦਾ ਖ਼ਾਕਾ ਚਿਤਰਨ੍ਹ ਦੀ ਕੋਸ਼ਿਸ਼ ਕੀਤੀ ਹੈ।

ਸਰਦਾਰ ਨਰੈਣ ਸਿੰਘ ਦੇ ਜੀਵਨ ਵਿਚਲੀਆਂ ਵਿਸ਼ੇਸ਼ ਘਟਨਾਵਾਂ ਸੰਬੰਧੀ ਜਾਣਕਾਰੀ ਪ੍ਰਾਪਤ ਕਰਨ ਦੀ ਹਾਲਤ ਵਿਚ ਲਿਖਤੀ ਸੋਮਿਆਂ ਤੋਂ ਇਲਾਵਾ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਤੋਂ ਵੀ ਸਹਾਇਤਾ ਲਈ ਗਈ ਹੈ।

---

2. ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.), ਡਾ. ਗੰਡਾ ਸਿੰਘ (ਸੋਧਕ), *ਪੰਜਾਬੀ ਪ੍ਰਕਾਸ਼ਨਾਂ ਦੀ ਸੂਚੀ* (ਭਾਗ-੧), ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1957, ਪੰਨੇ 562-69.
3. *Who's Who : Punjab Freedom Fighters* (Vol. II), Punjabi University, Patiala, 1991, pp. 257-68.
4. *ਪੰਜਾਬੀ ਪ੍ਰਕਾਸ਼ਨਾਂ ਦੀ ਸੂਚੀ*, ਪੂਰਵ ਅੰਕਤ, ਪੰਨਾ 568

ਅਧਿਆਇ ਵਿਚ ਸਮੁਚੀ ਤਥ-ਮੂਲਕ ਸਮਗਰੀ ਸਰਦਾਰ ਨਰੈਣ ਸਿੰਘ ਦੀ ਰਚਨਾ *ਮੇਰਾ ਜੀਵਨ ਪੰਧ ਤੇ ਸਾਹਿਤ ਰੁਚੀ* 'ਚੋਂ ਲਈ ਗਈ ਹੈ।

ਦੂਜੇ ਅਧਿਆਇ ਵਿਚ ਸਰਦਾਰ ਨਰੈਣ ਸਿੰਘ ਦੀਆਂ ਰਚਨਾਵਾਂ ਬਾਰੇ ਉਲੇਖ ਹੈ। ਉਨ੍ਹਾਂ ਦੀਆਂ ਸਮੁਚੀਆਂ ਰਚਨਾਵਾਂ ਤੋਂ ਪਤਾ ਚਲਦਾ ਹੈ ਕਿ ਉਹ 'ਸਿਰਜਣਾਤਮਕ ਵਿਆਖਿਆ' ਵੰਨਗੀ ਦੇ ਮਹਾਨ ਸਾਹਿਤਕਾਰ ਸਨ, ਜਿਨ੍ਹਾਂ ਦੀ ਵਾਰਤਕ ਲੇਖਣੀ ਤੇ ਵਿਸ਼ੇ-ਵਸਤੂ ਦਾ ਆਪਣਾ ਹੀ ਨਿਰਾਲਾ ਢੰਗ ਸੀ। ਉਨ੍ਹਾਂ ਦੀਆਂ ਰਚਨਾਵਾਂ ਦੀ ਕਾਲ ਕ੍ਰਮਾਨੁਸਾਰ ਸੂਚੀ ਦੇਣ ਦੇ ਨਾਲ-ਨਾਲ ਉਨ੍ਹਾਂ ਦੁਆਰਾ ਲਿਖੇ ਟ੍ਰੈਕਟਾਂ ਦੀ ਸੂਚੀ ਵੀ ਦਿਤੀ ਹੈ। ਇਨ੍ਹਾਂ ਵਿਚਲੇ ਕਈ ਟ੍ਰੈਕਟ ਪੁਨਰ ਪ੍ਰਕਾਸ਼ਿਤ ਵੀ ਹੋਏ ਹਨ। ਜਿਨ੍ਹਾਂ ਟ੍ਰੈਕਟਾਂ ਨੂੰ ਮਿਸ਼ਨ-ਸੀਰੀਜ਼ ਦਾ ਨਵਾਂ ਨੰਬਰ ਦਿਤਾ ਗਿਆ ਹੈ, ਉਨ੍ਹਾਂ ਨੂੰ ਸੂਚੀ ਵਿਚ ਸ਼ਾਮਿਲ ਨਹੀਂ ਕੀਤਾ ਗਿਆ। ਇਸ ਦੇ ਨਾਲ ਹੀ ਉਨ੍ਹਾਂ ਦੇ ਕੁਝ ਅਜਿਹੇ ਲੇਖਾਂ ਦੀ ਸੂਚੀ ਵੀ ਪਹਿਲੀ ਵਾਰ ਸ਼ਾਮਿਲ ਕੀਤੀ ਗਈ ਹੈ ਜਿਹੜੇ ਵਖੋ-ਵਖ ਮਾਸਿਕ/ਰੋਜ਼ਾਨਾ ਰਸਾਲਿਆਂ/ਪਤ੍ਰਿਕਾਵਾਂ ਵਿਚ ਛਪਦੇ ਰਹੇ। ਉਪਰੰਤ ਇਨ੍ਹਾਂ ਰਚਨਾਵਾਂ ਦਾ ਨਿਸ਼ਚਿਤ ਢੰਗ ਨਾਲ ਵਰਗੀਕਰਨ- ਸਿਧਾਂਤਕ, ਇਤਿਹਾਸਕ, ਰਾਜਨੀਤਕ ਅਤੇ ਸਾਹਿਤਕ, ਚਾਰ ਭਾਗਾਂ ਵਿਚ ਕਰਕੇ ਮੁਢਲੀ ਜਾਣ-ਪਛਾਣ ਕਰਨ ਹਿਤ ਆਲੋਚਨਾਤਮਕ ਅਤੇ ਵਿਵਰਣਾਤਮਕ ਸਰਵੇਖਣ ਕੀਤਾ ਹੈ। ਅੰਤ ਵਿਚ ਸਰਦਾਰ ਨਰੈਣ ਸਿੰਘ ਦੀ ਸਾਹਿਤਕ ਸ਼ੈਲੀ ਦਾ ਵੀ ਸੰਖੇਪ ਉਲੇਖ ਹੈ।

ਤੀਜੇ ਅਧਿਆਇ ਵਿਚ ਸਰਦਾਰ ਨਰੈਣ ਸਿੰਘ ਦੀ ਦੇਣ ਬਾਰੇ ਚਰਚਾ ਹੈ। ਉਨ੍ਹਾਂ ਦੁਆਰਾ ਨਿਭਾਈ ਭੂਮਿਕਾ ਨੂੰ ਤਿੰਨ ਹਿਸਿਆਂ ਵਿਚ ਵੰਡਿਆ ਹੈ- ਵਿਦਿਅਕ, ਸਮਾਜਿਕ ਅਤੇ ਧਾਰਮਿਕ। ਵਿਦਿਅਕ ਖੇਤਰ ਵਿਚ ਉਨ੍ਹਾਂ ਦੁਆਰਾ ਸਿਧੇ ਜਾਂ ਅਸਿਧੇ ਤੌਰ 'ਤੇ ਖੋਲ੍ਹੇ ਗਏ ਸਕੂਲ/ਕਾਲਜਾਂ ਦੀ ਪ੍ਰਾਪਤ ਜਾਣਕਾਰੀ ਮੁਹਈਆ ਕਰਵਾਈ ਹੈ। ਸਮਾਜਿਕ ਖੇਤਰ ਵਿਚ ਉਨ੍ਹਾਂ ਦੁਆਰਾ ਪਛੜੀਆਂ ਸ਼੍ਰੇਣੀਆਂ ਨਾਲ ਸੰਬੰਧਿਤ ਲੋਕਾਂ ਦਾ ਜੀਵਨ ਪੱਧਰ ਉਚਾ ਚੁਕਣ ਵਿਚ ਨਿਭਾਈ ਭੂਮਿਕਾ ਦਾ ਵਰਨਣ ਹੈ। ਇਸੇ ਤਰ੍ਹਾਂ ਧਾਰਮਿਕ ਖੇਤਰ ਵਿਚ ਉਨ੍ਹਾਂ ਦੀ ਦੇਣ ਦਾ ਜ਼ਿਕਰ ਵੀ ਕੀਤਾ ਹੈ। ਖਾਸ ਕਰ, ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ ਦੀ ਸਥਾਪਨਾ ਤੇ ਚਲਾਉਣ ਵਿਚ ਉਨ੍ਹਾਂ ਦੁਆਰਾ ਨਿਭਾਈ ਭੂਮਿਕਾ ਦੀ ਵੀ ਜਾਣਕਾਰੀ ਦਿਤੀ ਹੈ।

ਪਾਠਕਾਂ ਦੇ ਧਿਆਨ ਹਿਤ ਹੈ ਕਿ ਸਰਦਾਰ ਨਰੈਣ ਸਿੰਘ ਦੁਆਰਾ ਸ਼ੁਰੂ ਕੀਤਾ ਗੁਰੂ ਨਾਨਕ ਦੇਵ ਮਿਸ਼ਨ ਵਰਤਮਾਨ ਸਮੇਂ (2011) ਵਿਚ ਵੀ ਚਲ ਰਿਹਾ ਹੈ। ਇਸ ਮਿਸ਼ਨ ਨੇ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਵਿਚ ਅਹਿਮ ਯੋਗਦਾਨ ਪਾਇਆ ਹੈ।

ਅੰਤ ਵਿਚ ਸਾਰ, ਅੰਤਿਕਾਵਾਂ ਅਤੇ ਪੁਸਤਕ ਸੂਚੀ ਦਿਤੀ ਗਈ ਹੈ।

IV

ਮੇਰੇ ਇਸ ਨਿਕੇ ਜਿਹੇ ਉਪਰਾਲੇ ਰਾਹੀਂ ਪਹਿਲੀ ਵਾਰ ਸਰਦਾਰ ਨਰੈਣ ਸਿੰਘ ਨੂੰ ਅਕਾਦਮਿਕ ਪੱਧਰ 'ਤੇ ਵਿਚਾਰਿਆ ਗਿਆ ਹੈ। ਹਥਲੀ ਪੁਸਤਕ ਵਿਚ ਉਸ

ਮਹਾਨ ਸ਼ਖ਼ਸੀਅਤ ਦਾ ਅਕਾਦਮਿਕ ਮੁਲ ਪਾਉਣ ਦੇ ਜਤਨ ਨਾਲ, ਉਨ੍ਹਾਂ ਦੇ ਖੇਤਰ ਦਾ ਮੁਲਾਂਕਣ ਕਰਨ ਦੀ ਵੀ ਕੋਸ਼ਿਸ਼ ਕੀਤੀ ਗਈ ਹੈ।

ਪੁਸਤਕ ਰਾਹੀਂ ਅਸੀਂ ਜਾਣਾਂਗੇ ਕਿ ਸਰਦਾਰ ਨਰੈਣ ਸਿੰਘ ਕਿੰਨੇ ਮਹਾਨ ਵਿਅਕਤੀ ਸਨ, ਜਿਨ੍ਹਾਂ ਆਪਣਾ ਸਮੁਚਾ ਜੀਵਨ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਨਮਿਤ ਲੰਘਾਇਆ। ਉਨ੍ਹਾਂ ਦੀ ਵਡਮੁਲੀ ਦੇਣ ਪੁਸਤਕ ਰਾਹੀਂ ਗੁੰਮਨਾਮੀ ਦੇ ਹਨ੍ਹੇਰੇ ਵਿਚੋਂ ਕਢ ਕੇ ਪਾਠਕਾਂ ਸਾਹਮਣੇ ਪੇਸ਼ ਕੀਤੀ ਗਈ ਹੈ।

ਆਸ ਹੈ ਕਿ ਪੁਸਤਕ ਰਾਹੀਂ ਅਜਿਹੇ ਹੋਰ ਹੀਰੇ ਤਲਾਸ਼ਣ ਦੀ ਜਾਗ ਵੀ ਲਗੇਗੀ। ਇਸ ਨਾਲ ਪੰਜਾਬੀ ਸਾਹਿਤ ਵਿਚ ਹੋਏ ਵਾਧੇ ਦਾ ਵੀ ਪਤਾ ਚਲੇਗਾ, ਕਿਉਂਕਿ ਸਰਦਾਰ ਨਰੈਣ ਸਿੰਘ ਦੀਆਂ ਲਿਖਤਾਂ ਨੂੰ ਕਈ ਉਘੇ-ਵਿਦਵਾਨਾਂ ਨੇ ਹਵਾਲੇ ਵਜੋਂ ਵਰਤਿਆ ਹੈ।[5]

ਸਰਦਾਰ ਨਰੈਣ ਸਿੰਘ ਪਹਿਲੇ ਅਜਿਹੇ ਵਿਅਕਤੀ ਸਨ, ਜਿਨ੍ਹਾਂ ਨੇ ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦੀ ਸਾਕੇ ਦੇ ਅੱਖੀਂ ਡਿਠੇ ਦ੍ਰਿਸ਼ ਨੂੰ ਲਿਖਤੀ ਰੂਪ ਦਿਤਾ। ਇਤਿਹਾਸਕ ਖੋਜੀਆਂ ਲਈ ਉਹ ਸਦਾ ਰਾਹ ਦਸੇਰਾ ਜਾਂ ਹਵਾਲਾ ਸਰੋਤ ਬਣੇ ਰਹਿਣਗੇ।

ਪੁਸਤਕ ਰਾਹੀਂ ਸਰਦਾਰ ਨਰੈਣ ਸਿੰਘ ਨੂੰ ਇਕ ਆਦਰਸ਼ ਰੂਪ ਵਿਚ ਸਾਹਮਣੇ ਲਿਆਉਣ ਦਾ ਜਤਨ ਕੀਤਾ ਹੈ, ਜਿਨ੍ਹਾਂ ਅਜਿਹੇ ਸਮਿਆਂ ਵਿਚ ਕੰਮ ਕੀਤੇ ਜਦੋਂ ਕਿਸੇ ਵੀ ਤਰ੍ਹਾਂ ਦੇ ਸਾਧਨ ਮੌਜੂਦ ਨਹੀਂ ਸਨ, ਨਾ ਹੀ ਕੋਈ ਜਤਨਾਂ ਦਾ ਕੇਂਦਰੀਕਰਨ ਸੀ। ਪਰੰਤੂ ਫਿਰ ਵੀ ਉਨ੍ਹਾਂ ਨੇ ਗੁਰੂ ਗ੍ਰੰਥ-ਪੰਥ ਦੇ ਪਿਆਰ ਤੇ ਸੇਵਾ ਨੂੰ ਮੁਖ ਰਖਦੇ ਹੋਏ ਨਿਜੀ ਸੁਆਰਥਾਂ ਤੋਂ ਉਪਰ ਉਠ ਕੇ ਅਜਿਹੇ ਕੰਮ ਕੀਤੇ।

ਸਰਦਾਰ ਨਰੈਣ ਸਿੰਘ ਦੁਆਰਾ ਕੀਤੇ ਕੰਮਾਂ ਦੀ ਐਨੀ ਮਹਤਤਾ ਹੁੰਦੇ ਹੋਏ ਵੀ ਇਨ੍ਹਾਂ ਬਾਰੇ ਕਿਸੇ ਵਿਦਵਾਨ ਨੇ ਅਜ ਤਕ ਕੋਈ ਜ਼ਿਕਰ ਨਹੀਂ ਕੀਤਾ। ਦਿਲਚਸਪ ਤਥ ਇਹ ਹੈ ਕਿ *ਸਿੱਖ ਪੰਥ ਵਿਸ਼ਵਕੋਸ਼*[6] ਅਤੇ *ਸਿੱਖ ਵਿਸ਼ਵਕੋਸ਼*[7] ਵਿਚ ਵੀ ਇਨ੍ਹਾਂ ਬਾਰੇ ਕੋਈ ਟਿਪਣੀ ਨਹੀਂ ਮਿਲਦੀ।

V

ਪੁਸਤਕ ਲਿਖਦਿਆਂ ਮੈਂ ਆਪਣੀ ਨਿਜੀ ਰੁਚੀ ਸਰਦਾਰ ਨਰੈਣ ਸਿੰਘ ਦੀ ਵਿਚਾਰਧਾਰਾ 'ਤੇ ਭਾਰੂ ਨਹੀਂ ਹੋਣ ਦਿਤੀ। ਉਨ੍ਹਾਂ ਦੀਆਂ ਮੂਲ ਲਿਖਤਾਂ 'ਚੋਂ ਹਵਾਲੇ

---

5. ਵੇਖੋ : ਜਗਜੀਵਨ ਮੋਹਨ ਵਾਲੀਆ, *ਕਰਤਾਰ ਸਿੰਘ ਝੱਬਰ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1991; ਬਲਦੇਵ ਸਿੰਘ ਸੰਧੂ, *ਸੁਖਮਨੀ ਸਾਹਿਬ ਸਟੀਕ*, ਮਨਜੀਤ ਪ੍ਰਿਟਿੰਗ ਐਂਡ ਪਬਲਿਸ਼ਿੰਗ ਕੰਪਨੀ, ਚੰਡੀਗੜ੍ਹ, 1994 ; ਭਾਈ ਅਰਦਮਨ ਸਿੰਘ ਬਾਗੜੀਆਂ, *One Guru One Movement*, ਟ੍ਰੈਕਟ ਨੰ. 261, ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ, (ਮਿਤੀਹੀਣ)।
6. ਰਤਨ ਸਿੰਘ ਜੱਗੀ (ਡਾ.) (ਸੰਪਾ.), *ਸਿੱਖ ਪੰਥ ਵਿਸ਼ਵਕੋਸ਼* (ਦੋ ਭਾਗ), ਗੁਰ ਰਤਨ ਪਬਲਿਸ਼ਰਜ਼, ਪਟਿਆਲਾ, 2005.
7. Harbans Singh (ed.). *The Encyclopaedia of Sikhism* (4 Vols.), Punjabi University, Patiala, 1992.

ਉਧਰਿਤ ਕਰਦਿਆਂ ਮੈਂ ਕੋਈ ਛੇੜ-ਛਾੜ ਨਹੀਂ ਕੀਤੀ, ਸ਼ਬਦ-ਜੋੜਾਂ ਨੂੰ 'ਜਿਉਂ ਦਾ ਤਿਉਂ' ਹੀ ਬਰਕਰਾਰ ਰਖਿਆ ਹੈ। ਉਨ੍ਹਾਂ ਦੇ ਜੀਵਨ, ਪ੍ਰਾਪਤੀਆਂ ਅਤੇ ਲਿਖਤਾਂ ਨੂੰ ਇਤਿਹਾਸਕ ਕਾਲਕ੍ਰਮ ਵਿਚ ਰਖ ਕੇ ਵਾਚਿਆ ਹੈ। ਲੋੜ, ਸਥਿਤੀ ਜਾਂ ਪ੍ਰਸੰਗ ਅਨੁਸਾਰ ਕੁਝ ਮਹਤਵਪੂਰਨ ਜਾਪਦੀਆਂ ਘਟਨਾਵਾਂ ਜਾਂ ਸੰਕਲਪਾਂ ਆਦਿ ਨੂੰ ਹੋਰ ਪ੍ਰਮਾਣਿਤ ਲਿਖਤਾਂ ਦੇ ਹਵਾਲੇ ਨਾਲ ਫੁਟ ਨੋਟਾਂ ਵਿਚ ਸਪਸ਼ਟ ਕੀਤਾ ਹੈ।[8]

ਸਰਦਾਰ ਨਰੈਣ ਸਿੰਘ ਦੁਆਰਾ ਆਪਣੀਆਂ ਲਿਖਤਾਂ ਵਿਚ ਵਰਤੇ ਗੁਰਬਾਣੀ ਦੇ ਹਵਾਲਿਆਂ ਨੂੰ ਮੂਲ ਨਾਲ ਦੁਬਾਰਾ ਸੋਧਿਆ ਹੈ, ਕਿਉਂਕਿ ਉਨ੍ਹਾਂ ਕੋਲੋਂ ਗੁਰਬਾਣੀ ਹਵਾਲਿਆਂ ਵਿਚ ਪਰੂਫ ਦੀਆਂ ਉਕਾਈਆਂ ਅਕਸਰ ਰਹੀਆਂ ਹਨ। ਇਸ ਤੋਂ ਇਲਾਵਾ ਉਨ੍ਹਾਂ ਨੇ ਜਿਹੜੇ ਹੋਰ ਇਤਿਹਾਸਕ ਗ੍ਰੰਥਾਂ 'ਚੋਂ ਆਪਣੀਆਂ ਲਿਖਤਾਂ 'ਚ ਹਵਾਲੇ ਲਏ ਹਨ, ਪਰ ਉਨ੍ਹਾਂ ਦੀ ਕੋਈ ਸੂਚਨਾ ਨਹੀਂ ਦਿਤੀ, ਵਾਹ ਲਗਦੀ ਉਹ ਸੂਚਨਾ ਵੀ ਦਿਤੀ ਹੈ।[9] ਕਿਤੇ-ਕਿਤੇ ਲੋੜ ਅਨੁਸਾਰ ਪ੍ਰਸੰਗ ਨੂੰ ਵਧੇਰੇ ਸਪਸ਼ਟ ਕਰਨ ਲਈ ਆਪਣੇ ਵਲੋਂ ਢੁਕਵੇਂ ਹਵਾਲੇ ਦਿਤੇ ਹਨ।[10]

ਅੰਤ ਵਿਚ ਮੇਰਾ ਵਿਸ਼ਵਾਸ ਹੈ ਕਿ ਇਹ ਪੁਸਤਕ ਜਿਥੇ ਸਰਦਾਰ ਨਰੈਣ ਸਿੰਘ ਦੁਆਰਾ ਕੀਤੇ ਕੰਮਾਂ ਦਾ ਕੁਝ ਕਿਣਕਾ ਮਾਤਰ ਮੁਲ ਪਾਵੇਗੀ, ਉਥੇ ਹੋਰਾਂ ਨਵੇਂ ਖੋਜਾਰਥੀਆਂ ਲਈ ਕੁਝ ਚਿਣਗ ਪੈਦਾ ਕਰੇਗੀ ਅਤੇ ਅਜਿਹੇ ਅਨੇਕਾਂ ਲੁਕੇ ਜਾਂ ਅਤੀਤ ਦੇ ਪੰਨਿਆਂ ਵਿਚ ਗਵਾਚੇ 'ਨਰੈਣ ਸਿੰਘਾਂ' ਨੂੰ ਇਤਿਹਾਸ ਵਿਚ ਬਣਦੀ ਥਾਂ ਦਿਵਾਵੇਗੀ।

ਇਹ ਸਮੁਚਾ ਕਾਰਜ ਵਾਹਿਗੁਰੂ ਦੀ ਬਖਸ਼ਿਸ਼ ਨਾਲ ਨੇਪਰੇ ਚੜ੍ਹਿਆ ਹੈ। ਮੈਂ ਅਤਿ ਧੰਨਵਾਦੀ ਹਾਂ ਅਮਰੀਕਾ ਨਿਵਾਸੀ ਸ. ਜਤਿੰਦਰ ਸਿੰਘ ਹੁੰਦਲ ਦਾ, ਜਿਨ੍ਹਾਂ ਨੇ ਬਿਨਾ ਕਿਸੇ ਨਿਜੀ ਸਵਾਰਥ ਦੇ ਪੁਸਤਕ ਦੀ ਛਪਾਈ ਲਈ ਲੋੜੀਂਦੀ ਆਰਥਿਕ ਮਦਦ ਕੀਤੀ। ਉਨ੍ਹਾਂ ਦੀ ਇਹ ਦਿਲੀ ਇਛਾ ਹੈ ਕਿ ਸਰਦਾਰ ਨਰੈਣ ਸਿੰਘ ਵਰਗੇ ਹੋਰ ਵਿਦਵਾਨ ਗੁੰਮਨਾਮੀ ਦੇ ਹਨੇਰੇ ਵਿਚੋਂ ਨਿਕਲ ਕੇ ਪਾਠਕਾਂ ਦੇ ਸਾਹਮਣੇ ਆਉਣ। ਮੇਰੇ ਪਥ-ਪ੍ਰਦਰਸ਼ਕ ਡਾ. ਦਰਸ਼ਨ ਸਿੰਘ ਜੀ (ਸਾਬਕਾ ਪ੍ਰੋਫੈਸਰ, ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ), ਜਿਨ੍ਹਾਂ ਨੇ ਮੈਨੂੰ ਪੈਰ-ਪੈਰ 'ਤੇ ਯੋਗ ਅਗਵਾਈ ਦਿਤੀ, ਦਾ ਵੀ ਮੈਂ ਦਿਲੋਂ ਰਿਣੀ ਹਾਂ। ਵਿਸ਼ੇਸ਼ ਧੰਨਵਾਦ ਦੇ ਪਾਤਰ ਹਨ ਮੇਰੇ ਮਿਤਰ ਡਾ. ਗੁਰਮੇਲ ਸਿੰਘ (ਲੈਕਚਰਾਰ, ਗੁਰੂ ਗ੍ਰੰਥ ਸਾਹਿਬ

---

8. ਮਿਸਾਲ ਵਜੋਂ, ਪਹਿਲੇ ਅਧਿਆਇ ਦੇ ਪੰਨਾ 6 'ਤੇ ਨਨਕਾਣਾ ਸਾਹਿਬ ਦੇ ਸ਼ਹੀਦੀ ਸਾਕੇ ਦੀ ਮਿਤੀ ਸੰਬੰਧੀ ਵਿਚਾਰ ਕੀਤੀ ਹੈ। ਇਸ ਦੀ ਪੁਸ਼ਟੀ ਲਈ ਡਾ. ਰਤਨ ਸਿੰਘ ਜੱਗੀ ਅਤੇ ਭਾਈ ਮੋਹਨ ਸਿੰਘ ਵੈਦ ਦੀਆਂ ਰਚਨਾਵਾਂ ਨੂੰ ਆਧਾਰ ਬਣਾਇਆ ਗਿਆ ਹੈ।

9. ਮਿਸਾਲ ਵਜੋਂ, ਦੂਜੇ ਅਧਿਆਇ ਦੇ ਪੰਨਾ 57 'ਤੇ ਭਾਈ ਗੁਰਦਾਸ ਜੀ ਦੇ ਹਵਾਲੇ ਨਾਲ ਆਪਣੀ ਗੱਲ ਸਪਸ਼ਟ ਕੀਤੀ ਹੈ, ਪਰੰਤੂ ਇਹ ਹਵਾਲਾ ਕਿਸ ਵਾਰ/ਪਉੜੀ 'ਚੋਂ ਲਿਆ ਹੈ, ਇਸ ਦਾ ਜ਼ਿਕਰ ਨਹੀਂ ਕੀਤਾ। ਇਥੇ ਅਸੀਂ ਇਹ ਹਵਾਲਾ ਵੀ ਨਾਲੋ-ਨਾਲ ਦਿਤਾ ਹੈ।

10. ਮਿਸਾਲ ਵਜੋਂ, ਦੂਜੇ ਅਧਿਆਇ ਦੇ ਪੰਨਾ 73 'ਤੇ 'ਮੋਰਚਾ ਗੁਰੂ ਕਾ ਬਾਗ' ਦੇ ਅੱਖੀਂ ਡਿਠੇ ਹਾਲਾਤ ਪੇਸ਼ ਕਰਨ ਵਾਲੇ ਅੰਗਰੇਜ਼ ਮਿਸ਼ਨਰੀ C.F. Andrews ਨੂੰ ਵੀ ਅੰਕਿਤ ਕੀਤਾ ਗਿਆ ਹੈ।

ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ), ਜਿਨ੍ਹਾਂ ਨੇ ਨਾ ਕੇਵਲ ਮੈਨੂੰ ਸਰਦਾਰ ਨਰੈਣ ਸਿੰਘ ਬਾਰੇ ਲਿਖਣ ਲਈ ਪ੍ਰੇਰਿਆ ਬਲਕਿ ਆਪਣੀਆਂ ਵਡਮੁਲੀਆਂ ਸਲਾਹਾਂ ਵੀ ਦਿਤੀਆਂ।

ਪਹਿਲੀ ਪੁਸਤਕ ਹੋਣ ਕਾਰਨ ਅਨੇਕਾਂ ਤਰੁਟੀਆਂ ਹੋਣੀਆਂ ਸੁਭਾਵਿਕ ਹਨ, ਇਸ ਲਈ ਸਾਰੀਆਂ ਘਾਟਾਂ ਅਤੇ ਊਣਤਾਈਆਂ ਲਈ ਮੈਂ ਪਾਠਕਾਂ ਪਾਸੋਂ ਖਿਮਾ ਦਾ ਜਾਚਕ ਹਾਂ। ਆਸ ਹੈ ਪਾਠਕ ਇਸ ਨਿਮਾਣੇ ਜਿਹੇ ਜਤਨ ਨੂੰ ਪ੍ਰਵਾਨ ਕਰਦੇ ਹੋਏ ਆਪਣੇ ਕੀਮਤੀ ਸੁਝਾਅ ਦੇ ਕੇ ਅਗੇ ਤੋਂ ਵਧੇਰੇ ਕੰਮ ਕਰਨ ਦੀ ਹੌਸਲਾ-ਅਫਜ਼ਾਈ ਕਰਨਗੇ।

ਮਾਰਚ, 2011

ਤੇਜਿੰਦਰ ਪਾਲ ਸਿੰਘ
ਪਟਿਆਲਾ।

1

ਸਰਦਾਰ ਨਰੈਣ ਸਿੰਘ ਦਾ ਜੀਵਨ

ਸੰਸਾਰ ਵਿਚ ਕੁਝ ਅਜਿਹੇ ਮਨੁਖ ਆਉਂਦੇ ਹਨ ਜਿਹੜੇ ਆਪਣੀ ਉਚ ਕਰਣੀ ਰਾਹੀਂ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਤੇ ਆਪਣੀਆਂ ਅਭੁਲ ਯਾਦਾਂ ਛਡ ਜਾਂਦੇ ਹਨ। ਸਿੱਖ ਇਤਿਹਾਸ ਅਜਿਹੇ ਮਨੁਖਾਂ ਦੀ ਦਾਸਤਾਨ ਨਾਲ ਭਰਿਆ ਪਿਆ ਹੈ। ਇਨ੍ਹਾਂ ਵਿਚ ਮਹਾਂਪੁਰਖ, ਸੰਤ, ਮਹਾਤਮਾ, ਵਿਦਵਾਨ, ਸੂਰਮੇ, ਦਾਨੀ, ਆਦਿ ਅਨੇਕਾਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ। ਵੀਹਵੀਂ ਸਦੀ ਦੇ ਮੁਢਲੇ ਦਹਾਕੇ ਵਿਚ ਅਜਿਹੇ ਅਨੇਕਾਂ ਸਤਿਕਾਰਤ ਪੁਰਸ਼ ਪੈਦਾ ਹੋਏ, ਜਿਨ੍ਹਾਂ ਇਤਿਹਾਸ ਦੇ ਸਫਿਆਂ 'ਤੇ ਡੂੰਘੀਆਂ ਪੈੜਾਂ ਛਡੀਆਂ। ਇਨ੍ਹਾਂ ਵਿਚੋਂ ਸਰਦਾਰ ਨਰੈਣ ਸਿੰਘ ਇਕ ਅਜਿਹੀ ਵਿਲਖਣ ਸ਼ਖ਼ਸੀਅਤ ਦਾ ਨਾਂ ਹੈ ਜਿਸ ਦਾ ਜ਼ਿਕਰ ਭਾਵੇਂ ਅਕਾਦਮਿਕ ਜਗਤ ਵਿਚ ਤਾਂ ਬਹੁਤਾ ਜਾਣਿਆ-ਪਛਾਣਿਆ ਨਹੀਂ, ਪਰ ਸਿੱਖ ਪੰਥ ਦੇ ਪ੍ਰਚਾਰ ਤੇ ਪ੍ਰਸਾਰ ਵਿਚ ਨਿਭਾਈ ਭੂਮਿਕਾ ਸਦਕਾ ਇਨ੍ਹਾਂ ਨੇ ਸਿੱਖ ਇਤਿਹਾਸ ਦੇ ਵਰਕਿਆਂ 'ਤੇ ਆਪਣੇ ਲਈ ਨਿਵੇਕਲੀ ਥਾਂ ਬਣਾਈ ਹੈ।

ਸਰਦਾਰ ਨਰੈਣ ਸਿੰਘ ਦੇ ਵਡ-ਵਡੇਰੇ ਲਾਹੌਰ ਜਿਲ੍ਹੇ ਦੇ ਚੂਣੀਆਂ ਤਹਿਸੀਲ (ਹੁਣ ਪਾਕਿਸਤਾਨ) ਦੇ ਵਸਨੀਕ ਸਨ। ਉਨ੍ਹਾਂ ਨੇ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਵਿਚ ਨੌਕਰੀ ਕੀਤੀ ਹੋਈ ਸੀ। ਨਵਾਬ ਚੂਣੀਆਂ ਮਹਾਰਾਜਾ ਰਣਜੀਤ ਸਿੰਘ ਦਾ ਵਿਰੋਧੀ ਹੋਣ ਕਾਰਨ ਨਹੀਂ ਸੀ ਚਾਹੁੰਦਾ ਕਿ ਉਸ ਦੇ ਇਲਾਕੇ ਵਿਚ ਵਸਣ ਵਾਲੇ ਸਿੱਖ ਮਹਾਰਾਜੇ ਦੀ ਫ਼ੌਜ ਵਿਚ ਭਰਤੀ ਹੋਣ। ਨਵਾਬ ਦੀ ਐਸੀ ਭਾਵਨਾ ਨੂੰ ਜਾਣ ਕੇ ਸਰਦਾਰ ਨਰੈਣ ਸਿੰਘ ਦੇ ਬਜ਼ੁਰਗ ਉਥੋਂ ਮੋਲਲ ਰਿਆਸਤ ਵਿਚ ਚਲੇ ਗਏ, ਪਰ ਨਵਾਬ ਇਨ੍ਹਾਂ ਸਿੱਖ ਪਰਿਵਾਰਾਂ ਦਾ ਸਹਿਯੋਗ ਤੇ ਸਹਾਇਤਾ ਹਥੋਂ ਗਵਾਉਣਾ ਨਹੀਂ ਸੀ ਚਾਹੁੰਦਾ। ਇਸ ਲਈ ਉਸ ਨੇ ਇਨ੍ਹਾਂ ਬਜ਼ੁਰਗਾਂ ਨੂੰ ਉਥੋਂ ਵਾਪਿਸ ਮੋੜ ਲਿਆਂਦਾ ਅਤੇ ਉਨ੍ਹਾਂ ਦੀ ਮਰਜ਼ੀ ਅਨੁਸਾਰ ਚੂਣੀਆਂ ਤਹਿਸੀਲ ਦੇ ਧਿੰਗਸ਼ਾਹ ਪਿੰਡ ਵਿਚ ਵਸਾ ਦਿਤਾ। ਇਥੇ ਉਹ ਲਗਪਗ ਛੇ-ਸਤ ਪੀੜ੍ਹੀਆਂ ਤਕ ਰਹੇ।

ਸਰਦਾਰ ਨਰੈਣ ਸਿੰਘ ਦੇ ਨਾਨਾ ਸ. ਜਵੰਦ ਸਿੰਘ ਜੀ ਦੇ ਬਹਿੜਵਾਲੀਏ ਸਰਦਾਰਾਂ ਨਾਲ ਬਹੁਤ ਨਜ਼ਦੀਕੀ ਸੰਬੰਧ ਸਨ। ਸੰਨ 1870-71 ਈ. ਵਿਚ ਆਪ ਦੇ ਬਜ਼ੁਰਗ ਆਪਣੇ ਹੋਰ ਰਿਸ਼ਤੇਦਾਰਾਂ ਸਮੇਤ ਲਾਹੌਰ ਤੋਂ ਮੁਲਤਾਨ ਜਾਂਦੀ ਕੱਖਾਂ ਵਾਲੀ ਸੜਕ (ਮੁਲਤਾਨ ਤੋਂ ਕੋਈ 25 ਕੁ ਮੀਲ ਦੇ ਫਾਸਲੇ) 'ਤੇ ਜਾ ਵਸੇ, ਜਿਥੇ

ਇਨ੍ਹਾਂ ਦੇ ਨਾਨਾ ਜੀ ਨੇ ਆਪਣੇ ਨਾਂ 'ਤੇ ਜਵੰਦ ਸਿੰਘ ਵਾਲਾ ਅਤੇ ਨਰੈਣ ਸਿੰਘ ਦੇ ਪਿਤਾ ਦੇ ਨਾਂ 'ਤੇ ਬੂਟਾ ਸਿੰਘ ਵਾਲਾ ਨਗਰ ਵਸਾਏ।

ਇਥੇ ਹੀ ਨਰੈਣ ਸਿੰਘ ਦਾ ਜਨਮ ਸ. ਬੂਟਾ ਸਿੰਘ ਦੇ ਘਰ 26 ਨਵੰਬਰ, 1901 ਈ. ਨੂੰ ਹੋਇਆ। ਮਾਤਾ ਮਿਲਾਪ ਕੌਰ ਨੇ ਆਪ ਨੂੰ ਬੜੇ ਹੀ ਨਿਘੇ ਚਾਵਾਂ ਤੇ ਲਾਡਾਂ ਨਾਲ ਪਾਲਿਆ। ਉਸ ਸਮੇਂ ਆਪ ਦੇ ਘਰ ਦੀ ਹਾਲਤ ਕੁਝ ਸੁਖਾਵੀਂ ਨਹੀਂ ਸੀ। ਅੰਗਰੇਜ਼ ਰਾਜ ਹੋਣ ਕਾਰਨ ਸਰਕਾਰ ਦਾ ਸਲੂਕ ਸਿੱਖਾਂ ਨਾਲ ਬਹੁਤਾ ਵਧੀਆ ਨਹੀਂ ਸੀ। ਸਰਕਾਰ ਨੇ ਸਿੱਖ ਸਰਦਾਰਾਂ ਤੇ ਹੋਰ ਫ਼ੌਜੀਆਂ ਪਾਸੋਂ, ਜੋ ਇਸ ਤੋਂ ਪਹਿਲੋਂ ਸਿੱਖ ਪਲਟਨਾਂ ਵਿਚ ਭਰਤੀ ਸਨ, ਹਥਿਆਰ ਸੁਟਵਾ ਲਏ ਸਨ।

ਇਸ ਦਾ ਇਕ ਮੁਖ ਕਾਰਨ ਸੀ ਕਿ ਅੰਗਰੇਜ਼ਾਂ ਨੇ ਰਾਜ ਸਿੱਖਾਂ ਪਾਸੋਂ ਹੀ ਲਿਆ ਸੀ ਤੇ ਸਿੱਖ ਉਨ੍ਹਾਂ ਲਈ ਇਕ ਵਡੀ ਚੁਣੌਤੀ ਸਨ। ਅੰਗਰੇਜ਼ਾਂ ਨੂੰ ਸਿੱਖਾਂ 'ਤੇ ਪੂਰੀ ਬੇ-ਵਿਸਾਹੀ ਸੀ, ਕਿਉਂਕਿ ਹਜ਼ਾਰਾਂ ਸਿੱਖ, ਜੋ ਇਸ ਤੋਂ ਪਹਿਲੋਂ ਮਹਾਰਾਜਾ ਰਣਜੀਤ ਸਿੰਘ ਦੀਆਂ ਫ਼ੌਜਾਂ ਵਿਚ ਮੁਲਾਜ਼ਮ ਸਨ, ਬੇਰੁਜ਼ਗਾਰ ਹੋ ਕੇ ਘਰਾਂ 'ਚ ਵਿਹਲੇ ਬੈਠੇ ਸਨ। ਸੰਨ 1857 ਈ. ਦੇ ਗਦਰ ਨੇ ਅੰਗਰੇਜ਼ ਸਰਕਾਰ ਦੀਆਂ ਅੱਖਾਂ ਖੋਲ੍ਹ ਦਿਤੀਆਂ ਸਨ। ਖਾਸ ਕਰ ਪੰਜਾਬ ਦੇ ਸਿੱਖਾਂ ਦਾ ਭੈਅ ਅੰਗਰੇਜ਼ਾਂ ਦੇ ਮਨਾਂ ਅੰਦਰ ਬਹੁਤ ਸੀ। ਉਨ੍ਹਾਂ ਨੂੰ ਹਰ ਸਮੇਂ ਇਹੋ ਖਤਰਾ ਭਾਸਦਾ ਸੀ ਕਿ ਕਿਤੇ ਸਿੱਖ ਮੁੜ ਹਥਿਆਰ ਨਾ ਚੁਕ ਲੈਣ। ਇਸੇ ਡਰ ਤੋਂ ਨਿਜ਼ਾਤ ਪਾਉਣ ਲਈ ਅੰਗਰੇਜ਼ ਸਰਕਾਰ ਨੇ ਸਿੱਖਾਂ ਨੂੰ ਕਿਸੇ ਆਹਰੇ ਲਾਉਣ ਦੇ ਇਰਾਦੇ ਨਾਲ, ਇਨ੍ਹਾਂ ਨੂੰ ਜ਼ਮੀਨਾਂ ਦੇ ਕੇ ਖੇਤੀ ਕਰਨ ਲਈ ਪ੍ਰੇਰਿਆ। ਉਸ ਸਮੇਂ ਇਕੋ ਵਿਹਾਰ, ਜੋ ਫ਼ੌਜੀ ਨੌਕਰੀ ਤੋਂ ਬਾਅਦ ਸਿੱਖ ਕਰ ਸਕਦੇ ਸਨ, ਖੇਤੀ ਹੀ ਸੀ। ਇਸ ਲਈ ਸਿੱਖਾਂ ਨੂੰ ਉਤਸ਼ਾਹਿਤ ਕਰਨ ਲਈ ਅੰਗਰੇਜ਼ਾਂ ਨੇ ਪੁਰਜ਼ੋਰ ਜਤਨ ਕੀਤੇ।

ਪੰਜਾਬ ਦੀ ਬਹੁਤ ਸਾਰੀ ਧਰਤੀ ਗੈਰ-ਆਬਾਦ ਹੋਣ ਕਾਰਨ ਅੰਗਰੇਜ਼ਾਂ ਨੇ ਇਸ ਨੂੰ ਆਬਾਦ ਕਰਨ ਬਾਰੇ ਸੋਚਿਆ, ਜਿਸ ਲਈ ਸਿੱਖਾਂ ਨੂੰ ਇਸ ਕੰਮ 'ਤੇ ਲਗਾਉਣ ਦਾ ਫੈਸਲਾ ਹੋਇਆ। ਖੇਤੀ ਲਈ ਨਹਿਰਾਂ ਬਣਾ ਕੇ ਜ਼ਮੀਨਾਂ ਦੀ ਸਿੰਚਾਈ ਦਾ ਪ੍ਰਬੰਧ ਕਰਨਾ ਅਤਿ ਜ਼ਰੂਰੀ ਸੀ, ਜਿਸ ਤਹਿਤ ਖੁਦਾਈ ਦਾ ਕੰਮ ਆਰੰਭਿਆ ਗਿਆ। ਇਸੇ ਵਿਉਂਤ ਅਧੀਨ ਹੀ ਰਾਵ੍ਹੀ ਦਰਿਆ ਦੇ ਰਾਮ ਚੌਤਰੇ ਨਾਮ ਦੇ ਸਥਾਨ 'ਤੇ ਇਕ ਬੰਨ੍ਹ ਉਸਾਰਿਆ ਗਿਆ। ਇਥੇ ਬਣੀ ਨਹਿਰ ਤਹਿਸੀਲ ਕਬੀਰਵਾਲਾ ਤੇ ਮੁਲਤਾਨ ਦੇ ਕੁਝ ਹਿਸੇ ਨੂੰ ਸਿੰਜ ਸਕਦੀ ਸੀ। ਸੰਨ 1870 ਈ. ਤਕ ਇਸ ਨਹਿਰ ਦੇ ਚਾਲੂ ਹੋ ਜਾਣ 'ਤੇ ਲਾਹੌਰ, ਅੰਮ੍ਰਿਤਸਰ ਤੇ ਗੁਰਦਾਸਪੁਰ ਜਿਲ੍ਹਿਆਂ ਦੇ ਸਿੱਖਾਂ ਨੂੰ ਇਥੇ ਜ਼ਮੀਨਾਂ ਐਲਾਟ ਕਰਵਾਉਣ ਹਿਤ ਪ੍ਰੇਰਿਆ ਗਿਆ। ਹਰੇਕ ਸਿੱਖ ਨੂੰ ਇਕ ਕਿੱਤਾ - ਕਾਸ਼ਤ ਹੋਣ ਯੋਗ ਜ਼ਮੀਨ ਦੇਣ ਦਾ ਐਲਾਨ ਕੀਤਾ ਗਿਆ। ਇਹ ਜ਼ਮੀਨ ਘਟੋ-ਘਟ 90 ਏਕੜ ਦਾ ਪਲਾਟ ਸੀ, ਜਿਸ ਦੀ ਕੀਮਤ 300 ਰੁਪਏ ਸੀ। ਇਹ ਕੀਮਤ ਜ਼ਮੀਨ ਦੇ ਆਬਾਦ ਤੇ ਉਪਜਾਊ ਹੋਣ ਪਿਛੋਂ ਕਈ ਕਿਸ਼ਤਾਂ ਵਿਚ ਮੋੜਨ ਦੀ ਤਜਵੀਜ਼ ਵੀ ਰਖੀ ਗਈ ਸੀ।

ਇਸੇ ਪੇਸ਼ਕਸ਼ ਅਧੀਨ ਸਰਦਾਰ ਨਰੈਣ ਸਿੰਘ ਦੇ ਪਿਤਾ ਕਈ ਹੋਰ ਸਿੱਖਾਂ ਸਮੇਤ ਲਾਹੌਰ, ਅੰਮ੍ਰਿਤਸਰ, ਗੁਰਦਾਸਪੁਰ, ਆਦਿ ਜ਼ਿਲ੍ਹਿਆਂ ਤੋਂ ਚਲ ਕੇ ਮੁਲਤਾਨ (ਹੁਣ ਪਾਕਿਸਤਾਨ) ਜਾ ਵਸੇ। ਉਥੋਂ ਦੇ ਸਥਾਨਕ ਮੁਸਲਮਾਨਾਂ ਦਾ ਇਨ੍ਹਾਂ ਪ੍ਰਤੀ ਰਵਈਆ ਠੀਕ ਨਾ ਹੋਣ ਕਾਰਨ ਇਨ੍ਹਾਂ ਨੂੰ ਲਗਪਗ ਦੋ ਸਾਲ ਤਕ ਕਾਫੀ ਔਕੜਾਂ ਦਾ ਸਾਹਮਣਾ ਕਰਨਾ ਪਿਆ, ਕਿਉਂਕਿ ਉਥੋਂ ਦੇ ਦੁਕਾਨਦਾਰ ਮੁਸਲਮਾਨ ਜ਼ਿਮੀਦਾਰਾਂ ਦੇ ਦਬਾਅ ਹੇਠ ਸਿੱਖਾਂ ਨੂੰ ਆਟਾ, ਲੂਣ, ਤੇਲ ਆਦਿ ਵਰਗੀਆਂ ਜ਼ਰੂਰੀ ਵਰਤੋਂ ਵਾਲੀਆਂ ਚੀਜ਼ਾਂ ਮੁਲ ਵੀ ਨਹੀਂ ਸਨ ਦਿੰਦੇ। ਮੁਢਲੇ ਕੁਝ ਦਿਨ ਤਾਂ ਇਨ੍ਹਾਂ ਨੂੰ ਨਿਰੀ ਅਲੂਣੀ ਰੋਟੀ 'ਤੇ ਹੀ ਗੁਜ਼ਾਰਾ ਕਰਨਾ ਪਿਆ। ਐਸੇ ਮੁਸ਼ਕਲ ਸਮੇਂ ਵਿਚ ਹੀ ਬਾਲਕ ਨਰੈਣ ਸਿੰਘ ਦੀ ਪਾਲਣਾ-ਪੋਸ਼ਣਾ ਹੋਈ।

ਬਾਲਕ ਨਰੈਣ ਸਿੰਘ ਦੇ ਪਿਤਾ ਸ. ਬੂਟਾ ਸਿੰਘ ਬੜੇ ਨੇਕ, ਇਮਾਨਦਾਰ ਤੇ ਗੁਰਮੁਖ ਵਿਅਕਤੀ ਸਨ, ਜਿਨ੍ਹਾਂ ਦੀ ਧਾਰਮਿਕ ਸ਼ਖ਼ਸੀਅਤ ਦੇ ਨਾਲ-ਨਾਲ ਮਾਤਾ ਦੀਆਂ ਅਨਮੋਲ ਸਿਖਿਆਵਾਂ ਦਾ ਬਾਲਕ 'ਤੇ ਡੂੰਘਾ ਅਸਰ ਹੋਇਆ। ਨਰੈਣ ਸਿੰਘ ਦੀ ਮਾਤਾ ਬੜੀ ਧਾਰਮਿਕ ਖਿਆਲਾਂ ਵਾਲੀ ਔਰਤ ਸੀ। ਗੁਰਬਾਣੀ ਨਾਲ ਪ੍ਰੇਮ ਹੋਣ ਕਾਰਨ ਉਹ ਵਿਹਲੇ ਸਮੇਂ ਬਾਣੀ ਦਾ ਪਾਠ ਕਰਦੀ ਰਹਿੰਦੀ, ਜਿਸ ਦਾ ਅਸਰ ਬਾਲਕ ਨਰੈਣ ਸਿੰਘ 'ਤੇ ਹੋਣਾ ਸੁਭਾਵਿਕ ਸੀ। ਇਸੇ ਕਰਕੇ ਬਚਪਨ ਤੋਂ ਹੀ ਆਪ ਦੀ ਪਰਵਿਰਤੀ ਧਾਰਮਿਕ ਰੁਚੀ ਵਾਲੀ ਬਣ ਗਈ।

ਵਿਦਿਆ ਪ੍ਰਾਪਤੀ

ਬਾਲਕ ਨਰੈਣ ਸਿੰਘ ਦੇ ਸਮੇਂ ਸਕੂਲ ਘਟ ਹੋਣ ਕਾਰਨ ਬੱਚਿਆਂ ਵਿਚ ਪੜ੍ਹਣ-ਲਿਖਣ ਦਾ ਰੁਝਾਨ ਵੀ ਬਹੁਤ ਘਟ ਸੀ। ਤਹਿਸੀਲ ਕਬੀਰਵਾਲਾ 'ਚ ਕੇਵਲ ਦੋ ਹੀ ਮਿਡਲ ਸਕੂਲ - ਇਕ, ਕਬੀਰ ਵਾਲਾ ਤੇ ਦੂਜਾ, ਸਰਾਇ ਸਿਧੂ ਸਨ।

ਬਾਲਕ ਨਰੈਣ ਸਿੰਘ ਨੇ ਸਤ ਸਾਲ ਦੀ ਉਮਰ (1908 ਈ.) ਵਿਚ ਆਪਣੇ ਨਾਨਕੇ ਪਿੰਡ ਜਵੰਦ ਸਿੰਘ ਵਾਲਾ, ਜਿਲ੍ਹਾ ਮੁਲਤਾਨ (ਅਜਕਲ ਪਾਕਿਸਤਾਨ) ਤੋਂ ਮੁਢਲੀ ਪੜ੍ਹਾਈ ਸ਼ੁਰੂ ਕਰਕੇ, 1912 ਵਿਚ ਇਸੇ ਸਕੂਲ ਤੋਂ ਹੀ ਪੰਜਵੀਂ ਪਾਸ ਕੀਤੀ। ਇਹ ਉਹ ਸਮਾਂ ਸੀ ਜਿਸ ਨੇ ਸਿੱਖ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਤੇ ਡੂੰਘੀਆਂ ਪੈੜਾਂ ਛਡੀਆਂ, ਕਿਉਂਕਿ ਇਸ ਸਮੇਂ ਤਕ 'ਸਿੰਘ ਸਭਾ ਲਹਿਰ'[1] ਦਾ ਆਗਾਜ਼ ਹੋ ਚੁਕਾ ਸੀ। ਸਿੱਖਾਂ ਦੇ ਰੂਹਾਨੀ ਕੇਂਦਰ ਭਾਵ ਗੁਰਦੁਆਰਿਆਂ 'ਤੇ ਮਹੰਤਾਂ

1. ਸਿੰਘ ਸਭਾ ਲਹਿਰ ਦਾ ਆਰੰਭ 1873 ਈ. ਵਿਚ ਹੋਇਆ। ਇਸ ਲਹਿਰ ਨੇ ਸਿੱਖ ਸਮਾਜ ਵਿਚ ਧਾਰਮਿਕ, ਸਮਾਜਿਕ ਤੇ ਰਾਜਨੀਤਕ ਪੁਨਰ ਜਾਗ੍ਰਿਤੀ ਲਿਆਂਦੀ। ਇਸ ਲਹਿਰ ਦੇ ਸੰਚਾਲਕ ਪੜ੍ਹੇ -ਲਿਖੇ ਵਰਗ ਵਿਚੋਂ ਸਨ, ਜਿਨ੍ਹਾਂ ਦਾ ਇਹ ਮੰਨਣਾ ਸੀ ਕਿ ਸਿੱਖੀ ਦੇ ਘਟਦੇ ਵਕਾਰ ਦਾ ਕਾਰਨ ਸਿੱਖਾਂ ਵਿਚ ਵਿਦਿਆ ਦੀ ਘਾਟ ਸੀ। ਉਨ੍ਹਾਂ ਦਾ ਖਿਆਲ ਸੀ ਕਿ ਆਪਣੇ ਵਿਰਸੇ ਨਾਲ ਜੁੜੇ ਬਿਨ੍ਹਾਂ ਕਿਸੇ ਪ੍ਰਕਾਰ ਦਾ ਕੋਈ ਸੁਧਾਰ ਸੰਭਵ ਨਹੀਂ। ਇਸ ਲਹਿਰ ਨੂੰ ਉਸ ਸਮੇਂ ਦੇ ਸਿੱਖ ਵਿਦਵਾਨਾਂ ਦਾ ਸਮਰਥਨ ਛੇਤੀ ਹੀ ਪ੍ਰਾਪਤ ਹੋ ਗਿਆਂ ਸੀ। ਇਨ੍ਹਾਂ ਵਿਦਵਾਨਾਂ ਵਿਚ ਭਾਈ ਵੀਰ ਸਿੰਘ, ਭਾਈ ਕਾਨ੍ਹ ਸਿੰਘ ਨਾਭਾ, ਗਿ. ਦਿਤ ਸਿੰਘ, ਪ੍ਰੋ. ਗੁਰਮੁਖ ਸਿੰਘ, ਆਦਿ ਸ਼ਾਮਲ ਸਨ। ਵਿਸਤਾਰ ਲਈ : ਮਹਿੰਦਰ ਸਿੰਘ (ਡਾ.), *ਅਕਾਲੀ ਲਹਿਰ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2005.

ਦੇ ਕਬਜ਼ੇ ਹੋਣ ਕਾਰਨ ਕੁਰੀਤੀਆਂ ਤੇ ਬਦਫੈਲੀਆਂ ਹੋ ਰਹੀਆਂ ਸਨ। ਇਥੋਂ ਤਕ ਕਿ ਉਥੋਂ ਦੇ ਮਹੰਤ ਚਰਿਤ੍ਰਹੀਣ ਹੋ ਗਏ ਸਨ। ਦੂਜੇ ਪਾਸੇ ਨੌਜਵਾਨ ਪੀੜ੍ਹੀ ਸਿੱਖੀ ਦੇ ਗਾਢੀ ਰਾਹ ਤੋਂ ਭਟਕ ਕੇ ਪਤਿਤਪੁਣੇ ਦਾ ਸ਼ਿਕਾਰ ਹੋ ਰਹੀ ਸੀ। ਇਨ੍ਹਾਂ ਭਟਕੇ ਹੋਏ ਨੌਜਵਾਨਾਂ ਨੂੰ ਮੁੜ ਮੁਖ ਧਾਰਾ (ਸਿੱਖੀ) ਨਾਲ ਜੋੜਨ ਦੇ ਮਨਸੂਬੇ ਨਾਲ ਸਿੰਘ ਸਭਾ ਲਹਿਰ ਅਧੀਨ ਸਿੱਖ ਵਿਦਿਅਕ ਕਮੇਟੀ ਦੀ ਸਰਪ੍ਰਸਤੀ ਹੇਠ ਸਿੱਖ ਵਸੋਂ ਵਾਲੇ ਇਲਾਕਿਆਂ ਵਿਚ ਖਾਲਸਾ ਸਕੂਲ ਖੋਲ੍ਹਣ ਦੀ ਪ੍ਰਕ੍ਰਿਆ ਸ਼ੁਰੂ ਹੋਈ।

ਇਸੇ ਅਧੀਨ ਤਹਿਸੀਲ ਕਬੀਰਵਾਲਾ ਨਿਵਾਸੀ ਸਿੱਖਾਂ ਨੇ ਵੀ ਜਵੰਦ ਸਿੰਘ ਵਾਲਾ ਵਿਖੇ ਖਾਲਸਾ ਮਿਡਲ ਸਕੂਲ ਖੋਲ੍ਹਣ ਦਾ ਫੈਸਲਾ ਕੀਤਾ। ਇਸ ਸੰਬੰਧੀ ਸਭ ਤੋਂ ਮੁਢਲੀ ਲੋੜ ਜ਼ਮੀਨ ਦੀ ਸੀ। ਉਸ ਸਮੇਂ ਸਿੰਘ ਸਭਾ ਲਹਿਰ ਦਾ ਪ੍ਰਭਾਵ ਹੀ ਅਜਿਹਾ ਪਿਆ ਕਿ ਸਿੱਖਾਂ ਦੇ ਮਨਾਂ ਵਿਚ ਤਨ, ਮਨ ਤੇ ਧਨ ਗੁਰੂ ਪੰਥ ਤੋਂ ਕੁਰਬਾਨ ਕਰਨ ਦੀ ਚਾਹ ਉਮਡ ਪਈ। ਇਸੇ ਚਾਅ ਵਸ ਨਰੈਣ ਸਿੰਘ ਦੇ ਮਾਮਿਆਂ- ਜ਼ੈਲਦਾਰ ਸ. ਵੀਰ ਸਿੰਘ ਤੇ ਸ. ਅਮੀਰ ਸਿੰਘ ਨੇ ਪਿੰਡ ਤੋਂ ਬਾਹਰ ਬਣਿਆ ਆਪਣਾ ਡੇਰਾ ਸਕੂਲ ਬਣਾਉਣ ਲਈ ਦਾਨ ਕਰ ਦਿਤਾ। ਇਸ ਦੇ ਕਮਰਿਆਂ ਨੂੰ ਲੋੜ ਅਨੁਸਾਰ ਠੀਕ ਕਰਕੇ 1912 ਈ. ਵਿਚ ਖਾਲਸਾ ਸਕੂਲ ਖੋਲ੍ਹ ਦਿਤਾ ਗਿਆ। ਇਥੇ ਪੰਜਵੀਂ ਜਮਾਤ ਵਿਚ ਅੰਗਰੇਜ਼ੀ ਵੀ ਪੜ੍ਹਾਈ ਜਾਣ ਲਗੀ, ਜਿਸ ਕਰਕੇ ਸਰਕਾਰੀ ਅਥਵਾ ਡਿਸਟ੍ਰਿਕਟ ਬੋਰਡ ਸਕੂਲ ਦੇ ਪੰਜਵੀਂ ਵਿਚ ਪੜ੍ਹਦੇ ਬਹੁਤ ਸਾਰੇ ਬੱਚੇ ਇਸ ਨਵੇਂ ਬਣੇ ਖਾਲਸਾ ਸਕੂਲ ਵਿਚ ਦਾਖਲ ਹੋਣ ਲਈ ਪ੍ਰੇਰਿਤ ਹੋਏ।

ਸਕੂਲ ਵਿਚ ਇਕ ਕਮਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਲਈ ਵੀ ਤਿਆਰ ਕੀਤਾ ਗਿਆ ਜਿਥੇ ਪੜ੍ਹਾਈ ਆਰੰਭ ਹੋਣ ਤੋਂ ਪਹਿਲਾਂ ਸਾਰੇ ਬੱਚੇ ਤੇ ਅਧਿਆਪਕ ਨੇਮ ਅਨੁਸਾਰ ਹਾਜ਼ਰੀ ਭਰਦੇ। ਖਾਲਸਾ ਸਕੂਲ ਵਿਚ ਦਾਖਲਾ ਲੈਣ ਨਾਲ ਬਾਲਕ ਨਰੈਣ ਸਿੰਘ ਨੂੰ ਵਿਰਸੇ ਵਿਚੋਂ ਮਿਲੀ ਸਿੱਖੀ ਹੋਰ ਪ੍ਰਫੁਲਤ ਹੋਈ। ਸਕੂਲ ਦੇ ਇਕ ਅਧਿਆਪਕ ਗਿ. ਆਤਮਾ ਸਿੰਘ ਅਧਿਆਪਨ ਤੋਂ ਇਲਾਵਾ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਵਜੋਂ ਵੀ ਸੇਵਾ ਨਿਭਾਉਂਦੇ ਸਨ। ਉਨ੍ਹਾਂ ਦਾ ਵਿਦਿਆਰਥੀਆਂ ਨਾਲ ਵਿਸ਼ੇਸ਼ ਸਨੇਹ ਸੀ। ਉਹ ਸਕੂਲ ਪ੍ਰਤੀ ਐਨੇ ਸਮਰਪਿਤ ਸਨ ਕਿ ਹਰੇਕ ਐਤਵਾਰ ਦੂਰ-ਨੇੜੇ ਦੇ ਪਿੰਡਾਂ 'ਚ ਜਾ ਕੇ ਸਕੂਲ ਲਈ ਚੰਦਾ ਵੀ ਇਕੱਠਾ ਕਰਕੇ ਲਿਆਉਂਦੇ। ਉਨ੍ਹੀਂ ਦਿਨੀਂ ਮੋਟਰ ਗਡੀਆਂ ਤਾਂ ਕੀ, ਸਾਈਕਲ ਹੋਣਾ ਵੀ ਵਡੀ ਗੱਲ ਸੀ। ਇਸ ਲਈ ਗਿਆਨੀ ਜੀ ਹਰੇਕ ਪਿੰਡ ਤੁਰ ਕੇ ਜਾਂਦੇ ਅਤੇ ਕਈ-ਕਈ ਵਾਰ 20-25 ਮੀਲ ਦਾ ਸਫਰ ਤੈਅ ਕਰਕੇ ਸ਼ਾਮ ਤਕ ਸਕੂਲ ਵਾਪਿਸ ਪਰਤ ਆਉਂਦੇ। ਅਗਲੇ ਦਿਨ ਸੋਮਵਾਰ ਨੂੰ ਬਿਨਾ ਕਿਸੇ ਥਕਾਵਟ ਦੇ ਕਲਾਸ ਵੀ ਲੈਂਦੇ। ਸਕੂਲ ਵਿਚ ਸਿੱਖੀ ਵਾਤਾਵਰਣ ਵਾਲਾ ਮਾਹੌਲ ਪੈਦਾ ਕਰਨ ਦਾ ਸਿਹਰਾ ਗਿ. ਆਤਮਾ ਸਿੰਘ ਦੇ ਸਿਰ ਹੀ ਸੀ।

ਗਿ. ਆਤਮਾ ਸਿੰਘ ਦੇ ਵਿਚਾਰਾਂ ਦਾ ਨਰੈਣ ਸਿੰਘ ਦੀ ਸ਼ਖ਼ਸੀਅਤ 'ਤੇ ਬਹੁਤ ਡੂੰਘਾ ਪ੍ਰਭਾਵ ਪਿਆ। ਇਨ੍ਹਾਂ ਦੀ ਪ੍ਰੇਰਨਾ ਸਦਕਾ ਹੀ ਸਕੂਲ ਦੇ ਲਗਪਗ ਹਰੇਕ

ਵਿਦਿਆਰਥੀ ਨੇ ਨਿਤਨੇਮ ਦੀਆਂ ਬਾਣੀਆਂ ਕੰਠ ਕੀਤੀਆਂ ਹੋਈਆਂ ਸਨ। ਨਰੈਣ ਸਿੰਘ ਨੇ ਵੀ ਛੇਵੀਂ ਜਮਾਤ ਵਿਚ ਹੀ ਨਿਤਨੇਮ ਦੀਆਂ ਬਾਣੀਆਂ- ਜਪੁਜੀ, ਜਾਪੁ, ਤ੍ਵਪ੍ਰਸਾਦਿ ਸ੍ਵਯੇ, ਚੌਪਈ, ਅਨੰਦੁ, ਸੋਦਰੁ ਤੇ ਸੋਹਿਲਾ ਸਾਹਿਬ ਕੰਠ ਕਰ ਲਈਆਂ ਸਨ।

ਗਿ. ਆਤਮਾ ਸਿੰਘ ਵਲੋਂ ਦਿਤੀ ਗਈ ਗੁਰਬਾਣੀ ਦੀ ਪ੍ਰੇਰਣਾ ਸਦਕਾ ਹੀ ਨਰੈਣ ਸਿੰਘ ਨੇ ਆਪਣੇ ਜੀਵਨ ਦੇ ਅਗਲੇ ਪੜਾਅ ਵਿਚ ਗੁਰਬਾਣੀ ਅਧਿਐਨ ਅਤੇ ਸਿੱਖ ਸਾਹਿਤ ਵਿਚ ਆਪਣਾ ਵਡਮੁਲਾ ਯੋਗਦਾਨ ਪਾਇਆ। ਨਰੈਣ ਸਿੰਘ ਇਸ ਗੱਲ ਦਾ ਖੁਲਾਸਾ ਕਰਦੇ ਹੋਏ ਲਿਖਦੇ ਹਨ :

> *ਸਿੱਖ ਧਰਮ ਤਥਾ ਸਿੱਖ ਇਤਿਹਾਸ ਦਾ ਜਿਤਨਾ ਗਿਆਨ ਮੈਨੂੰ ਹੈ, ਇਸ ਦੀ ਬੁਨਿਆਦ ਗਿ. ਆਤਮਾ ਸਿੰਘ ਦੀ ਦਿਤੀ ਸਿਖਿਆ ਨੇ ਪੁਖਤਾ ਬੰਨ੍ਹ ਦਿਤੀ ਹੋਈ ਸੀ ਜਿਸ ਉਪਰ ਮੇਰੇ ਗਿਆਨ ਦੀ ਉਸਾਰੀ ਹੋਈ।*[2]

ਸਕੂਲੀ ਵਿਦਿਆ ਦੇ ਨਾਲ-ਨਾਲ ਨਰੈਣ ਸਿੰਘ ਦੇ ਪਿਤਾ ਆਪ ਨੂੰ ਵਿਹਲੇ ਸਮੇਂ ਭਾਈ ਵੀਰ ਸਿੰਘ ਦੇ ਲਿਖੇ ਨਾਵਲ-*ਸੁੰਦਰੀ*, *ਬਿਜੈ ਸਿੰਘ* ਆਦਿ ਪੜ੍ਹਾਇਆ ਕਰਦੇ ਸਨ। ਇਨ੍ਹਾਂ ਤੋਂ ਇਲਾਵਾ ਬਾਲ ਅਵਸਥਾ ਵਿਚ ਹੀ ਆਪ ਨੇ ਕਈ ਹੋਰ ਗ੍ਰੰਥ, ਜਿਵੇਂ *ਮਹਾਂਭਾਰਤ*, *ਰਾਮਾਇਣ*, *ਹਨੂਮਾਨ ਨਾਟਕ*, *ਪ੍ਰਬੋਧ ਚੰਦਰ ਨਾਟਕ*, *ਸਾਰਕੁਤਾਵਲੀ* ਆਦਿ ਦਾ ਵੀ ਡੂੰਘਾ ਅਧਿਐਨ ਕੀਤਾ, ਕਿਉਂਕਿ ਅਜਿਹੇ ਗ੍ਰੰਥ ਉਨ੍ਹਾਂ ਸਮਿਆਂ ਵਿਚ ਗੁਰਬਾਣੀ ਦੀ ਸਹੀ ਸਮਝ ਲਈ ਟਕਸਾਲਾਂ ਵਿਚ ਪੜ੍ਹਾਉਣ ਦੀ ਰਵਾਇਤ ਆਮ ਪ੍ਰਚਲਤ ਸੀ।

ਸੰਨ 1916 ਈ. ਵਿਚ ਖਾਲਸਾ ਹਾਈ ਸਕੂਲ, ਜਵੰਦ ਸਿੰਘ ਵਾਲਾ ਤੋਂ ਅਠਵੀਂ ਪਾਸ ਕਰਕੇ ਨਰੈਣ ਸਿੰਘ ਨੇ ਕੁਝ ਹੋਰ ਸਾਥੀਆਂ ਨਾਲ ਰਲ ਕੇ ਖਾਲਸਾ ਕਾਲਜੀਏਟ ਸਕੂਲ, ਅੰਮ੍ਰਿਤਸਰ ਵਿਖੇ ਨੌਂਵੀਂ ਜਮਾਤ ਵਿਚ ਦਾਖਲਾ ਲਿਆ। ਇਸ ਸਕੂਲ ਵਿਚ ਨਰੈਣ ਸਿੰਘ, ਉਨ੍ਹਾਂ ਦੇ ਭਰਾ ਅਤੇ ਉਨ੍ਹਾਂ ਦੇ ਤਿੰਨ ਹੋਰ ਸਾਥੀ (ਨਾ ਮਾਲੂਮ), ਪਹਿਲੇ ਪੰਜ ਲੜਕੇ ਸਨ ਜਿਹੜੇ ਐਨੀ ਦੂਰ (ਮੁਲਤਾਨ) ਤੋਂ ਪੜ੍ਹਨ ਲਈ ਆਏ ਸਨ। ਇਨ੍ਹਾਂ ਪੰਜਾਂ ਦਾ ਇਕ ਜੁਟ ਬਣ ਗਿਆ, ਜਿਸ ਨੂੰ ਮੁਲਤਾਨੀ ਗਰੁਪ ਦੇ ਨਾਂ ਨਾਲ ਜਾਣਿਆ ਜਾਣ ਲਗਾ।

ਇਸ ਸਕੂਲ ਵਿਚ ਦਾਖਲਾ ਲੈਣ ਕਾਰਨ ਨਰੈਣ ਸਿੰਘ ਨੂੰ ਹੋਸਟਲ ਵਿਚ ਰਹਿਣਾ ਪਿਆ। ਹਰੇਕ ਬੱਚੇ ਦੇ ਵਿਦਿਆਰਥੀ ਜੀਵਨ ਵਿਚ ਹੋਸਟਲ ਦੀ ਜ਼ਿੰਦਗੀ ਦਾ ਆਪਣਾ ਇਕ ਖਾਸ ਅਨੁਭਵ ਹੁੰਦਾ ਹੈ। ਨਰੈਣ ਸਿੰਘ ਦੁਆਰਾ ਵੀ ਬਿਤਾਏ ਹੋਸਟਲ ਦੇ ਸਮੇਂ ਦੀ ਇਕ ਰੌਚਕ ਘਟਨਾ ਦਾ ਇਥੇ ਜ਼ਿਕਰ ਕਰਨਾ ਪਾਠਕਾਂ ਲਈ ਸੁਆਦਲਾ ਹੋਵੇਗਾ...

ਇਕ ਵਾਰ ਦੀ ਗੱਲ ਹੈ, ਨਰੈਣ ਸਿੰਘ ਨੂੰ ਹੋਸਟਲ ਰਹਿੰਦਿਆਂ ਕੁਝ ਹੀ ਦਿਨ

2. ਨਰੈਣ ਸਿੰਘ, *ਮੇਰਾ ਜੀਵਨ ਪੰਧ ਤੇ ਸਾਹਿਤ ਰੁਚੀ*, ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ, 1982, ਪੰਨਾ 5.

ਹੋਏ ਸਨ ਕਿ ਇਕ ਰਾਤ ਉਹ ਵਿਹੜੇ ਵਿਚ ਸੁੱਤੇ ਹੋਏ ਸਨ ਕਿ ਇਕੋ ਦਮ ਮੀਂਹ ਪੈਣ ਲਗਾ। ਅਜਿਹੇ ਮੌਕੇ ਘਰ ਹੁੰਦਿਆਂ ਕਦੇ ਨਰੈਣ ਸਿੰਘ ਨੇ ਆਪਣਾ ਬਿਸਤਰਾ ਨਹੀਂ ਸੀ ਚੁਕਿਆ। ਉਸੇ ਆਦਤ ਅਧੀਨ ਮੀਂਹ ਪੈਂਦਾ ਦੇਖ ਨਰੈਣ ਸਿੰਘ ਝਟ ਉਠ ਅੰਦਰ ਜਾ ਕੇ ਆਪਣੇ ਇਕ ਸਾਥੀ ਸੁਖਚੈਨ ਸਿੰਘ ਨਾਲ ਸੌਂ ਗਏ। ਉਨ੍ਹਾਂ ਦਾ ਬਿਸਤਰਾ ਸਾਰੀ ਰਾਤ ਬਾਹਰ ਭਿਜਦਾ ਰਿਹਾ। ਅਗਲੀ ਸਵੇਰ ਜਦ ਨਰੈਣ ਸਿੰਘ ਦੀ ਜਾਗ ਖੁਲ੍ਹੀ ਤਾਂ ਉਨ੍ਹਾਂ ਨੇ ਆਪਣਾ ਬਿਸਤਰਾ ਗਿੱਲਾ ਦੇਖ ਹੋਰ ਮੁੰਡੇ ਰੌਲਾ ਪਾਉਂਦੇ ਦੇਖੇ। ਇਸ ਦ੍ਰਿਸ਼ ਨੇ ਨਰੈਣ ਸਿੰਘ ਨੂੰ ਬਹੁਤ ਸ਼ਰਮਿੰਦਾ ਕੀਤਾ।

ਸਕੂਲ ਵਿਚ ਹੋਰ ਵਿਸ਼ਿਆਂ ਦੇ ਨਾਲ-ਨਾਲ ਧਾਰਮਿਕ ਵਿਦਿਆ ਦਾ ਵਿਸ਼ਾ ਵੀ ਹਰੇਕ ਜਮਾਤ ਨੂੰ ਪੜ੍ਹਾਉਣਾ ਲਾਜ਼ਮੀ ਸੀ। ਇਸ ਵਿਸ਼ੇ ਤਹਿਤ ਵਿਦਿਆਰਥੀਆਂ ਨੂੰ ਗੁਰਬਾਣੀ ਅਤੇ ਸਿੱਖ ਇਤਿਹਾਸ ਦੀ ਜਾਣਕਾਰੀ ਦਿਤੀ ਜਾਂਦੀ ਸੀ। ਇਮਤਿਹਾਨ ਦੌਰਾਨ ਧਾਰਮਿਕ ਵਿਦਿਆ ਵਾਲੇ ਪਰਚੇ ਵਿਚੋਂ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਨੂੰ ਵਿਸ਼ੇਸ਼ ਇਨਾਮ ਅਤੇ ਵਜੀਫਾ ਵੀ ਦਿਤਾ ਜਾਂਦਾ ਸੀ।

ਦਸਵੀਂ ਪਾਸ ਕਰਕੇ 1918 ਈ. ਵਿਚ ਆਪ ਨੇ ਖਾਲਸਾ ਕਾਲਜ, ਅੰਮ੍ਰਿਤਸਰ ਵਿਖੇ ਬੀ. ਏ. (ਭਾਗ ਪਹਿਲਾ) ਵਿਚ ਦਾਖਲਾ ਲਿਆ। ਇਸੇ ਦੌਰਾਨ 1919 ਵਿਚ ਪੰਜਾਬੀ ਦੇ ਵਿਦਵਾਨੀ (High Proficiency) ਦਾ ਇਮਿਤਿਹਾਨ ਨਿਜੀ ਤੌਰ 'ਤੇ ਪਾਸ ਕਰਨ ਪਿਛੋਂ 1920 ਵਿਚ ਆਪ ਨੇ ਇੰਟਰਮੀਡੀਏਟ (ਐਫ. ਏ.) ਦਾ ਇਮਿਤਿਹਾਨ ਵੀ ਪਾਸ ਕਰ ਲਿਆ।

ਭਾਰਤ ਵਿਚ ਉਸ ਸਮੇਂ ਚਲ ਰਹੀ ਕੌਮੀ ਜਜ਼ਬੇ ਦੀ ਲਹਿਰ ਤੋਂ ਨਰੈਣ ਸਿੰਘ ਅਭਿਜ ਨਾ ਰਹਿ ਸਕੇ। ਇਸੇ ਜਜ਼ਬੇ ਕਾਰਨ ਆਪ ਨੇ ਵਿਦਿਆਰਥੀ ਜੀਵਨ ਦੌਰਾਨ ਪੰਥਕ ਮਸਲਿਆਂ ਵਿਚ ਵਿਸ਼ੇਸ਼ ਰੁਚੀ ਦਿਖਾਈ। ਬੀ. ਏ. ਦੀ ਪੜ੍ਹਾਈ ਦੌਰਾਨ ਸਿੱਖ ਪੰਥ ਦੇ ਦਰਪੇਸ਼ ਅਨੇਕਾਂ ਅਜਿਹੇ ਧਾਰਮਿਕ ਮਸਲੇ ਆਏ ਜਿਨ੍ਹਾਂ ਵਿਚ ਆਪ ਨੇ ਵਧ ਚੜ੍ਹ ਕੇ ਹਿਸਾ ਲਿਆ। ਇਨ੍ਹਾਂ ਮਸਲਿਆਂ ਦੀ ਜੇਕਰ ਗੱਲ ਕਰੀਏ ਤਾਂ ਸਭ ਤੋਂ ਪਹਿਲੀ ਅਜਿਹੀ ਘਟਨਾ ਨਨਕਾਣਾ ਸਾਹਿਬ ਦਾ ਸ਼ਹੀਦੀ ਸਾਕਾ ਸੀ, ਜਿਸ ਦਾ ਦਿਲ-ਕੰਬਾਊ ਦ੍ਰਿਸ਼ ਆਪ ਨੇ ਅੱਖੀਂ ਡਿਠਾ। ਇਹ ਸ਼ਹੀਦੀ ਸਾਕਾ 20 ਫਰਵਰੀ, 1921 ਨੂੰ ਗੁਰਦੁਆਰਾ ਜਨਮ ਅਸਥਾਨ, ਨਨਕਾਣਾ ਸਾਹਿਬ ਵਿਖੇ ਵਾਪਰਿਆ।[3] ਇਸ ਵਿਚ ਭਾਈ ਲਛਮਣ ਸਿੰਘ ਨੂੰ ਜੰਡ ਦੇ ਦਰਖ਼ਤ ਨਾਲ ਬੰਨ੍ਹ ਕੇ ਜਿਉਂਦੇ ਜੀਅ ਤੇਲ ਪਾ ਕੇ ਸਾੜਿਆ ਗਿਆ। ਇਨ੍ਹਾਂ ਦੇ ਸਾਥੀ ਭਾਈ ਦਲੀਪ ਸਿੰਘ ਅਤੇ ਵਰਿਆਮ ਸਿੰਘ ਨੂੰ ਪਿਛੋਂ ਪਹੁੰਚਣ ਕਾਰਨ ਗੁਰਦੁਆਰੇ ਤੋਂ ਬਾਹਰ ਦਰਸ਼ਨੀ ਡਿਉਡੀ ਦੇ ਸਾਹਮਣੇ ਇਸ ਤਰ੍ਹਾਂ ਸ਼ਹੀਦ ਕੀਤਾ ਗਿਆ ਜਿਵੇਂ ਘੁਮਾਰਾਂ ਦੇ ਭਾਂਡਿਆਂ ਦੀ ਬਲ

3. ਇਸ ਸਾਕੇ ਦੇ ਵਾਪਰਨ ਦੀ ਮਿਤੀ ਬੇਸ਼ਕ 20 ਫਰਵਰੀ, 1921 ਹੀ ਹੈ, ਪਰੰਤੂ ਡਾ. ਰਤਨ ਸਿੰਘ ਜੱਗੀ ਜੀ ਪਾਸੋਂ ਇਸ ਬਾਬਤ ਉਕਾਈ ਹੋਈ ਹੈ। ਉਹ 20 ਫਰਵਰੀ ਦੀ ਬਜਾਏ 20 ਜਨਵਰੀ ਲਿਖਦੇ ਹਨ। ਵੇਖੋ : ਰਤਨ ਸਿੰਘ ਜੱਗੀ (ਡਾ.) (ਸੰਪਾ.), *ਸਿੱਖ ਪੰਥ ਵਿਸ਼ਵਕੋਸ਼* (ਭਾਗ ਦੂਜਾ), ਗੁਰ ਰਤਨ ਪਬਲਿਸ਼ਰਜ਼, ਪਟਿਆਲਾ, 2005, ਪੰਨੇ 1010-12 ; 20 ਫਰਵਰੀ ਦੀ ਪੁਸ਼ਟੀ ਲਈ ਹੋਰ ਵੇਖੋ : ਮੋਹਨ ਸਿੰਘ ਵੈਦ (ਭਾਈ), *'ਸਾਕਾ ਸ੍ਰੀ ਨਨਕਾਣਾ ਸਾਹਿਬ', ਇਤਿਹਾਸਕ ਯਾਦਾਂ*, (ਸੰਪਾ.) ਸ. ਸ. ਅਮੋਲ, ਪੰਜਾਬੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1988 (ਦੂਜੀ ਵਾਰ), ਪੰਨਾ 58.

ਰਹੀ ਆਵੀ ਵਿਚ ਸੁਟਿਆ ਗਿਆ ਹੋਵੇ। ਇਨ੍ਹਾਂ ਦੇ ਨਾਲ ਲਗਪਗ 150[4] ਹੋਰ ਸਿੰਘ ਮਹੰਤ ਨਰੈਣ ਦਾਸ ਦੇ ਪਾਲੇ ਗੁੰਡਿਆਂ ਦੁਆਰਾ ਬੜੇ ਬੇ-ਰਹਿਮੀ ਨਾਲ ਸ਼ਹੀਦ ਕੀਤੇ ਗਏ।

ਨਰੈਣ ਸਿੰਘ ਹੁਰਾਂ ਨੂੰ ਜਦੋਂ ਖ਼ਬਰ ਮਿਲੀ ਕਿ ਗੁਰਦੁਆਰਾ ਜਨਮ ਅਸਥਾਨ ਵਿਚ 120 ਸਿੱਖ ਜਿਉਂਦੇ ਸਾੜ ਕੇ ਸ਼ਹੀਦ ਕਰ ਦਿਤੇ ਗਏ ਹਨ[5] ਤਾਂ ਖਬਰ ਮਿਲਦੇ ਸਾਰ 21 ਫਰਵਰੀ, 1921 ਈ. ਨੂੰ ਉਹ ਆਪਣੇ ਪੰਜ ਹੋਰ ਵਿਦਿਆਰਥੀ ਸਾਥੀਆਂ (ਨਾ ਮਾਲੂਮ) ਨਾਲ ਤੁਰ ਕੇ ਅਟਾਰੀ ਜਾ ਪੁਜੇ, ਜਿਥੋਂ ਉਨ੍ਹਾਂ ਨੇ ਰੇਲ ਗੱਡੀ ਫੜ ਕੇ ਲਾਹੌਰ ਜਾਣਾ ਕੀਤਾ। ਰਾਤ ਲਾਹੌਰ ਸਟੇਸ਼ਨ 'ਤੇ ਗੁਜ਼ਾਰਨ ਉਪਰੰਤ ਉਨ੍ਹਾਂ ਨੇ ਸ਼ੇਖ਼ੂਪੁਰੇ ਨੂੰ ਜਾਣ ਵਾਲੀ ਰੇਲ ਗੱਡੀ ਫੜ ਕੇ ਨਨਕਾਣਾ ਸਾਹਿਬ ਨੂੰ ਪਿਆਨਾ ਕੀਤਾ।

ਨਨਕਾਣਾ ਸਾਹਿਬ ਵਿਖੇ ਐਨਾ ਵਡਾ ਹਿਰਦੇ-ਵੇਧਕ ਸਾਕਾ ਵਾਪਰਨ ਕਾਰਨ ਸਿੱਖਾਂ ਦੇ ਹਿਰਦੇ ਵਲੂੰਧਰੇ ਗਏ ਸਨ। ਸਥਿਤੀ ਦਾ ਜਾਇਜ਼ਾ ਲੈਂਦੇ ਹੋਏ ਸਮੇਂ ਦੀ ਹਕੂਮਤ ਨੇ ਨਨਕਾਣਾ ਸਾਹਿਬ ਨੂੰ ਜਾਂਦੇ ਸਾਰੇ ਰਸਤੇ ਬੰਦ ਕਰ ਦਿਤੇ। ਇਥੋਂ ਤਕ ਕਿ ਰੇਲ ਗੱਡੀਆਂ ਦਾ ਨਨਕਾਣਾ ਸਾਹਿਬ ਸਟੇਸ਼ਨ 'ਤੇ ਠਹਿਰਾਅ ਵੀ ਰੋਕ ਦਿਤਾ ਗਿਆ।

ਨਰੈਣ ਸਿੰਘ ਹੁਰੀਂ ਜਿਵੇਂ-ਕਿਵੇਂ ਸ਼ਹੀਦੀ ਸਥਾਨ 'ਤੇ ਪਹੁੰਚੇ। ਉਨ੍ਹਾਂ ਦੇ ਉਥੇ ਪਹੁੰਚਣ ਤਕ ਦੂਜੇ ਪਾਸਿਉਂ ਜਥੇਦਾਰ ਕਰਤਾਰ ਸਿੰਘ ਝੱਬਰ, ਜਿਨ੍ਹਾਂ ਨੂੰ ਸਾਕੇ ਉਪਰੰਤ ਗੁਰਦੁਆਰਾ ਜਨਮ ਅਸਥਾਨ ਦਾ ਕਬਜ਼ਾ ਦਿਤਾ ਗਿਆ, 2100 ਸਾਥੀਆਂ ਸਣੇ ਉਥੇ ਪਹੁੰਚ ਗਏ। ਸ਼ਾਂਤਮਈ ਮਾਹੌਲ ਦੀ ਸੂਚਨਾ ਮਿਲਣ 'ਤੇ ਜਦੋਂ ਸੰਗਤਾਂ ਸ਼ਹੀਦੀ ਸਥਾਨ ਦੇ ਬਾਹਰ ਇਕੱਠੀਆਂ ਹੋਈਆਂ ਤਾਂ ਝੱਬਰ ਜੀ ਨੇ ਸੰਗਤ ਸਾਹਮਣੇ ਗੁਰਦੁਆਰਾ ਸਾਹਿਬ ਦਾ ਮੁਖ ਦਰਵਾਜ਼ਾ ਅਗਲੀ ਸਵੇਰ ਖੋਲ੍ਹਣ ਦੀ ਤਜਵੀਜ਼ ਰਖੀ। ਸੰਗਤ ਦੀ ਪ੍ਰਵਾਨਗੀ ਮਿਲਣ ਉਪਰੰਤ ਸਿੰਘਾਂ ਨੇ ਜਿਥੇ ਕਿਤੇ ਵੀ ਥਾਂ ਮਿਲੀ, ਰਾਤ ਵਿਸ਼ਰਾਮ ਕੀਤਾ। ਅਗਲੀ ਸਵੇਰ ਜਦੋਂ ਗੁਰਦੁਆਰਾ ਜਨਮ ਅਸਥਾਨ ਦਾ ਮੁਖ ਦਰਵਾਜ਼ਾ ਖੋਲ੍ਹਿਆ ਗਿਆ ਤਾਂ ਇਕ ਬਹੁਤ ਹੀ ਭਿਆਨਕ, ਦਿਲ ਕੰਬਾਊ ਤੇ ਲੂੰ-ਕੰਢੇ ਖੜ੍ਹੇ ਕਰਨ ਵਾਲਾ ਦ੍ਰਿਸ਼ ਸਾਹਮਣੇ ਆਇਆ।

ਸੰਗਤ ਜ਼ਿਆਦਾ ਹੋਣ ਕਾਰਨ ਸਿੰਘਾਂ ਨੂੰ ਛੋਟੇ-ਛੋਟੇ ਜਥਿਆਂ ਦੇ ਰੂਪ ਵਿਚ ਦਰਸ਼ਨ ਕਰਨ ਲਈ ਅੰਦਰ ਜਾਣ ਦਿਤਾ ਗਿਆ। ਨਰੈਣ ਸਿੰਘ ਨੂੰ ਸਭ ਤੋਂ ਪਹਿਲੇ ਜਥੇ ਨਾਲ ਜਾਣ ਦਾ ਮੌਕਾ ਮਿਲਿਆ, ਜਿਨ੍ਹਾਂ ਦਾ ਅੱਖੀਂ ਡਿਠਾ ਦ੍ਰਿਸ਼ ਪੇਸ਼ ਹੈ :

---

4. ਨਨਕਾਣਾ ਸਾਹਿਬ ਦੇ ਸਾਕੇ ਵਿਚ ਸ਼ਹੀਦ ਹੋਣ ਵਾਲਿਆਂ ਦੀ ਗਿਣਤੀ ਬਾਰੇ ਨਿਸ਼ਚਿਤ ਰੂਪ ਵਿਚ ਕੁਝ ਨਹੀਂ ਕਿਹਾ ਜਾ ਸਕਦਾ। ਵਖ-ਵਖ ਵਿਦਵਾਨਾਂ ਨੇ ਸ਼ਹੀਦਾਂ ਦੀ ਗਿਣਤੀ ਆਪੋ-ਆਪਣੇ ਮਤ ਅਨੁਸਾਰ ਦਸੀ ਹੈ। ਕੁਝ ਵਿਦਵਾਨ ਇਨ੍ਹਾਂ ਦੀ ਗਿਣਤੀ 156, ਕੁਝ 168, ਕੁਝ 86 ਅਤੇ ਕੁਝ 150 ਦਸਦੇ ਹਨ। ਮਸਲਾ ਗਿਣਤੀ ਦਾ ਨਹੀਂ, ਬਲਕਿ ਸ਼ਹਾਦਤ ਦੇ ਚਾਅ ਤੇ ਪੰਥ ਦਾ ਗੁਰਦੁਆਰਿਆਂ ਪ੍ਰਤੀ ਸਮਰਪਨ ਦਾ ਹੈ। ਗਿਣਤੀ ਕੁਝ ਘਟ-ਵਧ ਵੀ ਜਾਵੇ ਤਾਂ ਇਤਿਹਾਸ ਦੇ ਦਰਸ਼ਨ (Philosophy of History) ਨੂੰ ਕੋਈ ਫਰਕ ਨਹੀਂ ਪੈਂਦਾ।

5. ਇਹ ਖਬਰ ਉਸ ਤਾਰ ਦੇ ਆਧਾਰ 'ਤੇ ਸੀ, ਜਿਹੜੀ ਨਨਕਾਣਾ ਸਾਹਿਬ ਤੋਂ ਸ. ਸੁੰਦਰ ਸਿੰਘ ਮਜੀਠੀਆ ਨੂੰ ਮਿਲੀ। ਇਸ ਤਾਰ ਦੇ ਸ਼ਬਦ ਸਨ - *120 Sikh burnt alive in Janam Asthan.*

ਦਖਣੀ ਦਰਵਾਜਿਓਂ ਅੰਦਰ ਵੜਦਿਆਂ ਹੀ ਪਹਿਲਾ ਦ੍ਰਿਸ਼ ਚੌਖੰਡੀ (ਪ੍ਰਕਾਸ਼ ਅਸਥਾਨ) ਦੇ ਦਖਣੀ ਦਰਵਾਜ਼ੇ ਨਾਲ ਸੰਗਮਰਮਰੀ ਚੁਬੱਚੇ ਤੋਂ ਭਰ ਕੇ ਖ਼ੂਨ ਦੇ ਰੇਹੜ, ਚੁਬੱਚੇ ਦੇ ਤਿੰਨੇ ਪਾਸੇ ਇਉਂ ਵਗੇ ਹੋਏ ਪ੍ਰਤੀਤ ਹੁੰਦੇ ਸਨ ਜਿਵੇਂ ਵਰਖਾ ਹੋਣ 'ਤੇ ਗਲੀਆਂ ਅੰਦਰ ਪਾਣੀ ਦੇ ਵਹਿਣ ਵਹਿੰਦੇ ਹੋਣ, ਸਾਰਾ ਫਰਸ਼ ਲਹੂ ਲੁਹਾਨ ਸੀ। ਚੌਖੰਡੀ ਦੇ ਸਾਹਮਣੇ ਬਾਰਾਂਦਰੀ ਦੀ ਉਤਰ ਦੀ ਬਾਹੀ ਥੋੜਾ ਚੜਦੇ ਵਲ ਨੂੰ ਅਧ ਸੜੀਆਂ ਲਾਸ਼ਾਂ ਦੇ ਤਿੰਨ ਢੇਰ ਸਨ। ਕਿਸੇ ਦੀਆਂ ਬਾਹਾਂ, ਕਿਸੇ ਦੀਆਂ ਲੱਤਾਂ, ਕਿਸੇ ਦਾ ਸਰੀਰ ਅਤੇ ਕਿਸੇ ਦਾ ਸਿਰ, ਕੱਟੇ ਵੱਢੇ ਤੇ ਅਧਸੜੇ ਇਉਂ ਪਏ ਸਨ ਜਿਵੇਂ ਪਹਾੜੋਂ ਉਤਰਦੀ ਸੁਕੀ ਹੋਈ ਨਦੀ ਵਿਚ ਛੋਟੇ ਵੱਡੇ ਪੱਥਰ ਹੇਠ ਉਤੇ ਪਏ ਹੁੰਦੇ ਹਨ, ਜਿਨ੍ਹਾਂ ਦੇ ਵਿਚ ਵਿਚਾਲੇ ਪਾਣੀ ਦੀਆਂ ਵਗ ਚੁਕੀਆਂ ਧਾਰਾਂ ਦੇ ਵਹਿਣ ਦੇ ਨਿਸ਼ਾਨ ਰਹਿ ਜਾਂਦੇ ਹਨ। ਇਉਂ ਲਾਸ਼ਾਂ ਹੇਠ ਤੇ ਵਿਚ ਵਿਚਾਲੇ ਜੰਮ ਚੁਕੇ ਤੇ ਅਗ ਨਾਲ ਝੁਲਸੇ ਗਏ ਖ਼ੂਨ ਦੇ ਨਿਸ਼ਾਨ ਸਨ। ਲਾਸ਼ਾਂ ਉਪਰ ਟਾਵੇਂ-ਟਾਵੇਂ ਮਿਟੀ ਦੇ ਤੇਲ ਦੇ ਪੀਪੇ, ਜੋ ਲਾਸ਼ਾਂ ਨੂੰ ਸਾੜਣ ਹਿਤ ਇਨ੍ਹਾਂ ਉਪਰ ਸੁਟੇ ਗਏ ਸਨ, ਉਵੇਂ ਹੀ ਪਏ ਸਨ। ਗੁਰਦੁਆਰੇ ਦੇ ਪਿਛਲੇ ਪਾਸੇ ਖੜਾ ਜੰਡ ਦਾ ਰੁਖ, ਜੋ ਅਧਸੜਿਆ ਹੋਇਆ ਸੀ, ਦੁਆਲੇ ਲੋਹੇ ਦੀਆਂ ਤਾਰਾਂ ਵਲੀਆਂ ਹੋਈਆਂ ਸਨ, ਜਿਨ੍ਹਾਂ ਅੰਦਰ ਜਥੇਦਾਰ ਲਛਮਣ ਸਿੰਘ ਨੂੰ ਬੰਨ੍ਹ ਕੇ ਅਤੇ ਤੇਲ ਪਾ ਕੇ ਜੀਉਂਦੇ ਹੀ ਸਾੜਿਆ ਗਿਆ, ਦਸਿਆ ਗਿਆ ਸੀ। ਬਾਰਾਂਦਰੀ ਦੇ ਸਾਮ੍ਹਣੇ ਤਿੰਨ ਸਿੰਘਾਂ ਦੀਆਂ ਲਾਸ਼ਾਂ ਸਾਬਤ ਅਣਸੜੀਆਂ ਪਈਆਂ ਸਨ। ਦਰਸ਼ਨੀ ਡਿਉਢੀ, ਜਿਸ ਦਾ ਦਰਵਾਜ਼ਾ ਅੰਦਰ ਤੋਂ ਬੰਦ ਸੀ, ਦੇ ਵਰਾਂਡਿਆਂ ਵਿਚ ਕੁਝ ਲਕੜੀ ਦੇ ਮੋਟੇ-ਮੋਟੇ ਫੱਟੇ ਪਏ ਸਨ, ਜਿਨ੍ਹਾਂ ਉਪਰ ਖ਼ੂਨ ਜੰਮਿਆ ਹੋਇਆ ਸੀ ਅਤੇ ਤੇਜ਼ ਧਾਰ ਟੋਕੇ ਜਾਂ ਗੰਡਾਸੇ ਦੇ ਬਹੁਤ ਸਾਰੇ ਵਢੇ ਹੋਏ ਅੰਗ ਪਏ ਹੋਏ ਸਨ, ਜਿਨ੍ਹਾਂ ਵਢਿਆਂ ਵਿਚ ਮਾਸ ਦੇ ਛੋਟੇ-ਛੋਟੇ ਟੁਕੜੇ ਇਉਂ ਫਸੇ ਸਨ, ਜਿਵੇਂ ਝਟਕਈ ਦੇ ਉਸ ਫੱਟੇ ਪਰ ਹੁੰਦੇ ਹਨ ਜਿਸ ਪਰ ਉਹ ਮਾਸ ਦਾ ਕੀਮਾ ਕਰਦਾ ਹੈ। ਐਉਂ ਪਰਤੀਤ ਹੁੰਦਾ ਸੀ ਜਿਵੇਂ ਕੁਝ ਸਰੀਰਾਂ ਦਾ ਏਥੇ ਕੀਮਾ ਕੀਤਾ ਗਿਆ ਹੋਵੇ।[6]

ਗੁਰਦੁਆਰਾ ਜਨਮ ਅਸਥਾਨ ਦੀਆਂ ਕੰਧਾਂ ਵਿਚ ਗੋਲੀਆਂ ਲੱਗਣ ਦੇ ਕਈ ਨਿਸ਼ਾਨ ਸਨ। ਇਥੋਂ ਤਕ ਕਿ ਪ੍ਰਕਾਸ਼ ਅਸਥਾਨ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

---

6. *ਮੇਰਾ ਜੀਵਨ ਪੰਧ ਤੇ ਸਾਹਿਤ ਰੁਚੀ, ਪੂਰਵ ਅੰਕਤ, ਪੰਨੇ 27-8.*

ਦੇ ਰੁਮਾਲੇ ਤੇ ਜਿਲਦ ਲਹੂ-ਲੁਹਾਣ ਸਨ। ਅਜਿਹਾ ਦੇਖਦੇ ਹੋਏ ਭਾਈ ਹੀਰਾ ਸਿੰਘ ਰਾਗੀ ਅਤੇ ਕੁਝ ਹੋਰ ਸਿੰਘਾਂ ਨੇ ਰਲ ਕੇ ਬਾਹਰਲੇ ਪਾਸੇ ਸਾਫ ਜਗ੍ਹਾ 'ਤੇ ਤਿਆਰੀ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਦੇ ਹੋਏ ਜਿਲਦ ਅਤੇ ਪਤਰਿਆਂ ਵਿਚੋਂ ਨੌਂ ਗੋਲੀਆਂ ਕਢੀਆਂ।

ਪ੍ਰਕਾਸ਼ ਵਾਲੇ ਅੰਗ (ਪੰਨੇ) ਤੋਂ ਭਾਈ ਹੀਰਾ ਸਿੰਘ ਨੇ ਵੈਰਾਗ ਮਈ ਨੇਤਰਾਂ ਨਾਲ ਗੁਰੂ ਸਾਹਿਬ ਦਾ ਇਹ ਫੁਰਮਾਣ ਸੁਣਾਇਆ :

ਤਪਿ ਤਪਿ ਲੁਹਿ ਲੁਹਿ ਹਾਥ ਮਰੋਰਉ॥
ਬਾਵਲਿ ਹੋਈ ਸੋ ਸਹੁ ਲੋਰਉ॥
ਤੈ ਸਹਿ ਮਨ ਮਹਿ ਕੀਆ ਰੋਸੁ॥
ਮੁਝੁ ਅਵਗਨ ਸਹਿ ਨਾਹੀ ਦੋਸੁ॥
ਤੈ ਸਾਹਿਬ ਕੀ ਮੈ ਸਾਰ ਨ ਜਾਨੀ॥
ਜੋਬਨੁ ਖੋਇ ਪਾਛੈ ਪਛੁਤਾਨੀ॥ ਰਹਾਉ॥
ਕਾਲੀ ਕੋਇਲ ਤੂ ਕਿਤ ਗੁਨ ਕਾਲੀ॥
ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ॥
ਪਿਰਹਿ ਬਿਹੂਨ ਕਤਹਿ ਸੁਖੁ ਪਾਏ॥
ਜਾ ਹੋਇ ਕ੍ਰਿਪਾਲੁ ਤਾ ਪ੍ਰਭੂ ਮਿਲਾਏ॥
ਵਿਧਣ ਖੂਹੀ ਮੁੰਧ ਇਕੇਲੀ॥
ਨਾ ਕੋ ਸਾਥੀ ਨਾ ਕੋ ਬੇਲੀ॥
ਕਰਿ ਕਿਰਪਾ ਪ੍ਰਭਿ ਸਾਧ ਸੰਗਿ ਮੇਲੀ॥
ਜਾ ਫਿਰਿ ਦੇਖਾ ਤਾ ਮੇਰਾ ਅਲਹੁ ਬੇਲੀ॥
ਵਾਟ ਹਮਾਰੀ ਖਰੀ ਉਡੀਣੀ॥
ਖੰਨਿਅਹੁ ਤਿਖੀ ਬਹੁਤ ਪਿਈਣੀ॥
ਉਸੁ ਊਪਰਿ ਹੈ ਮਾਰਗੁ ਮੇਰਾ॥
ਸੇਖ ਫਰੀਦਾ ਪੰਥੁ ਸਮ੍ਹਾਰਿ ਸਵੇਰਾ॥ [7]

ਨਰੈਣ ਸਿੰਘ ਅਨੁਸਾਰ ਗੁਰਦੁਆਰਾ ਸਾਹਿਬ ਦੇ ਬਾਹਰ ਦਖਣ ਦੇ ਰੁਖ ਘੁਮਾਰਾਂ ਦੀ ਇਕ ਭਾਂਡੇ ਪਕਾਉਣ ਦੀ ਆਵੀ ਬੁਝੀ ਹੋਈ ਸੀ, ਜਿਸ ਵਿਚ ਕਈ ਸਿੰਘਾਂ ਦੇ ਅਧ-ਸੜੇ ਸਰੀਰਾਂ ਦੇ ਅੰਗ ਤੇ ਸਿਰ ਦੇ ਖੋਪਰ ਪਏ ਸਨ। ਗੁਰਦੁਆਰੇ ਦੇ ਅੰਦਰ-ਬਾਹਰ ਦੇ ਸਾਰੇ ਦ੍ਰਿਸ਼ ਬੜੇ ਭਿਆਨਕ ਤੇ ਦਿਲ ਕੰਬਾਊ ਸਨ। ਅਜਿਹੇ ਸਮੇਂ ਸਾਰਾ ਵਾਤਾਵਰਨ ਹੀ ਅਤਿਅੰਤ ਸੋਗਮਈ ਬਣਿਆ ਹੋਇਆ ਸੀ। ਐਨੇ ਭਾਰੇ ਇਕੱਠ ਦੇ ਬਾਵਜੂਦ ਇਸ ਕਦਰ ਸਨਾਟਾ ਛਾਇਆ ਹੋਇਆ ਸੀ ਕਿ ਸਿਵਾਏ ਵਿਚ ਵਿਚਾਲੇ ਭਰੇ ਜਾ ਰਹੇ ਹੋਕਿਆਂ ਦੇ ਕੋਈ ਆਵਾਜ਼ ਸੁਣਾਈ ਨਹੀਂ ਸੀ ਦਿੰਦੀ। ਦ੍ਰਿਸ਼ ਦੀ

7. ਸ੍ਰੀ ਗੁਰੂ ਗ੍ਰੰਥ ਸਾਹਿਬ, ੭੯੪.

ਭਿਆਨਕਤਾ ਸਾਮ੍ਹਣੇ ਬਹੁਤਾ ਸਮਾਂ ਉਥੇ ਖੜ੍ਹਾ ਰਹਿਣਾ ਵੀ ਸੰਭਵ ਨਹੀਂ ਸੀ।

ਸਰਦਾਰ ਨਰੈਣ ਸਿੰਘ ਦੇ ਮਨ 'ਤੇ ਇਸ ਘਟਨਾ ਦਾ ਬਹੁਤ ਡੂੰਘਾ ਅਸਰ ਹੋਇਆ। ਉਨ੍ਹਾਂ ਦੇ ਧੁਰ ਅੰਦਰ ਸਿੱਖੀ ਕਮਾਉਣ ਦੇ ਜਜ਼ਬਾਤ ਲਹਿਰਾਉਣ ਲਗੇ। ਇਸ ਦ੍ਰਿਸ਼ ਨੇ ਆਪ ਨੂੰ ਐਨਾ ਟੁੰਬਿਆ ਕਿ ਉਮਰ ਭਰ ਆਪ ਇਸ ਸਾਕੇ ਨੂੰ ਭੁਲਾ ਨਾ ਸਕੇ।

ਆਪਣੀ ਪੜ੍ਹਾਈ ਜਾਰੀ ਰਖਦੇ ਹੋਏ 1922 ਈ. ਵਿਚ ਆਪ ਨੇ ਬੀ. ਏ. ਪਾਸ ਕੀਤੀ। ਪੜ੍ਹਾਈ ਦੌਰਾਨ ਨਰੈਣ ਸਿੰਘ ਨੇ ਧਾਰਮਿਕ, ਸਮਾਜਿਕ, ਸਭਿਆਚਾਰਕ ਤੇ ਰਾਜਨੀਤਕ ਖੇਤਰ ਅੰਦਰ ਵੀ ਵਿਸ਼ੇਸ਼ ਪ੍ਰਾਪਤੀ ਕੀਤੀ। ਇਸ ਬਾਬਤ ਸਰਦਾਰ ਨਰੈਣ ਸਿੰਘ ਲਿਖਦੇ ਹਨ :

> *ਭਾਰਤ, ਖਾਸ ਕਰਕੇ ਪੰਜਾਬ ਦੇ ਇਤਿਹਾਸ ਵਿਚ ਇਹ ਚਾਰ ਸਾਲ ਵਡੇ ਮਹੱਤਵਪੂਰਨ ਸਨ ਅਤੇ ਵਿਦਿਆਰਥੀ ਹੁੰਦੇ ਹੋਏ ਜਿਥੇ ਮੇਰੇ ਵਿਦਿਅਕ ਗਿਆਨ ਵਿਚ ਇਨ੍ਹਾਂ ਸਾਲਾਂ ਨੇ ਕਾਫੀ ਵਾਧਾ ਕੀਤਾ, ਉਥੇ ਧਾਰਮਕ, ਸਭਿਆਚਾਰਕ, ਸਮਾਜਕ ਤੇ ਰਾਜਨੀਤਕ ਖੇਤਰਾਂ ਅੰਦਰ ਮੈਨੂੰ ਇਸ ਸਮੇਂ ਕੋਈ ਘਟ ਪ੍ਰਾਪਤੀ ਨਹੀਂ ਹੋਈ।*[8]

ਸਰਦਾਰ ਨਰੈਣ ਸਿੰਘ ਨੇ ਸੰਨ 1923 ਈ. ਵਿਚ ਸੈਂਟਰਲ ਟ੍ਰੇਨਿੰਗ ਕਾਲਜ, ਲਾਹੌਰ ਤੋਂ ਸੀਨੀਅਰ ਐਂਗਲੋ ਵਰਨੈਕੂਲਰ ਸਰਟੀਫਿਕੇਟ ਦਾ ਇਮਿਤਿਹਾਨ (ਖੇਤਰ ਭਾਸ਼ਾ ਦਾ ਇਮਿਤਿਹਾਨ) ਨਿਜੀ ਤੌਰ 'ਤੇ (Private) ਪਾਸ ਕੀਤਾ, ਜਿਸ ਕਰਕੇ ਆਪ ਵਡੀਆਂ ਜਮਾਤਾਂ ਨੂੰ ਅੰਗਰੇਜ਼ੀ ਤੇ ਹਿਸਾਬ ਆਦਿ ਵਿਸ਼ੇ ਪੜ੍ਹਾਉਣ ਦੇ ਯੋਗ ਹੋ ਗਏ। ਬੇਸ਼ਕ ਆਪ ਨੇ ਕੁਝ ਸਮਾਂ ਅਧਿਆਪਕ ਵਜੋਂ ਨੌਕਰੀ ਵੀ ਕੀਤੀ, ਪਰੰਤੂ ਹੋਰ ਪੜ੍ਹਨ ਦੀ ਲਾਲਸਾ ਕਾਰਨ ਥੋੜ੍ਹੇ ਸਮੇਂ ਬਾਅਦ ਹੀ ਮੁੜ 1929 ਵਿਚ ਆਪ ਨੇ ਐਫ. ਸੀ. ਕਾਲਜ, ਲਾਹੌਰ ਵਿਖੇ ਐਮ. ਏ. (ਅੰਗਰੇਜ਼ੀ) ਵਿਚ ਦਾਖਲਾ ਲੈ ਲਿਆ। ਉਕਤ ਸਮੇਂ ਦੌਰਾਨ ਆਪ ਦੇ ਪਿਤਾ ਸ. ਬੂਟਾ ਸਿੰਘ ਬਿਮਾਰ ਹੋਣ ਕਾਰਨ 3 ਅਪ੍ਰੈਲ, 1930 ਨੂੰ ਅਕਾਲ ਚਲਾਣਾ ਕਰ ਗਏ। ਇਨ੍ਹਾਂ ਦਿਨਾਂ ਵਿਚ ਹੀ ਸਰਦਾਰ ਨਰੈਣ ਸਿੰਘ ਦੇ ਇਮਿਤਿਹਾਨ ਸਨ। ਪਿਤਾ ਦੀ ਮੌਤ ਦਾ ਮਨ 'ਤੇ ਅਸਰ ਹੋਣਾ ਸੁਭਾਵਿਕ ਸੀ, ਪਰ ਫਿਰ ਵੀ ਵਡੇ ਭਰਾਵਾਂ ਦੀ ਸੁਯੋਗ ਅਗਵਾਈ ਮਿਲਣ ਕਾਰਨ ਆਪ ਪਿਤਾ ਜੀ ਪ੍ਰਤੀ ਬਣਦੀਆਂ ਅੰਤਿਮ ਜ਼ਿੰਮੇਵਾਰੀਆਂ ਨਿਭਾਅ ਕੇ ਵਾਪਿਸ ਕਾਲਜ ਚਲੇ ਗਏ ਅਤੇ 14 ਅਪ੍ਰੈਲ, 1930 ਨੂੰ ਐਮ. ਏ. ਦੇ ਇਮਿਤਿਹਾਨ 'ਚ ਬੈਠੇ। ਨਤੀਜੇ ਵਜੋਂ ਆਪ ਕਾਲਜ ਵਿਚੋਂ ਅੱਵਲ ਤੇ ਪੰਜਾਬ ਯੂਨੀਵਰਸਿਟੀ, ਲਾਹੌਰ ਵਿਚੋਂ ਚੌਥੇ ਸਥਾਨ 'ਤੇ ਰਹੇ।

ਪਰਿਵਾਰ

ਸਰਦਾਰ ਨਰੈਣ ਸਿੰਘ ਦੇ ਸਮਕਾਲੀਨ ਸਮਾਜ ਦਾ ਤਾਣਾ-ਬਾਣਾ ਬਹੁਤ ਉਲਝਿਆ ਹੋਇਆ ਸੀ। ਸਮਾਜ ਵਿਚ ਪ੍ਰਚਲਤ ਅਨੇਕਾਂ ਗੀਤਾਂ ਵਿਚਲੀ ਬਾਲ-ਵਿਆਹ

---

8. *ਮੇਰਾ ਜੀਵਨ ਪੰਧ ਤੇ ਸਾਹਿਤ ਰੁਚੀ*, ਪੂਰਵ ਅੰਕਤ, ਪੰਨਾ 11.

ਦੀ ਰੀਤ ਆਮ ਸੀ। ਇਸੇ ਅਧੀਨ ਬਾਲਕ ਨਰੈਣ ਸਿੰਘ ਦਾ ਵਿਆਹ ਵੀ ਛੋਟੀ ਉਮਰੇ ਹੀ ਹੋ ਗਿਆ। 10-11 ਸਾਲ ਦੀ ਉਮਰ ਵਿਚ ਬੜੇ ਹੀ ਸਾਦੇ ਢੰਗ ਨਾਲ ਆਪ ਦੀ ਮੰਗਣੀ ਹੋਈ। ਆਪ ਅਨੁਸਾਰ :

> *ਮੈਂ ਦਸ ਗਿਆਰਾਂ ਸਾਲ ਦਾ ਹੀ ਸੀ ਜਦ ਮੇਰੀ ਮੰਗਣੀ ਹੋਈ। ਬੜੀ ਸਾਦਾ ਰਸਮ ਹੁੰਦੀ ਸੀ। ਮੈਂ ਬਾਹਰ ਖੇਡਦਾ ਫਿਰਦਾ ਸੀ ਕਿ ਮੇਰਾ ਭਰਾ ਮੈਨੂੰ ਬੁਲਾ ਕੇ ਲੈ ਗਿਆ ਕਿ 'ਆ ਤੇਰੀ ਮੰਗਣੀ ਕਰੀਏ', ਅਸੀਂ ਪਿੰਡ ਦੀ ਧਰਮਸਾਲਾ ਵਿਚ ਗਏ। ਉਥੇ [ਸ੍ਰੀ ਗੁਰੂ ਗ੍ਰੰਥ ਸਾਹਿਬ ਜੀ] ਪ੍ਰਕਾਸ਼ ਹੋਇਆ ਹੋਇਆ ਸੀ। ਮੇਰੇ ਪਿਤਾ ਜੀ, ਪਿੰਡ ਦੇ ਕੁਝ ਹੋਰ ਸੱਜਣ ਤੇ ਮੇਰੀ ਬਨਣ ਵਾਲੀ ਵਹੁਟੀ ਦੇ ਦਾਦਾ ਜੀ ਸ. ਵਰਿਆਮ ਸਿੰਘ ਬੈਠੇ ਸਨ। ਅਸੀਂ ਵੀ ਮੱਥਾ ਟੇਕ ਕੇ ਬੈਠ ਗਏ। ਅਰਦਾਸਾ ਹੋਇਆ ਅਤੇ ਸ. ਵਰਿਆਮ ਸਿੰਘ ਨੇ ਇਕ ਚਾਂਦੀ ਦਾ ਰੁਪੈਆ ਅਤੇ ਗੁੜ ਦੀ ਰੋੜੀ ਮੇਰੇ ਕੁੜਤੇ ਦੀ ਝੋਲੀ ਵਿਚ ਪਾ ਦਿੱਤੇ ਅਤੇ ਇਕ ਛੁਹਾਰਾ ਮੇਰੇ ਮੂੰਹ ਵਿਚ ਦੇ ਦਿੱਤਾ। ਬਸ, ਹਾਜ਼ਰ ਸਜਣਾਂ ਨੇ ਮੇਰੇ ਪਿਤਾ ਜੀ ਨੂੰ ਵਧਾਈ ਦਿੱਤੀ, ਪ੍ਰਸ਼ਾਦ ਵਰਤਿਆ ਅਤੇ ਅਸੀਂ ਘਰੋ ਘਰੀ ਚਲੇ ਗਏ।*[9]

ਮੰਗਣੀ ਤੋਂ ਕੁਝ ਚਿਰ ਮਗਰੋਂ 26 ਸਾਉਣ, 1914 ਈ. ਨੂੰ ਆਪ ਦਾ ਅਨੰਦ-ਕਾਰਜ ਬੀਬੀ ਮਹੰਤ ਕੌਰ ਨਾਲ ਹੋਇਆ। ਨਰੈਣ ਸਿੰਘ ਦੇ ਵਿਆਹ ਮੌਕੇ ਵੀ ਅਜ ਵਾਂਗ ਅਨੇਕਾਂ ਰਸਮਾਂ ਪ੍ਰਚਲਤ ਸਨ। ਮਿਸਾਲ ਵਜੋਂ, ਨਰੈਣ ਸਿੰਘ ਦੀ ਬਰਾਤ ਤੁਰਨ ਤੋਂ ਪਹਿਲਾਂ ਪਿੰਡ ਦੇ ਵਡੇਰਿਆਂ ਨੇ ਉਨ੍ਹਾਂ ਤੋਂ ਪਿੰਡ ਦੇ ਬਾਹਰ ਖੜ੍ਹੇ ਜੰਡ ਦੇ ਰੁਖ ਦੀ ਇਕ ਟਹਿਣੀ ਕਟਵਾਈ ਤੇ ਫਿਰ ਬਰਾਤ ਨੇ ਜਾਣਾ ਕੀਤਾ। ਰਸਤੇ ਵਿਚ ਆਪ ਦੇ ਪਿਤਾ ਗੁਰਬਾਣੀ ਵਿਚਲਾ ਛੰਦ...

> *ਸਖੀ ਕਾਜਲ ਹਾਰ ਤੰਬੋਲ ਸਭੈ ਕਿਛੁ ਸਾਜਿਆ॥*
> *ਸੋਲਹ ਕੀਏ ਸੀਗਾਰ ਕਿ ਅੰਜਨੁ ਪਾਜਿਆ॥*
> *ਜੇ ਘਰਿ ਆਵੈ ਕੰਤੁ ਤ ਸਭੁ ਕਿਛੁ ਪਾਈਐ॥*
> *ਹਰਿਹਾਂ ਕੰਤੈ ਬਾਝੁ ਸੀਗਾਰੁ ਸਭੁ ਬਿਰਥਾ ਜਾਈਐ...॥*[10]

ਆਪ ਨੂੰ ਯਾਦ ਕਰਵਾਉਂਦੇ ਗਏ ਕਿ ਜੇਕਰ ਸਾਲੀਆਂ ਕੋਈ ਛੰਦ ਸੁਨਾਉਣ ਲਈ ਕਹਿਣ ਤਾਂ ਸੁਣਾਂ ਦੇਵੀਂ।

ਨਰੈਣ ਸਿੰਘ ਦੀ ਪਤਨੀ ਬੀਬੀ ਮਹੰਤ ਕੌਰ ਬਹੁਤ ਹੀ ਨਰਮ ਸੁਭਾਅ ਵਾਲੀ ਲੜਕੀ ਸੀ। ਬੇਸ਼ਕ ਦੋਹਾਂ ਦਾ ਬਚਪਨ ਸੀ ਪਰੰਤੂ ਫਿਰ ਵੀ ਜਿਉਂ-ਜਿਉਂ ਸਮਾਂ ਲੰਘਦਾ ਗਿਆ, ਉਨ੍ਹਾਂ ਦੀ ਆਪਸੀ ਸਮਝ ਤੇ ਪਿਆਰ ਵਧਦਾ ਗਿਆ। ਵਿਆਹ

---

9. *ਮੇਰਾ ਜੀਵਨ ਪੰਧ ਤੇ ਸਾਹਿਤ ਰੁਚੀ*, ਪੂਰਵ ਅੰਕਤ, ਪੰਨਾ 5.
10. ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੯੧-੯੨.

ਉਪਰੰਤ ਅਕਾਲ ਪੁਰਖ ਨੇ ਆਪ ਨੂੰ ਸਮੇਂ-ਸਮੇਂ 'ਤੇ ਚਾਰ ਲੜਕੇ- ਜੋਗਿੰਦਰ ਸਿੰਘ, ਜਸਇੰਦਰ ਸਿੰਘ, ਗੁਰਬਖਸ਼ ਸਿੰਘ ਤੇ ਹਰਬਖਸ਼ ਸਿੰਘ ਅਤੇ ਚਾਰ ਲੜਕੀਆਂ- ਅਪਾਰ ਕੌਰ, ਇੰਦਰਜੀਤ ਕੌਰ, ਹਰਜੀਤ ਕੌਰ ਤੇ ਜਗਦੀਸ਼ ਕੌਰ ਦੀ ਦਾਤ ਬਖਸ਼ੀ। ਮਾਤਾ-ਪਿਤਾ ਨੇ ਰਲ ਕੇ ਆਪਣੇ ਸਾਰੇ ਬੱਚਿਆਂ ਦੀ ਚੰਗੀ ਤਰ੍ਹਾਂ ਪਾਲਣਾ-ਪੋਸ਼ਣਾ ਕੀਤੀ। ਆਪ ਨੇ ਆਪਣੀਆਂ ਬਣਦੀਆਂ ਜ਼ਿੰਮੇਵਾਰੀਆਂ ਨਿਭਾਉਂਦੇ ਹੋਏ ਸਾਰੇ ਬੱਚਿਆਂ ਨੂੰ ਚੰਗਾ ਪੜ੍ਹਾਇਆ-ਲਿਖਾਇਆ, ਜਿਸ ਸਦਕਾ ਉਹ ਸਾਰੇ ਉਚ ਵਿਦਿਆ ਪ੍ਰਾਪਤ ਕਰਕੇ ਚੰਗੀਆਂ ਨੌਕਰੀਆਂ ਕਰਨ ਉਪਰੰਤ ਸੇਵਾ ਮੁਕਤ ਹੋ ਕੇ ਅਜਕਲ (2011) ਆਪੋ-ਆਪਣੇ ਪਰਿਵਾਰਾਂ ਨਾਲ ਸੁਖਮਈ ਜੀਵਨ ਬਤੀਤ ਕਰ ਰਹੇ ਹਨ। ਇਨ੍ਹਾਂ ਦਾ ਸੰਖੇਪ ਵੇਰਵਾ ਇਸ ਪ੍ਰਕਾਰ ਹੈ :

ਸਰਦਾਰ ਨਰੈਣ ਸਿੰਘ ਦੇ ਸਭ ਤੋਂ ਵਡੇ ਪੁਤਰ ਸ. ਜੋਗਿੰਦਰ ਸਿੰਘ ਸੰਨ 2009 ਵਿਚ 86 ਸਾਲ ਦੀ ਉਮਰ ਭੋਗ ਕੇ ਅਕਾਲ ਚਲਾਣਾ ਕਰ ਗਏ ਸਨ। ਉਨ੍ਹਾਂ ਦਾ ਪਰਿਵਾਰ ਅਜਕਲ (2011) ਕੈਨੇਡਾ ਵਿਖੇ ਰਹਿ ਰਿਹਾ ਹੈ। ਦੂਜੇ ਪੁਤਰ ਸ. ਜਸਇੰਦਰ ਸਿੰਘ (80) ਨੂੰ ਜ਼ਿਆਦਾਤਰ ਜੱਜ ਸਾਹਿਬ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਹ ਪਰਿਵਾਰ ਸਣੇ ਆਪਣੇ ਪਿਤਾ ਦੇ ਘਰ ਪਿੰਡ ਬੂਟਾ ਸਿੰਘ ਵਾਲਾ (ਸਨੌਰ), ਜ਼ਿਲ੍ਹਾ ਪਟਿਆਲਾ ਵਿਖੇ ਹੀ ਰਹਿ ਰਹੇ ਹਨ। ਤੀਜੇ ਪੁਤਰ ਸ. ਗੁਰਬਖਸ਼ ਸਿੰਘ ਅਕਾਲ ਪੁਰਖ ਦੇ ਭਾਣੇ ਵਿਚ 7 ਜਨਵਰੀ, 1980 ਈ. ਨੂੰ 45 ਸਾਲ ਦੀ ਉਮਰ ਭੋਗ ਕੇ ਅਕਾਲ ਚਲਾਣਾ ਕਰ ਗਏ ਸਨ ਤੇ ਚੌਥੇ ਸ. ਹਰਬਖਸ਼ ਸਿੰਘ (68) ਬੀ. ਐਸ. ਐਫ. ਵਿਚੋਂ ਬਤੌਰ ਆਈ. ਜੀ. ਸੇਵਾ ਮੁਕਤ ਹੋ ਕੇ ਮੌਜੂਦਾ ਸਮੇਂ (2011) ਵਿਚ ਆਪਣੇ ਪਰਿਵਾਰ ਨਾਲ ਚੰਡੀਗੜ੍ਹ ਵਿਖੇ ਰਹਿ ਰਹੇ ਹਨ।

ਲੜਕੀਆਂ ਵਿਚੋਂ ਸਭ ਤੋਂ ਵਡੀ ਬੇਟੀ ਬੀਬੀ ਅਪਾਰ ਕੌਰ (89) ਆਪਣੇ ਪਰਿਵਾਰ ਨਾਲ ਪਟਿਆਲਾ ਵਿਖੇ ਰਹਿ ਰਹੀ ਹੈ। ਦੂਜੀ, ਬੀਬੀ ਇੰਦਰਜੀਤ ਕੌਰ (85) ਵੀ ਆਪਣੇ ਪਰਿਵਾਰ ਨਾਲ ਪਟਿਆਲਾ ਵਿਖੇ ਹੀ ਰਹਿ ਰਹੀ ਹੈ। ਤੀਜੀ ਲੜਕੀ, ਹਰਜੀਤ ਕੌਰ 74 ਸਾਲ ਦੀ ਉਮਰ ਭੋਗ ਕੇ ਅਕਾਲ ਚਲਾਣਾ ਕਰ ਗਈ ਸੀ ਤੇ ਚੌਥੀ ਜਗਦੀਸ਼ ਕੌਰ ਆਪਣੇ ਪਰਿਵਾਰ ਨਾਲ ਅਮਰੀਕਾ ਵਿਖੇ ਰਹਿ ਰਹੀ ਹੈ।

ਸਰਦਾਰ ਨਰੈਣ ਸਿੰਘ ਦੇ ਜੀਵਨ ਵਿਚਲੀ ਇਕ ਦਿਲਚਸਪ ਗੱਲ ਇਹ ਹੈ ਕਿ ਆਪ ਨੂੰ ਆਪਣੇ ਬਜ਼ੁਰਗਾਂ ਦੇ ਕਹਿਣ 'ਤੇ ਦੂਜਾ ਵਿਆਹ ਵੀ ਕਰਵਾਉਣਾ ਪਿਆ। ਇਸ ਦਾ ਕਾਰਨ ਕੁਝ ਇਉਂ ਬਣਿਆ ਕਿ ਆਪ ਦੇ ਵਡੇ ਭਰਾ ਸ. ਗੁਰਬਖਸ਼ ਸਿੰਘ ਦੇ ਅਚਾਨਕ ਛੋਟੀ ਉਮਰੇ ਅਕਾਲ ਚਲਾਣਾ ਕਰ ਜਾਣ ਪਿਛੋਂ ਉਨ੍ਹਾਂ ਦੀ ਪਤਨੀ ਇਕੱਲੀ ਰਹਿ ਗਈ। ਘਰ ਵਿਚਲੇ ਵਡੇ-ਵਡੇਰਿਆਂ ਨੇ ਸੋਚ-ਵਿਚਾਰ ਕੇ ਆਪਣੀ ਨੂੰਹ ਨੂੰ ਘਰ ਵਿਚ ਹੀ ਰਖਣ ਦੇ ਇਰਾਦੇ ਨਾਲ ਨਰੈਣ ਸਿੰਘ ਦਾ ਬੀਬੀ ਜਸਪਾਲ ਕੌਰ ਨਾਲ ਮੁੜ ਵਿਆਹ ਕਰਵਾ ਦਿਤਾ।

ਬੇਸ਼ਕ ਸਰਦਾਰ ਨਰੈਣ ਸਿੰਘ ਪਹਿਲਾਂ ਤੋਂ ਹੀ ਵਿਆਹੇ ਹੋਏ ਸਨ ਪਰੰਤੂ ਫਿਰ ਵੀ ਦੋਹਾਂ ਬੀਬੀਆਂ ਨੇ ਆਪਸੀ ਪਿਆਰ ਬਣਾ ਕੇ ਰਖਿਆ। ਆਪ ਨੂੰ ਜੀਵਨ ਭਰ

ਕਦੇ ਇਸ ਦੂਜੇ ਵਿਆਹ ਕਾਰਨ ਪ੍ਰੇਸ਼ਾਨੀ ਨਹੀਂ ਝਲਣੀ ਪਈ, ਸਗੋਂ ਦੋਹਾਂ ਪਤਨੀਆਂ ਨੇ ਆਪ ਦਾ ਭਰਪੂਰ ਸਾਥ ਦਿਤਾ।

ਬੀਬੀ ਜਸਪਾਲ ਕੌਰ ਨੂੰ ਵੀ ਵਾਹਿਗੁਰੂ ਨੇ ਦੋ ਲੜਕੇ ਅਤੇ ਇਕ ਲੜਕੀ–ਮਹਿੰਦਰ ਸਿੰਘ, ਇਕਬਾਲ ਸਿੰਘ ਤੇ ਤ੍ਰਿਪਤ ਕੌਰ ਦੀ ਦਾਤ ਬਖਸ਼ੀ। ਇਹ ਵੀ ਸਾਰੇ ਪੜ੍ਹ-ਲਿਖ ਕੇ ਕਾਮਯਾਬ ਇਨਸਾਨ ਬਣੇ। ਇਹ ਸਾਰੇ ਚੰਗੇ ਅਹੁਦਿਆਂ ਤੋਂ ਸੇਵਾ ਮੁਕਤ ਹੋ ਕੇ ਆਪੋ-ਆਪਣੇ ਪਰਿਵਾਰਾਂ ਨਾਲ ਰਹਿ ਰਹੇ ਹਨ। ਇਨ੍ਹਾਂ ਦਾ ਸੰਖੇਪ ਵੇਰਵਾ ਇਸ ਪ੍ਰਕਾਰ ਹੈ :

ਮਾਤਾ ਜਸਪਾਲ ਕੌਰ ਦੇ ਵਡੇ ਪੁਤਰ ਸ. ਮਹਿੰਦਰ ਸਿੰਘ (74) ਇਸ ਸਮੇਂ (2011) ਆਪਣੇ ਪਰਿਵਾਰ ਨਾਲ ਅਮਰੀਕਾ ਵਿਖੇ ਰਹਿ ਰਹੇ ਹਨ। ਛੋਟਾ ਪੁਤਰ ਸ. ਇਕਬਾਲ ਸਿੰਘ (65) ਸੀ. ਆਰ. ਪੀ. ਐਫ. ਵਿਚੋਂ ਬਤੌਰ ਡੀ. ਆਈ. ਜੀ ਸੇਵਾ ਮੁਕਤ ਹੋ ਕੇ ਚੰਡੀਗੜ੍ਹ ਵਿਖੇ ਆਪਣੇ ਪਰਿਵਾਰ ਨਾਲ ਰਹਿ ਰਿਹਾ ਹੈ। ਮਾਤਾ ਜਸਪਾਲ ਕੌਰ ਦੀ ਬੇਟੀ ਬੀਬੀ ਤ੍ਰਿਪਤ ਕੌਰ (64) ਪੰਜਾਬ ਸਕੂਲ ਸਿਖਿਆ ਬੋਰਡ 'ਚੋਂ ਬਤੌਰ ਡਿਪਟੀ ਡਾਇਰੈਕਟਰ ਸੇਵਾ ਮੁਕਤ ਹੋ ਕੇ ਆਪਣੇ ਪਰਿਵਾਰ ਨਾਲ ਚੰਡੀਗੜ੍ਹ ਵਿਖੇ ਰਹਿ ਰਹੀ ਹੈ।

ਅਹੁਦੇ/ਨੌਕਰੀਆਂ

ਸਰਦਾਰ ਨਰੈਣ ਸਿੰਘ ਬੀ. ਏ. ਦੀ ਪੜ੍ਹਾਈ ਪੂਰੀ ਕਰਨ ਉਪਰੰਤ ਕਾਲਜ ਛਡ ਕੇ ਜਦੋਂ ਘਰ ਚਲੇ ਗਏ ਤਾਂ ਸੁਭਾਵਿਕ ਹੀ ਆਪ ਨੂੰ ਵਿਹਲੇ ਹੋਣ ਦੀ ਚਿੰਤਾ ਸਤਾਉਣ ਲਗੀ। ਘਰ ਵਿਹਲੇ ਰਹਿਣ ਕਾਰਨ ਆਪ ਦੇ ਮਨ ਦੀ ਦਸ਼ਾ ਢਹਿੰਦੀ ਕਲਾ ਵਾਲੀ ਹੋ ਗਈ। ਕੁਝ ਕੁ ਮਹੀਨਿਆਂ ਬਾਅਦ ਦਾਤੇ ਦੀ ਨਦਰ ਸਵੱਲੀ ਹੋਈ ਤਾਂ ਆਪ ਦੇ ਇਕ ਮਿਤਰ ਸ. ਈਸ਼ਰ ਸਿੰਘ, ਜਿਹੜੇ ਕਿ ਖਾਲਸਾ ਹਾਈ ਸਕੂਲ, ਗੁਜਰਾਖਾਨਾ ਵਿਖੇ ਉਪ-ਮੁਖ ਅਧਿਆਪਕ ਲਗੇ ਹੋਏ ਸਨ, ਵਲੋਂ ਸਰਦਾਰ ਨਰੈਣ ਸਿੰਘ ਨੂੰ ਉਸੇ ਸਕੂਲ ਵਿਚ ਬਤੌਰ ਧਾਰਮਿਕ ਅਧਿਆਪਕ ਲੱਗਣ ਬਾਰੇ ਇਕ ਪੱਤਰ ਮਿਲਿਆ। ਇਸ ਤਜਵੀਜ਼ ਨੂੰ ਲੈ ਕੇ ਉਨ੍ਹਾਂ ਦੇ ਮਨ ਅੰਦਰ ਦੁਬਿਧਾ ਪੈਦਾ ਹੋ ਗਈ। ਨੌਕਰੀ ਮਿਲਣ ਦਾ ਪਖ ਵਿਚਾਰਦੇ ਹੋਏ ਉਹ ਖੁਸ਼ ਵੀ ਸਨ, ਪਰੰਤੂ ਨਾਲ ਹੀ ਆਪਣੇ ਆਪ ਨੂੰ ਉਹ ਇਸ ਨੌਕਰੀ ਦੇ ਯੋਗ ਵੀ ਨਹੀਂ ਸਨ ਸਮਝਦੇ। ਇਸ ਸਬੰਧੀ ਉਸ ਮੌਕੇ ਕੀਤੀ ਆਪਣੀ ਸ੍ਵੈ-ਪੜਚੋਲ ਪੇਸ਼ ਕਰਦੇ ਹੋਏ ਉਹ ਲਿਖਦੇ ਹਨ :

> *ਮੈਂ ਆਪਣੇ ਅੰਦਰ ਝਾਤ ਪਾਉਂਦਾ ਤੇ ਸੋਚਦਾ ਸਾਂ ਕਿ ਕੀ ਮੈਂ ਧਾਰਮਕ ਟੀਚਰ ਹੋਣ ਦੇ ਫਿੱਟ ਭੀ ਹਾਂ। ਮੈਂ ਜੋ ਆਪ ਧਰਮੀ ਨਹੀਂ, ਬੱਚਿਆਂ ਨੂੰ ਕੀ ਧਰਮ ਪੜ੍ਹਾਂਵਾਂਗਾ? ਪਹਿਲੇ ਆਪ ਧਰਮ ਨੂੰ ਸਮਝਾਂ, ਤਾਂ ਹੀ ਧਰਮ ਪੜ੍ਹਾ ਸਕਣ ਦੇ ਯੋਗ ਹੋਵਾਂਗਾ।*[11]

---

11. *ਮੇਰਾ ਜੀਵਨ ਪੰਧ ਤੇ ਸਾਹਿਤ ਰੁਚੀ*, ਪੂਰਵ ਅੰਕਤ, ਪੰਨਾ 37.

ਕਈ ਦਿਨ ਇਸ ਬਾਰੇ ਸੋਚ-ਵਿਚਾਰ ਕੇ ਅੰਤ ਸਰਦਾਰ ਨਰੈਣ ਸਿੰਘ ਨੇ ਫੈਸਲਾ ਲਿਆ ਅਤੇ ਸਤੰਬਰ, 1922 ਈ. ਵਿਚ ਖਾਲਸਾ ਹਾਈ ਸਕੂਲ, ਗੁਜਰਾਖਾਨਾ (ਪਾਕਿਸਤਾਨ) ਵਿਖੇ ਬਤੌਰ ਧਾਰਮਿਕ ਅਧਿਆਪਕ ਸੇਵਾ ਸੰਭਾਲੀ। ਇਥੇ ਸਕੂਲ ਦੇ ਵਿਦਿਆਰਥੀਆਂ ਨੂੰ ਗੁਰਬਾਣੀ ਪੜ੍ਹਾਉਣ ਤੋਂ ਇਲਾਵਾ ਆਪ ਹਰੇਕ ਐਤਵਾਰ ਸਿੰਘ ਸਭਾ ਦੇ ਦੀਵਾਨ ਵਿਚ ਭਾਸ਼ਣ ਵੀ ਦਿੰਦੇ ਸਨ।

ਸਰਦਾਰ ਨਰੈਣ ਸਿੰਘ ਨੇ ਜਦੋਂ ਉਪਰੋਕਤ ਸਕੂਲ ਦੀ ਸੇਵਾ ਸੰਭਾਲੀ ਤਾਂ ਉਸ ਸਮੇਂ ਇਕ ਵਾਰ ਫਿਰ ਇਤਿਹਾਸ ਨੇ ਆਪਣੇ ਆਪ ਨੂੰ ਦੁਹਰਾਇਆ। ਸੰਨ 1922 ਈ. ਦੇ ਅਗਸਤ ਮਹੀਨੇ ਵਿਚ ਮੋਰਚਾ 'ਗੁਰੂ ਕਾ ਬਾਗ'[12] ਆਰੰਭ ਹੋ ਚੁਕਿਆ ਸੀ। ਇਸ ਮੋਰਚੇ ਵਿਚ ਰੋਜ਼ਾਨਾ ਸੌ (100) ਸਿੰਘ ਅਕਾਲ ਤਖ਼ਤ ਸਾਹਿਬ 'ਤੇ ਅਰਦਾਸਾ ਸੋਧ ਕੇ 'ਗੁਰੂ ਕਾ ਬਾਗ' ਨੂੰ ਚਾਲਾ ਮਾਰਦੇ। ਪਰੰਤੂ ਰਸਤੇ ਵਿਚ ਹੀ ਪੁਲਿਸ ਇਨ੍ਹਾਂ ਸਿੰਘਾਂ ਨੂੰ ਸੰਮਾਂ ਵਾਲੀਆਂ ਡਾਂਗਾਂ ਮਾਰ-ਮਾਰ ਕੇ ਬੇਹੋਸ਼ ਕਰ ਦਿੰਦੀ। ਕੁਝ ਦਿਨ ਇਸੇ ਤਰ੍ਹਾਂ ਚਲਣ 'ਤੇ ਜਦੋਂ ਸਿੰਘਾਂ ਨੂੰ ਕੁਝ ਬਣਦਾ ਨਜ਼ਰ ਨਾ ਆਇਆ ਤਾਂ ਉਨ੍ਹਾਂ ਨੇ ਗ੍ਰਿਫ਼ਤਾਰੀਆਂ ਦੇਣੀਆਂ ਸ਼ੁਰੂ ਕਰ ਦਿਤੀਆਂ। ਅੰਤ, ਇਹ ਮੋਰਚਾ ਸ਼ਾਂਤਮਈ ਢੰਗ ਨਾਲ ਮਹੰਤ ਸੁੰਦਰ ਦਾਸ ਪਾਸੋਂ ਗੁਰੂ ਘਰ ਦਾ ਕਬਜ਼ਾ ਤੇ ਜ਼ਮੀਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਲੈਣ ਤਕ ਜਾਰੀ ਰਿਹਾ। ਮੋਰਚੇ ਵਿਚ ਲਗਪਗ 1500 ਤੋਂ ਵਧ ਸਿੰਘ ਫਟੜ ਹੋਏ, ਕਈ ਸ਼ਹੀਦ ਹੋਏ ਅਤੇ 5605 ਸਿੰਘ ਜੇਲ੍ਹਾਂ ਅੰਦਰ ਕੈਦ ਕੀਤੇ ਗਏ। ਸਰਦਾਰ ਨਰੈਣ ਸਿੰਘ ਮੋਰਚੇ ਦਾ ਅੱਖੀਂ ਡਿਠਾ ਦ੍ਰਿਸ਼ ਬਿਆਨ ਕਰਦੇ ਹੋਏ ਲਿਖਦੇ ਹਨ :

> *13 ਅਕਤੂਬਰ ਨੂੰ ਇਕ ਅਜਬ ਨਜ਼ਰਾ ਦੇਖਿਆ। ਸ਼ਾਮ ਦੇ ਚਾਰ ਵਜੇ ਇਕ ਸਪੈਸ਼ਲ ਗੱਡੀ ਗੁਜਰਾਖਾਨਾ ਖਲਾਰੀ ਗਈ। ਇਸ ਵਿਚ ਸਤ ਸੌ ਗੁਰੂ ਕੇ ਬਾਗ ਤੋਂ ਫੜੇ ਹੋਏ ਅਕਾਲੀ ਬੰਦ ਸਨ, ਬਹੁਤਿਆਂ ਨੂੰ ਹਥ-ਕੜੀਆਂ ਲੱਗੀਆਂ ਹੋਈਆਂ ਸਨ, ਦੇਖ ਕੇ ਸ੍ਰੀ ਗੁਰੂ ਕਲਗੀਧਰ ਦੀ ਪਿਆਰੀ ਫੌਜ ਚੇਤੇ ਆਉਂਦੀ ਸੀ- ਕਿਹਾ ਸੋਹਣੇ ਗੁਰੂ ਦੇ ਦੁਲਾਰੇ-ਜਵਾਨ ਅਜੇਹੇ ਕਿ ਦੇਖਿਆਂ ਸਿਕ ਭੁਖ ਲਹਿ ਜਾਵੇ। ਸਭ ਦੇ ਚਿਹਰਿਆਂ 'ਤੇ ਇਕ ਚਮਕਦੀ*

---

12. 'ਗੁਰੂ ਕਾ ਬਾਗ' ਨਾਮੀ ਗੁਰੂ ਧਾਮ ਅੰਮ੍ਰਿਤਸਰ ਤੋਂ 15 ਕੁ ਮੀਲ ਦੀ ਦੂਰੀ 'ਤੇ ਉਤਰ ਦਿਸ਼ਾ ਵਲ, ਤਹਿਸੀਲ ਅਜਨਾਲਾ ਵਿਚ 'ਘੁੱਕੇਵਾਲੀ' ਨਾਂ ਦੇ ਪਿੰਡ ਵਿਚ ਹੈ। ਇਹ ਗੁਰੂ ਧਾਮ ਪਹਿਲਾਂ ਪਿੰਡ ਸਹਿੰਸਰੇ ਵਿਚ ਸੀ। ਸਹਿੰਸਰੇ ਦੀ ਸੰਗਤ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਬੇਨਤੀ ਕਰਕੇ ਪਿੰਡ ਵਿਚ ਲੈ ਆਈ ਜਿਥੇ ਗੁਰੂ ਸਾਹਿਬ ਕੁਝ ਦਿਨ ਰਹੇ। ਪਿਛੋਂ ਮਹਾਰਾਜਾ ਰਣਜੀਤ ਸਿੰਘ ਨੇ ਇਸ ਅਸਥਾਨ ਦੀ ਸੇਵਾ ਕਰਵਾਈ ਤੇ ਸੁੰਦਰ ਗੁਰਦੁਆਰਾ ਬਣਵਾਇਆ। ਗੁਰਦੁਆਰੇ ਵਿਚ ਇਕ ਬਾਗ ਹੈ, ਜਿਹੜਾ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਆਪ ਲਗਵਾਇਆ ਸੀ। ਪਹਿਲਾਂ ਇਸ ਅਸਥਾਨ ਦਾ ਨਾਂ 'ਗੁਰੂ ਕੀ ਰੌੜ' ਸੀ। ਇਸੇ ਥਾਂ 'ਤੇ ਲੰਗਰ ਲਈ ਲਕੜਾਂ ਕੱਟਣ ਤੋਂ ਰੋਕਣ ਨੂੰ ਲੈ ਕੇ ਹੋਏ ਝਗੜੇ ਕਾਰਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਹੋਰ ਸਿੱਖਾਂ ਨਾਲ ਰਲ ਕੇ ਮੋਰਚਾ ਲਾਉਣਾ ਪਿਆ, ਜਿਹੜਾ ਕਿ 12 ਅਗਸਤ ਤੋਂ 17 ਨਵੰਬਰ, 1922 ਈ. ਤਕ ਚਲਿਆ। ਵੇਖੋ : ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼*, ਭਾਸ਼ਾ ਵਿਭਾਗ, ਪੰਜਾਬ, 1999 (ਛੇਵੀਂ ਵਾਰ), ਪੰਨਾ 444 ; *ਸਿੱਖ ਪੰਥ ਵਿਸ਼ਵਕੋਸ਼* (ਭਾਗ ਪਹਿਲਾ), ਪੂਰਵ ਅੰਕਤ, ਪੰਨੇ 654-55 ; ਘਟਨਾ ਹਵਾਲਾ : ਨਰੈਣ ਸਿੰਘ, *ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ*, ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ, 1978, ਪੰਨੇ 40-3.

ਲਾਲੀ ਸੀ-ਕੋਈ ਉਦਾਸ ਚਿਹਰਾ ਨਜ਼ਰ ਨਹੀਂ ਆਂਵਦਾ ਸੀ, ਅਤਿ ਬਿਰਧ ਵੀ ਸਨ ਅਤੇ ਚੌਦਾਂ ਸਾਲ ਦੇ ਕਈ ਬੱਚੇ ਪਿਆਰੇ ਗੁਰੂ ਦੇ ਚਰਨਾਂ ਵਿਚ ਸਿਰ ਜੋੜੀ ਖੜ੍ਹੇ ਸਨ। ਇਕ ਬੱਚਾ ਬੜੇ ਜੋਸ਼ ਨਾਲ ਕਵਿਤਾ ਪੜ੍ਹ ਕੇ ਸੁਣਾ ਰਿਹਾ ਸੀ। ਵਾਕਈ ਚੇਤਾ ਆਉਂਦਾ ਸੀ ਕਿ 'ਇਹ ਸਿੱਖ ਕਿਸ ਮਿਟੀ ਦੇ ਬਣੇ ਹਨ - ਡਾਂਗਾਂ ਤੋਂ ਇਨ੍ਹਾਂ ਮੂੰਹ ਨਾ ਮੋੜਿਆ, ਕਈ-ਕਈ ਚਿਰ ਬੇਹੋਸ਼ ਪੈ ਰਹੇ, ਪਰ ਜਦ ਸੁਰਤ ਆਈ ਤਾਂ ਇਨ੍ਹਾਂ ਗੁਰੂ ਚਰਣਾਂ ਵੱਲ ਹੀ ਮੂੰਹ ਕੀਤਾ, ਫਿਰ ਮਾਰ-ਮਾਰ ਸੁਟੇ ਗਏ, ਪਰ ਵਾਹ ਗੁਰੂ ਤੇ ਵਾਹ ਗੁਰੂ ਦੇ ਲਾਲ, ਸੇਵਾ ਤੋਂ ਮੂੰਹ ਨਹੀਂ ਮੋੜਿਆ।' ਇਕ ਬੁੱਢੀ ਮਾਈ ਆਪਣੇ ਪੁਤ ਦੀ ਪਿਠ 'ਤੇ ਥਾਪੜਾ ਦੇਂਦੀ ਤੇ ਕਹਿੰਦੀ ਸੀ 'ਸ਼ਾਬਾਸ਼ ਬੱਚਿਆ, ਅਜ ਤੂੰ ਮੇਰਾ ਦੁਧ ਸਫਲ ਕੀਤਾ ਹੈ, ਗੁਰੂ ਸੇਵਾ ਤੋਂ ਕਦੀ ਮੂੰਹ ਨ ਮੋੜੀਂ।'[13]

ਸਰਦਾਰ ਨਰੈਣ ਸਿੰਘ ਦੇ ਜੀਵਨ ਵਿਚਲਾ ਇਹ ਦੂਜਾ ਮੌਕਾ ਸੀ ਜਦੋਂ ਉਨ੍ਹਾਂ ਗੁਰੂ ਦੇ ਪਿਆਰੇ ਸਿੱਖਾਂ ਨੂੰ ਗੁਰੂ ਪੰਥ ਖਾਤਰ ਆਪਣੀਆਂ ਜਾਨਾਂ ਵਾਰਦੇ ਅੱਖੀਂ ਡਿਠਾ। ਇਸ ਮੋਰਚੇ ਤੋਂ ਪਹਿਲਾਂ ਨਨਕਾਣਾ ਸਾਹਿਬ ਦੇ ਸ਼ਹੀਦੀ ਸਾਕੇ ਨੇ ਆਪ ਨੂੰ ਗੁਰੂ ਦੇ ਪਿਆਰ ਵਿਚ ਸ਼ਹੀਦ ਹੋਣ ਦਾ ਵਲ ਸਿਖਾਇਆ ਸੀ। 'ਗੁਰੂ ਕਾ ਬਾਗ' ਮੋਰਚੇ ਦੀ ਇਸ ਘਟਨਾ ਨੇ ਆਪ ਨੂੰ ਧੁਰ ਅੰਦਰੋਂ ਹਲੂਣਾ ਦਿਤਾ ਜਿਸ ਨਾਲ ਆਪ ਦਾ ਮਨ ਗੁਰੂ ਸਾਹਿਬ ਦੀ ਭੈ-ਭਾਵਨੀ ਵਿਚ ਹੋਰ ਭਿਜ ਗਿਆ।

ਖਾਲਸਾ ਹਾਈ ਸਕੂਲ, ਗੁਜਰਾਖਾਨਾ ਵਿਖੇ ਇਕ ਸਾਲ ਸੇਵਾ ਕਰਨ ਉਪਰੰਤ ਆਪ ਅਗਸਤ, 1923 ਵਿਚ ਖਾਲਸਾ ਹਾਈ ਸਕੂਲ, ਕੋਇਟਾ (ਬਲੋਚਸਤਾਨ) ਵਿਖੇ ਬਤੌਰ ਮੁਖ ਅਧਿਆਪਕ ਨਿਯੁਕਤ ਹੋਏ। ਸਿੱਖਾਂ ਦਾ ਮਾਣ-ਸਤਿਕਾਰ ਹੁੰਦਾ ਦੇਖ ਆਪ ਨੂੰ ਇਹ ਸ਼ਹਿਰ ਬਹੁਤ ਪਸੰਦ ਆਇਆ। ਇਥੇ ਰਹਿ ਕੇ ਆਪ ਨੇ ਖਾਲਸਾ ਹਾਈ ਸਕੂਲ ਦੇ ਮੁਖ ਅਧਿਆਪਕ ਦੀ ਸੇਵਾ ਕਰਨ ਦੇ ਨਾਲ-ਨਾਲ ਇਥੋਂ ਦੇ ਹੀ ਇਕ ਸਰਕਾਰੀ ਸਕੂਲ ਦੇ ਵਿਦਿਆਰਥੀਆਂ ਨੂੰ ਧਾਰਮਿਕ ਵਿਦਿਆ ਦੇਣ ਦੀ ਸੇਵਾ ਵੀ ਨਿਭਾਈ।

ਸਰਦਾਰ ਨਰੈਣ ਸਿੰਘ ਦਾ ਸਿੱਖ ਨੌਜਵਾਨ ਬੱਚਿਆਂ ਪ੍ਰਤੀ ਵਿਸ਼ੇਸ਼ ਸਨੇਹ ਸੀ। ਇਨ੍ਹਾਂ ਨੂੰ ਆਪਣੇ ਵਿਰਸੇ ਨਾਲ ਜੋੜਨ ਦੇ ਇਰਾਦੇ ਨਾਲ ਉਨ੍ਹਾਂ ਨੇ 1924 ਵਿਚ ਸਿੱਖ ਬੱਚਿਆਂ ਦੀ 'ਕਲਗੀਧਰ ਸੇਵਕ ਜਥਾ' ਨਾਮੀ ਇਕ ਸੰਸਥਾ ਬਣਾਈ, ਜਿਸ ਦੀ ਵਖਰੀ ਦਿਖ ਲਈ ਇਨ੍ਹਾਂ ਨੂੰ ਸਿਰ 'ਤੇ ਨੀਲੀ ਦਸਤਾਰ ਤੇ ਗਾਤਰੇ ਕ੍ਰਿਪਾਨ ਸਜਾਉਣ ਲਈ ਕਿਹਾ ਗਿਆ। ਇਸੇ ਸਮੇਂ ਦੌਰਾਨ ਅਕਾਲੀ ਲਹਿਰ[14] ਦੇ

---

13. *ਮੇਰਾ ਜੀਵਨ ਪੰਧ ਤੇ ਸਾਹਿਤ ਰੁਚੀ*, ਪੂਰਵ ਅੰਕਤ, ਪੰਨਾ 39.

14. ਅਕਾਲੀ ਦਾ ਸ਼ਾਬਦਿਕ ਅਰਥ ਹੈ - ਅਕਾਲ ਨਾਲ ਜਿਸ ਦਾ ਸੰਬੰਧ ਹੋਵੇ, ਵੇਖੋ : *ਮਹਾਨ ਕੋਸ਼*, ਪੰਨਾ 42.

ਜ਼ੋਰ ਫੜਨ ਨਾਲ ਨੀਲੀ ਦਸਤਾਰ ਤੇ ਗਾਤਰੇ ਨੂੰ ਸਰਕਾਰ ਵਿਰੋਧੀ ਸਮਝਿਆ ਜਾਣ ਲਗਾ ਜਿਸ ਕਰਕੇ 'ਕਲਗੀਧਰ ਸੇਵਕ ਜਥੇ' ਨੂੰ ਵੀ ਸਰਕਾਰ ਸ਼ਕ ਦੀ ਨਿਗਾਹ ਨਾਲ ਵੇਖਣ ਲਗੀ। ਇਸੇ ਕਾਰਨ ਹੀ ਸਕੂਲ ਦੇ ਪ੍ਰਬੰਧਕਾਂ ਨੇ ਸਰਦਾਰ ਨਰੈਣ ਸਿੰਘ ਨੂੰ ਅਗਲੇ ਸਾਲ ਮੁਖ ਅਧਿਆਪਕ ਤੋਂ ਹਟਾ ਕੇ ਉਪ-ਮੁਖ ਅਧਿਆਪਕ ਦੀ ਪਦਵੀ ਦੇ ਦਿਤੀ। ਇਸ ਫੇਰ-ਬਦਲ ਕਾਰਨ ਆਪ ਦਾ ਮਨ ਇਥੋਂ ਉਪਰਾਮ ਹੋਣਾ ਸ਼ੁਰੂ ਹੋ ਗਿਆ। ਬੇਸ਼ਕ ਸਕੂਲ ਵਿਚ ਆਪ ਦੇ ਦੋ ਅਧਿਆਪਕ ਮਿਤਰਾਂ (ਮਾਸਟਰ ਧਿਆਨ ਸਿੰਘ ਤੇ ਮਾਸਟਰ ਦਿਆਲ ਸਿੰਘ) ਨੇ ਆਪ ਨੂੰ ਕੁਝ ਸਮਾਂ ਇਥੇ ਟਿਕਾਈ ਰਖਿਆ ਪਰੰਤੂ ਫਿਰ ਵੀ ਆਪਣੇ ਮਨ ਦੀ ਦਸ਼ਾ ਠੀਕ ਨਾ ਦੇਖਦੇ ਹੋਏ ਆਪ ਨੇ ਮਈ, 1926 ਨੂੰ ਖਾਲਸਾ ਹਾਈ ਸਕੂਲ ਕੋਇਟਾ (ਬਲੋਚਸਤਾਨ) ਤੋਂ ਅਸਤੀਫਾ ਦੇ ਦਿਤਾ। ਜਦੋਂ ਇਕ ਮਹੀਨਾ ਲਗਾਤਾਰ ਸਕੂਲ ਦੇ ਪ੍ਰਬੰਧਕਾਂ, ਮਿਤਰਾਂ ਤੇ ਮੁਖੀ ਵਲੋਂ ਵੀ ਅਸਤੀਫਾ ਵਾਪਿਸ ਲੈਣ ਲਈ ਜ਼ੋਰ ਪਾਉਣ ਦੇ ਬਾਵਜੂਦ ਆਪ ਨਾ ਮੰਨੇ ਤਾਂ ਸਕੂਲ ਦੇ ਸਮੂਹ ਅਧਿਆਪਕਾਂ ਤੇ ਪ੍ਰਬੰਧਕਾਂ ਦੁਆਰਾ ਆਪ ਨੂੰ 6 ਜੂਨ, 1926 ਨੂੰ ਕੋਇਟੇ ਤੋਂ ਵਿਦਾ ਕੀਤਾ ਗਿਆ।

ਕੁਦਰਤ ਦਾ ਇਹ ਅਦਭੁਤ ਵਿਧਾਨ ਹੈ ਕਿ ਉਸ ਨੇ ਜੀਵ ਦੇ ਜਨਮ ਤੋਂ ਪਹਿਲਾਂ ਹੀ ਉਸ ਦੇ ਆਹਾਰ ਦਾ ਇੰਤਜ਼ਾਮ ਕੀਤਾ ਹੋਇਆ ਹੈ। ਸਰਦਾਰ ਨਰੈਣ ਸਿੰਘ ਨੇ ਆਪਣੇ ਜੀਵਨ ਵਿਚ ਇਸ ਨਜ਼ਾਰੇ ਨੂੰ ਪ੍ਰਤਖ ਮਾਣਿਆ। ਖਾਲਸਾ ਹਾਈ ਸਕੂਲ, ਕੋਇਟਾ ਤੋਂ ਅਸਤੀਫਾ ਦੇਣ ਬਾਅਦ ਆਪ ਨੂੰ ਖਾਲਸਾ ਹਾਈ ਸਕੂਲ, ਖਾਨੇਵਾਲ (ਹੁਣ ਪਾਕਿਸਤਾਨ) ਦੇ ਮੁਖ ਅਧਿਆਪਕ ਲੱਗਣ ਦੀ ਪੇਸ਼ਕਸ਼ ਆ ਗਈ। ਆਪ ਨੇ ਬਿਨਾ ਕਿਸੇ ਦੇਰੀ ਇਹ ਤਜਵੀਜ਼ ਪ੍ਰਵਾਨ ਕਰ ਲਈ। ਇਸ ਦਾ ਇਕ ਮੁਖ ਕਾਰਨ ਇਹ ਸੀ ਕਿ ਇਹ ਉਹ ਫੁਲਵਾੜੀ ਸੀ ਜਿਸ ਵਿਚ ਰਹਿ ਕੇ ਆਪ ਦੀ ਸ਼ਖ਼ਸੀਅਤ ਵਧੇਰੇ ਖਿੜੀ ਸੀ। ਇਸੇ ਸਕੂਲ ਦੇ ਪੁਰਾਣੇ ਵਿਦਿਆਰਥੀ ਹੋਣ ਕਾਰਨ ਆਪ ਦਾ ਸਕੂਲ ਨਾਲ ਨਿੱਜੀ ਸਨੇਹ ਸੀ। ਇਸ ਤੋਂ ਇਲਾਵਾ ਆਪ ਨੂੰ ਗੁਰਮਤਿ ਦੀ ਚਿਣਗ ਲਗਾਉਣ ਵਾਲੇ ਅਧਿਆਪਕ ਗਿ. ਆਤਮਾ ਸਿੰਘ ਉਸ ਸਮੇਂ ਤਕ ਸਕੂਲ ਵਿਚ ਸੇਵਾ ਨਿਭਾਅ ਰਹੇ ਸਨ। ਆਪ ਨੇ ਬਚਪਨ ਦੀਆਂ ਯਾਦਾਂ ਤਾਜ਼ਾ ਕਰਦਿਆਂ ਅਤੇ ਕਈ ਨਵੀਆਂ ਸਧਰਾਂ ਦਿਲ ਵਿਚ ਪਾਲਦਿਆਂ ਖਾਲਸਾ ਹਾਈ ਸਕੂਲ, ਖਾਨੇਵਾਲ ਦੀ ਤਰੱਕੀ ਲਈ ਪੂਰਾ ਤਾਣ ਲਗਾਉਣਾ ਸ਼ੁਰੂ ਕੀਤਾ। ਪਰੰਤੂ ਉਨ੍ਹਾਂ ਦੀ ਕਰੜੀ ਮਿਹਨਤ ਸਦਕਾ ਵੀ ਸਕੂਲ ਦਾ ਕੋਈ ਖਾਸ ਵਿਕਾਸ ਨਾ ਹੋ ਸਕਿਆ। ਇਸ ਦਾ ਇਕ ਮੁਖ ਕਾਰਨ ਸਕੂਲ ਦੀ ਆਰਥਿਕ ਦਸ਼ਾ ਠੀਕ ਨਾ ਹੋਣਾ ਸੀ। ਸਕੂਲ ਦੀ ਅਜਿਹੀ ਹਾਲਤ ਸੀ ਕਿ ਕਰਮਚਾਰੀਆਂ ਨੂੰ ਕਈ-ਕਈ ਮਹੀਨੇ ਤਨਖ਼ਾਹ ਨਹੀਂ ਸੀ ਮਿਲਦੀ।

ਇਹ ਦੇਖਦੇ ਹੋਏ ਸਕੂਲ ਦੀ ਆਰਥਿਕ ਦਸ਼ਾ ਨੂੰ ਸੁਧਾਰਣ ਹਿਤ ਸਰਦਾਰ ਨਰੈਣ ਸਿੰਘ ਨੇ ਸਕੂਲ ਲਈ ਮਾਇਆ ਇਕੱਠੀ ਕਰਨ ਦਾ ਮਨ ਬਣਾਇਆ। ਜਿਸ ਲਈ ਉਨ੍ਹਾਂ ਆਪਣੇ ਅਹੁਦੇ ਤੋਂ ਅਸਤੀਫਾ ਦੇ ਕੇ ਸਕੂਲ ਦਾ ਨਿਸ਼ਕਾਮ ਮੈਨੇਜਰ

ਬਣਨਾ ਸਕੂਲ ਦੇ ਵਡੇਰੇ ਹਿਤਾਂ ਲਈ ਠੀਕ ਸਮਝਿਆ। ਇਸੇ ਵਿਚਾਰ ਅਧੀਨ ਆਪ ਨੇ ਮੁਖ ਅਧਿਆਪਕ ਦੇ ਅਹੁਦੇ ਤੋਂ ਅਸਤੀਫਾ ਦੇ ਦਿਤਾ। ਆਪ ਨੇ ਪਿੰਡ-ਪਿੰਡ ਜਾ ਕੇ ਸਕੂਲ ਲਈ ਮਾਇਆ ਇਕੱਠੀ ਕਰਕੇ ਇਸ ਦੀ ਆਰਥਿਕ ਦਸ਼ਾ ਸੁਧਾਰੀ।

ਸਰਦਾਰ ਨਰੈਣ ਸਿੰਘ ਲਗਪਗ ਦੋ ਸਾਲ ਉਪਰੋਕਤ ਸਕੂਲ ਵਿਚ ਸੇਵਾ ਕਰਕੇ ਅਗੇ ਪੜ੍ਹਨ ਦੇ ਮਨਸੂਬੇ ਨਾਲ ਇਥੋਂ ਅਸਤੀਫਾ ਦੇ ਗਏ। ਸੰਨ 1930 ਵਿਚ ਐਮ.ਏ ਪਾਸ ਕਰਕੇ ਆਪ ਨੇ ਇਕ ਵਾਰ ਫਿਰ ਖਾਲਸਾ ਹਾਈ ਸਕੂਲ, ਖਾਨੇਵਾਲ ਵਿਚ ਕੁਝ ਮਹੀਨੇ ਬਿਨਾ ਤਨਖਾਹ ਪੜ੍ਹਾਉਣ ਦੀ ਸੇਵਾ ਨਿਭਾਈ।

ਸੰਨ 1932 ਵਿਚ ਆਪ ਖਾਲਸਾ ਕਾਲਜ, ਅੰਮ੍ਰਿਤਸਰ ਵਿਖੇ ਅੰਗਰੇਜ਼ੀ ਦਾ ਲੈਕਚਰਾਰ ਨਿਯੁਕਤ ਹੋਏ। ਇਸ ਵਿਸ਼ੇ ਵਿਚ ਰੁਚੀ ਨਾ ਹੋਣ ਕਾਰਨ ਆਪ ਨੇ ਅਗਲੇ ਹੀ ਦਿਨ ਉਥੋਂ ਅਸਤੀਫਾ ਦੇ ਦਿਤਾ। ਇਸ ਗੱਲ ਤੋਂ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਉਨ੍ਹਾਂ ਦੀ ਧਾਰਮਿਕ ਵਿਸ਼ੇ ਵਿਚ ਐਨੀ ਦਿਲਚਸਪੀ ਸੀ ਕਿ ਸਰਕਾਰੀ ਨੌਕਰੀ ਵੀ ਇਸ ਤੋਂ ਕੁਰਬਾਨ ਕਰ ਦਿਤੀ।

ਇਸ ਤੋਂ ਬਬਾਅਦ ਸਰਦਾਰ ਨਰੈਣ ਸਿੰਘ ਦੇ ਜੀਵਨ ਵਿਚ ਇਕ ਨਵਾਂ ਮੋੜ ਆਇਆ। ਉਨ੍ਹਾਂ ਨੇ ਜੀਵਨ ਦੇ ਤਕਰੀਬਨ 10 ਸਾਲ (1922-1932) ਗੁਰਮਤਿ ਅਧਿਐਨ ਤੇ ਅਧਿਆਪਨ ਵਿਚ ਗੁਜ਼ਾਰਨ ਮਗਰੋਂ ਪ੍ਰਸ਼ਾਸਨਿਕ ਜ਼ਿੰਮੇਵਾਰੀ ਸੰਭਾਲਣ ਵਿਚ ਰੁਚੀ ਦਿਖਾਈ।

ਉਸ ਸਮੇਂ (1932) ਦੌਰਾਨ ਸੰਤ ਚਤ੍ਰਤ ਸਿੰਘ ਮੁਲਤਾਨ ਦੇ ਸਿੱਖ ਵਸੋਂ ਵਾਲੇ ਇਲਾਕਿਆਂ ਵਿਚ ਪ੍ਰਚਾਰ ਦੀ ਸੇਵਾ ਕਰਦੇ ਸਨ। ਉਹ ਬਹੁਤ ਸੂਝਵਾਨ ਤੇ ਗੁਰਮੁਖ ਵਿਅਕਤੀ ਸਨ, ਜਿਸ ਕਰਕੇ ਨਨਕਾਣਾ ਸਾਹਿਬ ਦੇ ਪੂਰੇ ਇਲਾਕੇ ਵਿਚ ਇਨ੍ਹਾਂ ਦਾ ਜਸ ਫੈਲਿਆ ਹੋਇਆ ਸੀ। ਉਨ੍ਹਾਂ ਦੀ ਪ੍ਰੇਰਣਾ ਸਦਕਾ ਸਰਦਾਰ ਨਰੈਣ ਸਿੰਘ ਨੇ 13 ਅਕਤੂਬਰ, 1932 ਨੂੰ ਸ੍ਰੀ ਨਨਕਾਣਾ ਸਾਹਿਬ [15] (ਪਾਕਿਸਤਾਨ) ਵਿਖੇ ਬਤੌਰ ਮੈਨੇਜਰ ਸੇਵਾ ਸੰਭਾਲੀ।

ਨਨਕਾਣਾ ਸਾਹਿਬ ਵਿਚਲੇ ਗੁਰਦੁਆਰਿਆਂ ਦੇ ਨਾਂ 'ਤੇ ਕਾਫੀ ਜ਼ਮੀਨ ਹੋਣ ਕਾਰਨ ਇਥੋਂ ਦਾ ਮੈਨੇਜਰ ਇਕ ਛੋਟੇ ਜਿਹੇ ਰਜਵਾੜੇ ਦੇ ਮੁਖੀ ਹਾਕਮ ਹੋਣ ਦੀ ਵਡਿਆਈ ਰਖਦਾ ਸੀ। ਮੈਨੇਜਰ ਦੀ ਨਨਕਾਣਾ ਸਾਹਿਬ ਵਿਚਲੇ ਇਲਾਕੇ ਦੇ ਬਾਈ ਪਿੰਡਾਂ ਉਪਰ ਸਰਦਾਰੀ ਸੀ। ਇਸ ਲਈ ਇਥੇ ਜਿਹੜਾ ਵੀ ਮੈਨੇਜਰ ਆਉਂਦਾ, ਵਧ ਆਮਦਨ ਦੇਖ ਆਪਣਾ ਇਮਾਨ ਗਵਾ ਲੈਂਦਾ ਸੀ। ਸਰਦਾਰ ਨਰੈਣ ਸਿੰਘ ਤੋਂ

15. ਨਨਕਾਣਾ ਸਾਹਿਬ ਵਿਖੇ ਸਿੱਖ ਧਰਮ ਦੇ ਸੰਸਥਾਪਕ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਹੋਇਆ। 'ਨਨਕਾਣਾ' ਸ਼ਬਦ ਲੋਕ ਬੋਲੀ ਵਿਚ ਪ੍ਰਚਲਿਤ, ਨਾਨਕਿਆਣਾ ਅਥਵਾ ਨਾਨਕਿਆਨਾ (ਨਾਨਕਾਯਨ) ਤੋਂ ਨਿਕਲਿਆ ਹੈ, ਜਿਸ ਤੋਂ ਭਾਵ ਹੈ ਗੁਰੂ ਨਾਨਕ ਦੇਵ ਜੀ ਦਾ ਘਰ (ਅਯਨ)। ਇਹ ਨਗਰ ਲਾਹੌਰ ਤੋਂ 48 ਮੀਲ ਪੱਛਮ ਵੱਲ, ਅੱਜਕਲ ਜ਼ਿਲ੍ਹਾ ਸ਼ੇਖੂਪੁਰਾ (ਪਾਕਿਸਤਾਨ) ਵਿਚ ਸਥਿਤ ਹੈ। ਇਸ ਸਥਾਨ ਦਾ ਪਹਿਲਾ ਨਾਂ 'ਤਲਵੰਡੀ ਰਾਇ ਭੋਇ ਕੀ' ਸੀ, ਪਰ 1469 ਈ. ਵਿਚ ਗੁਰੂ ਨਾਨਕ ਦੇਵ ਜੀ ਦੇ ਇਸ ਅਸਥਾਨ 'ਤੇ ਪ੍ਰਗਟ ਹੋਣ ਨਾਲ ਇਸ ਦਾ ਨਾਂ 'ਨਨਕਾਣਾ' ਪ੍ਰਸਿੱਧ ਹੋ ਗਿਆ। ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਸਥਾਨ 'ਤੇ ਇਸ ਸਮੇਂ ਗੁਰਦੁਆਰਾ 'ਜਨਮ ਅਸਥਾਨ' ਬਣਿਆ ਹੋਇਆ ਹੈ। ਇਸ ਅਸਥਾਨ 'ਤੇ ਪਹਿਲਾਂ ਉਦਾਸੀ ਪੁਜਾਰੀ ਦਾ ਕਬਜ਼ਾ ਸੀ, ਪਰੰਤੂ 1921 ਤੋਂ ਬਾਅਦ ਸਾਰਾ ਪ੍ਰਬੰਧ ਸਿੱਖਾਂ ਕੋਲ ਆ ਗਿਆ। ਵੇਖੋ : ਮਹਾਨ ਕੋਸ਼, ਪੂਰਵ ਅੰਕਤ, ਪੰਨਾ 693.

ਪਹਿਲਾਂ ਇਸ ਅਸਥਾਨ 'ਤੇ ਲਗਪਗ 40 ਮੈਨੇਜਰ ਬਦਲ ਚੁਕੇ ਸਨ ਜਿਸ ਕਰਕੇ ਇਸ ਅਸਥਾਨ ਦੇ ਪ੍ਰਬੰਧ ਦੀ ਜ਼ਿੰਮੇਵਾਰੀ ਆਪ ਲਈ ਸੂਲਾਂ ਦੀ ਸੇਜ ਉਪਰ ਸੌਣ ਦੇ ਤੁਲ ਸੀ।

ਗੁਰਦੁਆਰਾ ਜਨਮ ਅਸਥਾਨ (ਗੁਰੂ ਨਾਨਕ ਦੇਵ ਜੀ) ਤੋਂ ਇਲਾਵਾ ਆਪ ਦੀ ਜ਼ਿੰਮੇਵਾਰੀ ਗੁਰਦੁਆਰਾ ਮਾਲ ਸਾਹਿਬ, ਗੁਰਦੁਆਰਾ ਪੱਟੀ ਸਾਹਿਬ, ਗੁਰਦੁਆਰਾ ਬਾਲ ਲੀਲ੍ਹਾ ਸਾਹਿਬ, ਗੁਰਦੁਆਰਾ ਕਿਆਰਾ ਸਾਹਿਬ, ਗੁਰਦੁਆਰਾ ਤੰਬੂ ਸਾਹਿਬ ਤੇ ਗੁਰਦੁਆਰਾ ਛੇਵੀਂ ਪਾਤਸ਼ਾਹੀ ਦਾ ਪ੍ਰਬੰਧ ਸੰਭਾਲਣ ਦੀ ਵੀ ਸੀ।

ਸ੍ਰੀ ਨਨਕਾਣਾ ਸਾਹਿਬ ਦੀ ਸੇਵਾ ਸੰਭਾਲਨ ਸਮੇਂ ਆਪ ਦੀ ਜਾਣ-ਪਛਾਣ ਜਥੇਦਾਰ ਕਰਤਾਰ ਸਿੰਘ ਝੱਬਰ ਨਾਲ ਹੋਈ[16], ਜਿਨ੍ਹਾਂ ਦੀ ਸ਼ਖ਼ਸੀਅਤ ਦਾ ਆਪ ਦੇ ਜੀਵਨ 'ਤੇ ਬਹੁਤ ਪ੍ਰਭਾਵ ਪਿਆ। ਗਿ. ਆਤਮਾ ਸਿੰਘ ਤੋਂ ਬਾਅਦ ਇਹ ਦੂਜੇ ਅਜਿਹੇ ਵਿਅਕਤੀ ਸਨ ਜਿਨ੍ਹਾਂ ਦੀ ਸੰਗਤ ਮਿਲਣ ਕਾਰਨ ਸਰਦਾਰ ਨਰੈਣ ਸਿੰਘ ਸ਼ੁਭ ਗੁਣਾਂ ਦੇ ਧਾਰਨੀ ਹੋ ਕੇ ਜੀਵਨ ਵਿਚ ਇਕ ਚੰਗੇ ਤੇ ਕਾਮਯਾਬ ਇਨਸਾਨ ਬਣੇ। ਨਨਕਾਣਾ ਸਾਹਿਬ ਦੇ ਗੁਰਦੁਆਰਿਆਂ ਦੀ ਸੇਵਾ-ਸੰਭਾਲ ਕਰਦੇ ਹੋਏ ਇਕ ਸਮਾਂ ਅਜਿਹਾ ਵੀ ਆਇਆ ਜਦੋਂ ਇਕ ਵਾਰ ਗੁਰਦੁਆਰੇ ਦੀ ਜ਼ਮੀਨ ਦਾ ਕਬਜ਼ਾ ਲੈਣ ਹਿਤ ਆਪ ਨੂੰ ਸ. ਕਰਤਾਰ ਸਿੰਘ ਝੱਬਰ ਨਾਲ ਧਾਰਾ 302 ਤੇ 151 ਅਧੀਨ ਕਤਲ ਦੇ ਦੋਸ਼ ਵਿਚ ਜੇਲ੍ਹ ਵੀ ਜਾਣਾ ਪਿਆ।

ਗੱਲ ਕੁਝ ਇਉਂ ਹੋਈ ਕਿ ਸੰਨ 1926 ਵਿਚ ਗੁਰਦੁਆਰਾ ਐਕਟ ਲਾਗੂ ਹੋਣ ਕਾਰਨ ਨਨਕਾਣਾ ਸਾਹਿਬ ਦੇ ਗੁਰਦੁਆਰਿਆਂ ਅਤੇ ਜਾਇਦਾਦ ਦੇ ਮੁਕਦਮਿਆਂ ਦੀ ਪੈਰਵੀ ਲਈ ਗੁਰਦੁਆਰਾ ਕਮੇਟੀ ਵਲੋਂ ਇਕ ਮੁਲਾਜ਼ਮ, ਮਾਸਟਰ ਨੰਦ ਸਿੰਘ ਰਖਿਆ ਗਿਆ। ਪੱਤੀਦਾਰ ਲਹਿਣਾ ਦਾਸ ਦੇ ਖਿਲਾਫ ਮੁਕਦਮਾ ਜਿਤ ਲੈਣ ਦੇ ਜੋਸ਼ ਵਿਚ 13 ਜਨਵਰੀ, 1933 ਨੂੰ ਨੰਦ ਸਿੰਘ ਦੁਆਰਾ ਸਰਦਾਰ ਨਰੈਣ ਸਿੰਘ ਨੂੰ ਲਹਿਣਾ ਦਾਸ ਦੀ ਜ਼ਮੀਨ ਦਾ ਕਬਜ਼ਾ ਲੈਣ ਲਈ ਮਜਬੂਰ ਕਰਨ 'ਤੇ ਉਹ ਕਮੇਟੀ ਮੈਂਬਰ ਸ. ਕਰਤਾਰ ਸਿੰਘ ਝੱਬਰ, ਸ. ਸੌਦਾਗਰ ਸਿੰਘ ਅਤੇ ਕੁਝ ਹੋਰ ਕਰਮਚਾਰੀ, ਲਗਪਗ ਸੌ ਆਦਮੀ ਇਕੱਠੇ ਕਰਕੇ ਜ਼ਮੀਨ ਦਾ ਕਬਜ਼ਾ ਲੈਣ ਚਲੇ ਗਏ। ਉਥੇ ਇਨ੍ਹਾਂ ਦਾ ਲਹਿਣਾ ਦਾਸ ਦੇ ਬੰਦਿਆਂ ਨਾਲ ਝਗੜਾ ਹੋ ਗਿਆ, ਜਿਸ ਵਿਚ ਲਹਿਣਾ ਦਾਸ ਦਾ ਸਾਲਾ, ਬਿਸ਼ਨਾ ਫਟੜ ਹੋਣ ਪਿਛੋਂ ਮਾਰਿਆ ਗਿਆ। ਉਸ ਦੀ ਝੂਠੀ ਗਵਾਹੀ ਕਾਰਨ ਸਰਦਾਰ ਨਰੈਣ ਸਿੰਘ ਨੂੰ ਭਾਈ ਕਰਤਾਰ ਸਿੰਘ ਝੱਬਰ ਤੇ ਬਾਕੀ ਸਾਥੀਆਂ ਸਣੇ ਗ੍ਰਿਫ਼ਤਾਰ ਕਰ ਲਿਆ ਗਿਆ। ਲਗਪਗ ਦੋ ਮਹੀਨੇ ਜੇਲ੍ਹ ਅੰਦਰ ਰਹਿਣ ਉਪਰੰਤ ਪਟਿਆਲਾ ਦੇ ਮਹਾਰਾਜਾ ਭੁਪਿੰਦਰ ਸਿੰਘ ਦੀ ਸਹਾਇਤਾ ਨਾਲ ਸਰਦਾਰ ਨਰੈਣ ਸਿੰਘ ਨੂੰ ਸੈਸ਼ਨ ਅਦਾਲਤ ਦੁਆਰਾ ਬਰੀ ਕੀਤਾ ਗਿਆ।

---

16. ਇਸ ਤੋਂ ਪਹਿਲਾਂ ਨਰੈਣ ਸਿੰਘ ਦਾ ਜਥੇਦਾਰ ਕਰਤਾਰ ਸਿੰਘ ਝੱਬਰ ਨਾਲ ਨਨਕਾਣਾ ਸਾਹਿਬ ਦੇ ਸਾਕੇ ਦੌਰਾਨ ਮੇਲ ਹੋਇਆ ਸੀ।

ਅਜਿਹੇ ਹਾਲਾਤਾਂ ਵਿਚ ਵੀ ਆਪ ਅਡੋਲ ਰਹੇ। ਭਾਵੇਂ ਮਨੁਖੀ ਸੁਭਾਅ ਅਧੀਨ ਆਪ ਨੂੰ ਕੁਝ ਚਿਰ ਮਾਨਸਿਕ ਪ੍ਰੇਸ਼ਾਨੀ ਵੀ ਝਲਣੀ ਪਈ ਪਰੰਤੂ ਫਿਰ ਵੀ ਰੱਬੀ ਵਿਸ਼ਵਾਸ ਨੇ ਆਪ ਨੂੰ ਕਦੇ ਸੇਵਾ ਤੋਂ ਪਿਛੇ ਨਹੀਂ ਹਟਣ ਦਿਤਾ। ਆਪਣੀ ਸੇਵਾ ਭਾਵਨਾ ਜਾਹਰ ਕਰਦੇ ਹੋਏ ਸਰਦਾਰ ਨਰੈਣ ਸਿੰਘ ਲਿਖਦੇ ਹਨ :

> *ਇਸ ਮਹਾਨ ਪਵਿੱਤਰ ਭੂਮੀ ਦੇ ਪਰਥਾਏ ਮੇਰੇ ਸਿੱਖ ਹੋਣ ਦੇ ਨਾਤੇ ਕੁਝ ਵਿਸ਼ੇਸ਼ ਫਰਜ਼ ਵੀ ਸਨ, ਜਿਨ੍ਹਾਂ ਨੂੰ ਨਿਬਾਹੁਣ ਲਈ ਹੀ ਸ਼ਾਇਦ ਸਤਿਗੁਰੂ ਨੇ ਮੈਨੂੰ ਇਥੇ ਲਿਆਂਦਾ ਸੀ।*[17]

ਸਰਦਾਰ ਨਰੈਣ ਸਿੰਘ ਨੇ ਸ੍ਰੀ ਨਨਕਾਣਾ ਸਾਹਿਬ ਵਿਖੇ 15 ਸਾਲ (1932 ਤੋਂ 1947 ਈ. ਤਕ) ਬੜੀ ਤਨਦੇਹੀ ਤੇ ਇਮਾਨਦਾਰੀ ਨਾਲ ਸੇਵਾ ਕੀਤੀ। ਉਨ੍ਹਾਂ ਦੀ ਇਮਾਨਦਾਰੀ ਦੀ ਪੁਸ਼ਟੀ ਦਾ ਇਕ ਤਥ ਇਹ ਹੈ ਕਿ ਜਦੋਂ ਉਨ੍ਹਾਂ ਨੇ ਸ੍ਰੀ ਨਨਕਾਣਾ ਸਾਹਿਬ ਵਿਖੇ ਮੈਨੇਜਰ ਵਜੋਂ ਸੇਵਾ ਸੰਭਾਲੀ, ਉਸ ਸਮੇਂ ਇਥੋਂ ਦੀ ਆਮਦਨ 1 ਲਖ ਰੁਪਏ ਸਾਲਾਨਾ ਸੀ, ਜਿਹੜੀ ਕਿ ਬਾਅਦ ਵਿਚ ਸਰਦਾਰ ਨਰੈਣ ਸਿੰਘ ਦੇ ਜਤਨਾਂ ਸਦਕਾ 1947 ਈ. ਤਕ 12 ਲਖ ਰੁਪਏ ਸਾਲਾਨਾ ਹੋ ਗਈ ਸੀ।

ਨਨਕਾਣਾ ਸਾਹਿਬ ਦੇ ਗੁਰਦੁਆਰਿਆਂ ਦੀ ਸੇਵਾ-ਸੰਭਾਲ ਕਰਨ ਸਮੇਂ ਸਰਦਾਰ ਨਰੈਣ ਸਿੰਘ ਨੇ 1937 ਈ. ਵਿਚ ਖਾਲਸਾ ਕਾਲਜ, ਬੰਬਈ ਦੀ ਵੀ ਸਕੱਤਰ ਵਜੋਂ ਸੇਵਾ ਨਿਭਾਈ।[18] ਇਹ ਖਾਲਸਾ ਕਾਲਜ 1937 ਈ. ਵਿਚ ਡਾਕਟਰ ਅੰਬੇਦਕਰ ਦੀ ਮੰਗ 'ਤੇ ਸਰਬ ਹਿੰਦ ਸਿੱਖ ਮਿਸ਼ਨ ਵਲੋਂ ਖੋਲ੍ਹਿਆ ਗਿਆ। ਮਾਇਕ ਦਸ਼ਾ ਠੀਕ ਨਾ ਹੋਣ ਕਾਰਨ ਮਿਸ਼ਨ ਨੇ ਇਸ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਨਨਕਾਣਾ ਸਾਹਿਬ ਕਮੇਟੀ ਨੂੰ ਸੌਂਪ ਦਿਤਾ। ਨਨਕਾਣਾ ਸਾਹਿਬ ਕਮੇਟੀ ਵਲੋਂ ਸਰਦਾਰ ਨਰੈਣ ਸਿੰਘ ਨੂੰ ਇਹ ਕਾਲਜ ਚਲਾਉਣ ਦੀ ਆਗਿਆ ਹੋਈ। ਸਿਟੇ ਵਜੋਂ ਅਨੇਕਾਂ ਔਕੜਾਂ ਦਾ ਸਾਹਮਣਾ ਕਰਦੇ ਹੋਏ ਆਪ ਨੇ ਇਹ ਸੇਵਾ ਬੜੀ ਦ੍ਰਿੜਤਾ ਤੇ ਲਗਨ ਨਾਲ ਨਿਭਾਈ।

ਸੰਨ 1943 ਈ. ਵਿਚ ਗੁਰਦੁਆਰਾ ਐਕਟ ਦੀ ਧਾਰਾ 85 ਅਧੀਨ ਪੰਜਾਬ ਦੇ ਸਾਰੇ ਗੁਰਦੁਆਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠ ਆਉਣ ਕਾਰਨ ਸ੍ਰੀ ਨਨਕਾਣਾ ਸਾਹਿਬ ਦਾ ਪ੍ਰਬੰਧ ਵੀ ਕਮੇਟੀ ਅਧੀਨ ਆ ਗਿਆ। ਨਨਕਾਣਾ ਸਾਹਿਬ ਦੇ ਗੁਰਦੁਆਰਿਆਂ ਦੇ ਨਾਂ ਕਾਫੀ ਜਾਇਦਾਦ ਹੋਣ ਕਾਰਨ ਇਥੇ ਦੋ ਮੈਨੇਜਰ ਨਿਯੁਕਤ ਕਰਨ ਦੀ ਤਜਵੀਜ਼ ਰਖੀ ਗਈ। ਇਕ ਮੈਨੇਜਰ ਗੁਰਦੁਆਰਿਆਂ ਦੇ ਪ੍ਰਬੰਧ ਲਈ ਤੇ ਦੂਜਾ ਜ਼ਮੀਨੀ ਦੇਖ-ਰੇਖ ਲਈ। ਸਰਦਾਰ ਨਰੈਣ ਸਿੰਘ ਨੂੰ ਇਛਾ ਅਨੁਸਾਰ ਜ਼ਮੀਨੀ ਪ੍ਰਬੰਧ ਚਲਾਉਣ ਦੀ ਸੇਵਾ ਸੌਂਪੀ ਗਈ।

ਬੇਸ਼ਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਬੰਧ ਹੋਣ ਕਰਕੇ ਆਪ ਨੂੰ

---

17. *ਮੇਰਾ ਜੀਵਨ ਪੰਧ ਤੇ ਸਾਹਿਤ ਰੁਚੀ*, ਪੂਰਵ ਅੰਕਤ, ਪੰਨਾ 76.
18. ਖਾਲਸਾ ਕਾਲਜ ਬਾਰੇ ਵਿਸਤਾਰਪੂਰਵਕ ਜਾਣਕਾਰੀ ਤੀਜੇ ਅਧਿਆਇ ਦੇ ਪੰਨੇ 97-101 'ਤੇ ਦਿਤੀ ਗਈ ਹੈ।

ਦਫ਼ਤਰੀ ਚਕਰਾਂ ਵਿਚੋਂ ਲੰਘਣ ਕਾਰਨ ਅਨੇਕਾਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ ਪਰੰਤੂ ਫਿਰ ਵੀ ਆਪ ਸੇਵਾ ਦੇ ਮਨੋਰਥ ਤੋਂ ਪਿਛੇ ਨਹੀਂ ਹਟੇ।

ਨਨਕਾਣਾ ਸਾਹਿਬ ਦੀ ਸੇਵਾ ਦੇ ਅੰਤਲੇ ਦਿਨਾਂ ਵਿਚ ਭਾਰਤ-ਪਾਕਿ ਵੰਡ ਨੂੰ ਲੈ ਕੇ ਹਿੰਦੂ/ਸਿੱਖ ਤੇ ਮੁਸਲਮਾਨਾਂ ਦੇ ਦੋ ਧੜੇ ਬਣ ਗਏ ਸਨ। ਨਨਕਾਣਾ ਸਾਹਿਬ, ਜਿਸ ਨੂੰ ਸਿੱਖਾਂ ਦਾ ਇਕ ਵਡਾ ਗੜ੍ਹ ਸਮਝਿਆ ਜਾਂਦਾ ਸੀ, ਅੰਦਰ ਸਿੱਖ ਪ੍ਰਭਾਵ ਅਤੇ ਦਬਾਓ ਐਨਾ ਜ਼ਿਆਦਾ ਸੀ ਕਿ ਇਸ ਅਸਥਾਨ ਨੂੰ ਛੋਟੇ ਪੱਧਰ 'ਤੇ ਇਕ ਸਿੱਖ ਸਟੇਟ ਹੀ ਸਮਝਿਆ ਜਾਂਦਾ ਸੀ। ਨਨਕਾਣਾ ਸਾਹਿਬ ਦਾ ਸਮੁਚਾ ਸ਼ਹਿਰ ਅਤੇ 4 ਤੋਂ 6 ਮੀਲ ਤਕ ਦਾ ਦੁਆਲਾ ਗੁਰਦੁਆਰਾ ਸਾਹਿਬ ਦੀ ਮਲਕੀਅਤ ਸੀ, ਜਿਸ ਦਾ ਸਾਰਾ ਪ੍ਰਬੰਧ ਸਿੱਖਾਂ ਦੇ ਆਪਣੇ ਹਥ ਸੀ। ਇਸ ਸਾਰੇ ਇਲਾਕੇ ਦੇ ਵਾਸੀ ਚਾਹੇ ਉਹ ਹਿੰਦੂ, ਮੁਸਲਮਾਨ ਜਾਂ ਸਿੱਖ ਸਨ, ਗੁਰਦੁਆਰੇ ਦੇ ਪ੍ਰਬੰਧ ਦਾ ਕਾਫ਼ੀ ਸਤਿਕਾਰ ਕਰਨ ਦੇ ਨਾਲ-ਨਾਲ ਭੈ ਵੀ ਮੰਨਦੇ ਸਨ। ਭਾਵੇਂ ਸ਼ਹਿਰ ਅੰਦਰ ਵਖ-ਵਖ ਧਰਮਾਂ ਦੇ ਮੰਨਣ ਵਾਲਿਆਂ ਲਈ ਲੋੜ ਅਨੁਸਾਰ ਮੰਦਰ ਤੇ ਮਸੀਤਾਂ ਬਣੀਆਂ ਹੋਈਆਂ ਸਨ ਅਤੇ ਹਰ ਕਿਸੇ ਨੂੰ ਆਪਣੇ ਧਰਮ ਅਸਥਾਨ ਅੰਦਰ ਧਰਮ-ਕਰਮ ਕਰਨ ਦੀ ਪੂਰੀ ਖੁਲ ਸੀ। ਪਰੰਤੂ ਦੇਸ਼ ਦੀ ਆਜ਼ਾਦੀ ਅਤੇ ਪਾਕਿਸਤਾਨ ਦੀ ਸਥਾਪਨਾ ਦੀ ਅਫਵਾਹ ਨੇ ਲੋਕਾਂ ਦੀ ਜ਼ਿਹਨੀਅਤ ਅੰਦਰ ਹੈਰਾਨੀਜਨਕ ਤਬਦੀਲੀ ਲਿਆਂਦੀ।

ਮੁਸਲਮਾਨਾਂ ਦੇ ਮਨਾਂ ਵਿਚ ਇਕ ਨਵੀਂ ਮੁਸਲਿਮ ਸਟੇਟ ਕਾਇਮ ਹੋ ਜਾਣ ਦੇ ਚਾਅ ਅਤੇ ਇਸ ਨੂੰ ਮੁਸਲਿਮ ਲੀਗ ਵਲੋਂ ਮਿਲੀ ਹਵਾ ਨੇ ਮੁਸਲਮਾਨਾਂ ਨੂੰ ਐਨਾ ਭੜਕਾ ਦਿਤਾ ਅਤੇ ਆਮ ਮੁਸਲਮਾਨਾਂ ਦੇ ਦਿਲਾਂ ਵਿਚ ਗੈਰ-ਮੁਸਲਮਾਨਾਂ ਪ੍ਰਤੀ ਐਨੀ ਘਿਰਣਾ ਪੈਦਾ ਕਰ ਦਿਤੀ ਕਿ ਉਹ ਸਦੀਆਂ ਤੋਂ ਰਲ-ਵਸਦੇ ਹਿੰਦੂ-ਸਿੱਖਾਂ ਦੇ ਲਹੂ ਦੇ ਤਿਹਾਏ ਹੋ ਗਏ। ਆਜ਼ਾਦੀ ਮਿਲਣ ਤੋਂ ਪੰਜ ਮਹੀਨੇ ਪਹਿਲਾਂ ਹੀ (ਮਾਰਚ, 1947 ਈ.) ਜ਼ਿਲ੍ਹਾ ਰਾਵਲਪਿੰਡੀ, ਜਿਹਲਮ ਅਤੇ ਮੁਲਤਾਨ ਦੇ ਕਈ ਜਨੂੰਨੀ ਤੇ ਸ਼ਰਾਰਤੀ ਮੁਸਲਮਾਨਾਂ ਨੇ ਆਪਣੇ ਇਲਾਕਿਆਂ ਦੇ ਹਿੰਦੂ ਅਤੇ ਸਿੱਖਾਂ ਨੂੰ ਲੁਟਣਾ, ਬੇ-ਇਜ਼ਤ ਕਰਨਾ ਅਤੇ ਜਾਨੋਂ ਮਾਰਨਾ ਸ਼ੁਰੂ ਕਰ ਦਿਤਾ। ਇਨ੍ਹਾਂ ਇਲਾਕਿਆਂ, ਖਾਸ ਕਰ ਪੋਠੋਹਾਰ 'ਚੋਂ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਆਪਣਾ ਘਰ-ਬਾਰ ਛਡ ਕੇ ਪੰਜਾਬ ਦੇ ਪੂਰਬੀ ਜ਼ਿਲ੍ਹਿਆਂ ਅਤੇ ਪਟਿਆਲਾ, ਨਾਭਾ, ਫਰੀਦਕੋਟ ਆਦਿ ਸਿੱਖ ਰਿਆਸਤਾਂ ਵਲ ਜਾਣੇ ਸ਼ੁਰੂ ਹੋ ਗਏ।

ਮੁਸਲਿਮ ਲੀਗ ਦੀ ਇਹ ਗਿਣੀ-ਮਿਥੀ ਸਾਜਿਸ਼ ਸੀ ਕਿ ਬਹੁ ਗਿਣਤੀ ਮੁਸਲਮਾਨ ਵਸੋਂ ਵਾਲੇ ਇਲਾਕਿਆਂ ਵਿਚੋਂ ਹਿੰਦੂ-ਸਿੱਖਾਂ ਨੂੰ ਨਿਕਲ ਜਾਣ ਲਈ ਮਜ਼ਬੂਰ ਕਰ ਦਿਤਾ ਜਾਵੇ ਤਾਂ ਜੋ ਆਜ਼ਾਦੀ ਮਿਲਣ ਸਮੇਂ ਇਹ ਨਿਰੋਲ ਮੁਸਲਮਾਨੀ ਦੇਸ਼ ਬਣਾਇਆ ਜਾ ਸਕੇ। ਇਸ ਲਈ ਲੁਟ-ਮਾਰ, ਕਤਲ, ਸਾੜ-ਫੂਕ, ਧੀਆਂ-ਭੈਣਾਂ ਦੀ ਬੇ-ਪਤੀ ਆਦਿ, ਗੱਲ ਕੀ, ਜਿਸ ਤਰੀਕੇ ਨਾਲ ਵੀ ਹਿੰਦੂ-ਸਿੱਖਾਂ ਨੂੰ ਭੈ-ਭੀਤ ਕੀਤਾ ਜਾ ਸਕਿਆ, ਕੀਤਾ ਗਿਆ। ਕਈ ਥਾਈਂ ਹਜ਼ਾਰਾਂ ਦੀ ਤਾਦਾਦ ਵਿਚ

ਮੁਸਲਮਾਨ ਗੁੰਡੇ ਇਕੱਠੇ ਕਰਕੇ ਜਲੂਸ ਕਢਣ ਦੇ ਨਾਲ-ਨਾਲ ਹੋਰ ਕਈ ਤਰ੍ਹਾਂ ਦੇ ਦਿਖਾਵੇ ਵੀ ਕੀਤੇ ਗਏ।

ਨਨਕਾਣਾ ਸਾਹਿਬ ਤਹਿਸੀਲ ਵਿਚ ਵੀ ਬਹੁ-ਗਿਣਤੀ ਮੁਸਲਮਾਨਾਂ ਦੀ ਹੀ ਸੀ। ਭਾਵੇਂ ਉਹ ਗੁਰਦੁਆਰਾ ਸਾਹਿਬ ਦੀ ਤਾਕਤ ਸਾਹਮਣੇ ਕਿਸੇ ਪ੍ਰਕਾਰ ਦੇ ਸਿਧੇ ਵਿਰੋਧ ਤੋਂ ਭੈ ਖਾਂਦੇ ਸਨ ਪਰੰਤੂ ਬਹੁ-ਗਿਣਤੀ ਨੂੰ ਮੁਖ ਰਖਦੇ ਹੋਏ ਉਹ ਇਥੇ ਵੀ ਆਪਣੀ ਜ਼ੋਰ-ਅਜ਼ਮਾਈ ਕਰਨ ਦਾ ਖਿਆਲ ਰਖਦੇ ਸਨ। ਮੁਸਲਿਮ ਲੀਗ ਵਲੋਂ ਸ਼ਹਿ ਮਿਲਣ 'ਤੇ ਇਹ ਲੋਕ 5 ਮਾਰਚ, 1947 ਦੀ ਸਵੇਰ ਤੋਂ ਇਲਾਕੇ ਦੀ ਵਡੀ ਮਸੀਤ ਅੰਦਰ ਇਕੱਠੇ ਹੋਣੇ ਸ਼ੁਰੂ ਹੋ ਗਏ। ਇਨ੍ਹਾਂ ਦਾ ਖਿਆਲ ਸੀ ਕਿ ਜੇਕਰ ਹਿੰਦੂ-ਸਿੱਖ ਨਨਕਾਣਾ ਸਾਹਿਬ ਵਿਚ ਇਨ੍ਹਾਂ ਅਗੇ ਦਬ ਗਏ ਤਾਂ ਪਛਮੀ ਪੰਜਾਬ ਦੇ ਇਲਾਕਿਆਂ ਵਿਚ ਇਹ ਨਹੀਂ ਉਭਰ ਸਕਣਗੇ ਅਤੇ ਨਨਕਾਣਾ ਸਾਹਿਬ ਨੂੰ ਨਿਰੋਲ ਮੁਸਲਿਮ ਸਟੇਟ ਬਣਾਉਣ ਦਾ ਮੰਤਵ ਸਹਿਜੇ ਹੀ ਪੂਰਾ ਹੋ ਜਾਵੇਗਾ।

ਦੂਜੇ ਪਾਸੇ ਗੁਰਦੁਆਰਾ ਪ੍ਰਬੰਧ ਦੇ ਜ਼ਿੰਮੇਵਾਰ ਸਜਣਾਂ ਦਾ ਵੀ ਇਹ ਵਿਚਾਰ ਸੀ ਕਿ ਨਨਕਾਣਾ ਸਾਹਿਬ ਅੰਦਰ ਕਦੇ ਵੀ ਕਿਸੇ ਤਰ੍ਹਾਂ ਦਾ ਕੋਈ ਮੁਸਲਿਮ ਮੁਜ਼ਾਹਰਾ ਨਹੀਂ ਸੀ ਹੋਣ ਦਿਤਾ ਗਿਆ ਅਤੇ ਨਾ ਹੀ ਕਦੇ ਕੋਈ ਜਲੂਸ ਆਦਿ ਹੀ ਨਿਕਲਿਆ ਸੀ। ਅਜਿਹੇ ਸਮੇਂ ਜਦੋਂ ਦੇਸ਼ ਵਿਚ ਫਿਰਕੂ ਅੱਗ ਦੇ ਭਾਂਬੜ ਪਹਿਲੇ ਤੋਂ ਹੀ ਮਚ ਰਹੇ ਸਨ, ਮੁਸਲਮਾਨਾਂ ਵਲੋਂ ਮੁਜ਼ਾਹਰਾਂ ਕੀਤਾ ਜਾਣਾ, ਹਿੰਦੂ ਅਤੇ ਸਿੱਖਾਂ ਲਈ ਬਹੁਤ ਹਾਨੀਕਾਰਕ ਸਿਧ ਹੋ ਸਕਦਾ ਸੀ। ਇਸ ਲਈ ਪ੍ਰਬੰਧਕਾਂ ਨੇ ਮੁਸਲਮਾਨਾਂ ਨੂੰ ਮੁਜ਼ਾਹਰਾ ਕਰਨ ਤੋਂ ਰੋਕਣ ਬਾਰੇ ਸੋਚਿਆ।

ਗੁਰਦੁਆਰਾ ਸਾਹਿਬ ਦੇ ਮੁਖੀਆਂ ਨੇ ਕੁਝ ਪਤਵੰਤੇ ਸਿੱਖਾਂ ਨਾਲ ਵਿਚਾਰ ਕਰਕੇ ਫੈਸਲਾ ਕੀਤਾ ਕਿ ਮੁਸਲਮਾਨਾਂ ਦੁਆਰਾ ਕਿਸੇ ਹਰਕਤ ਦਾ ਦਿਖਾਵਾ ਕਰਨ ਤੋਂ ਪਹਿਲਾਂ ਨਨਕਾਣਾ ਸਾਹਿਬ ਵਿਚਲੇ ਗੁਰਦੁਆਰਾ ਜਨਮ ਅਸਥਾਨ ਤੋਂ ਇਕ ਵਿਸ਼ਾਲ ਨਗਰ ਕੀਰਤਨ ਕਢਿਆ ਜਾਵੇ, ਜਿਸ ਨਾਲ ਸ਼ਹਿਰ ਵਿਚ ਸਿੱਖ ਤਾਕਤ ਦਾ ਮੁਜ਼ਾਹਰਾ ਕੀਤਾ ਜਾ ਸਕੇ। ਸਿਟੇ ਵਜੋਂ ਸਭ ਪਾਸੇ ਖਬਰਾਂ ਪਹੁੰਚਾਈਆਂ ਗਈਆਂ ਜਿਸ ਸਦਕਾ ਅਗਲੇ ਦਿਨ ਲਗਪਗ ਸਵੇਰੇ ਗਿਆਰਾਂ ਵਜੇ ਗੁਰਦੁਆਰਾ ਜਨਮ ਅਸਥਾਨ ਸਾਹਿਬ ਦਾ ਚੌਤਰਫਾ ਸਿੱਖ ਸੰਗਤਾਂ ਦੇ ਠਾਠਾਂ ਮਾਰਦੇ ਇਕੱਠ ਨਾਲ ਭਰ ਗਿਆ।

ਸੰਗਤ ਵਿਚਲੇ ਬਹੁਤੇ ਸਿੱਖਾਂ ਨੇ ਆਪਣੇ ਸਿਰਾਂ 'ਤੇ ਕਾਲੀਆਂ ਦਸਤਾਰਾਂ ਸਜਾ ਰਖੀਆਂ ਸਨ। ਲਗਪਗ ਹਰੇਕ ਆਦਮੀ ਨੇ ਤਿੰਨ ਫੁਟੀ ਕ੍ਰਿਪਾਨ ਜਾਂ ਕਈ ਤਰ੍ਹਾਂ ਦੇ ਹੋਰ ਹਥਿਆਰ-ਸੋਟੇ, ਬਰਛੇ, ਸਫਾਜੰਗ ਅਤੇ ਗੰਡਾਸੇ ਆਦਿ ਫੜੇ ਹੋਏ ਸਨ। ਦੁਪਹਿਰ ਦੇ ਇਕ ਵਜੇ ਤਕ ਇਨ੍ਹਾਂ ਸਿੱਖਾਂ ਦੀ ਗਿਣਤੀ ਕਈ ਹਜ਼ਾਰ ਹੋ ਗਈ। 'ਸਤਿ ਸ੍ਰੀ ਅਕਾਲ', 'ਵਾਹਿਗੁਰੂ ਜੀ ਕੀ ਫਤਿਹ' ਅਤੇ 'ਖਾਲਸਾ ਪੰਥ ਜਿੰਦਾਬਾਦ' ਦੇ ਨਾਹਰਿਆਂ ਨਾਲ ਇਹ ਨਗਰ ਕੀਰਤਨ ਠੀਕ ਦੋ ਵਜੇ ਗੁਰਦੁਆਰਾ ਜਨਮ ਅਸਥਾਨ ਤੋਂ ਰਵਾਨਾ ਹੋਇਆ। ਨਗਰ ਕੀਰਤਨ ਵਿਚ ਸਿੰਘਾਂ ਦੁਆਰਾ ਕੀਤੇ ਜਾ ਰਹੇ

ਸ਼ਸਤਰਾਂ ਦੇ ਦਿਖਾਵੇ (ਗਤਕਾ) ਅਤੇ ਜੈਕਾਰਿਆਂ ਦੀ ਗੂੰਜ ਨਾਲ ਸਾਰਾ ਇਲਾਕਾ ਇਕ ਜੰਗੀ ਮੈਦਾਨ ਦਾ ਰੂਪ ਧਾਰਨ ਕਰ ਗਿਆ।

ਨਰੈਣ ਸਿੰਘ ਆਪਣੇ ਸਾਥੀ ਆਗੂਆਂ ਸਣੇ ਘੋੜਿਆਂ 'ਤੇ ਸਵਾਰ ਹੋ ਕੇ ਨਗਰ ਕੀਰਤਨ ਦੀ ਅਗਵਾਈ ਕਰ ਰਹੇ ਸਨ। ਭਾਵੇਂ ਸਾਰਾ ਮੁਜ਼ਾਹਰਾ ਇਕ ਵਡੇ ਜੋਸ਼ ਤੇ ਗੁਸੇ ਦਾ ਪ੍ਰਗਟਾਅ ਸੀ ਪਰੰਤੂ ਫਿਰ ਵੀ ਇਹ ਪੂਰਨ ਜ਼ਬਤ ਤੇ ਅਨੁਸ਼ਾਸਨ ਵਿਚ ਚਲ ਰਿਹਾ ਸੀ। ਹਰੇਕ ਸਿੱਖ ਆਪਣੇ ਜਥੇਦਾਰ ਅਥਵਾ ਪ੍ਰਬੰਧਕ ਦੇ ਇਸ਼ਾਰੇ ਨੂੰ ਸਮਝ ਕੇ ਇਸ ਉਤੇ ਅਮਲ ਕਰ ਰਿਹਾ ਸੀ।

ਨਗਰ ਕੀਰਤਨ ਮੰਡੀ ਵਿਚੋਂ ਹੁੰਦਾ ਹੋਇਆ ਗੁਰਦੁਆਰਾ ਮਾਲ ਸਾਹਿਬ ਅਤੇ ਕਿਆਰਾ ਸਾਹਿਬ ਤੋਂ ਘੁੰਮ ਕੇ ਉਸ ਬਾਜ਼ਾਰ ਵਿਚ ਦਾਖਲ ਹੋਇਆ, ਜਿਸ ਦੇ ਅਗਲੇ ਸਿਰੇ 'ਤੇ ਉਹ ਮਸੀਤ ਸੀ ਜਿਥੇ ਭਾਰੀ ਤਾਦਾਦ ਵਿਚ ਮੁਸਲਮਾਨ ਇਕੱਠੇ ਹੋਏ ਸਨ। ਉਥੋਂ ਦੇ ਤਹਿਸੀਲਦਾਰ, ਥਾਣੇਦਾਰ ਅਤੇ ਪੁਲਿਸ, ਜਿਹੜੇ ਕਿ ਲਗਪਗ ਸਾਰੇ ਹੀ ਮੁਸਲਮਾਨ ਸਨ, ਮਸੀਤ ਵਾਲੇ ਚੌਕ ਵਿਚ ਨਗਰ ਕੀਰਤਨ ਦੀ ਉਡੀਕ ਕਰ ਰਹੇ ਸਨ। ਜਦੋਂ ਨਗਰ ਕੀਰਤਨ ਇਸ ਚੌਕ ਵਿਚੋਂ ਗੁਜ਼ਰ ਰਿਹਾ ਸੀ ਤਾਂ ਕਿਸੇ ਸ਼ਰਾਰਤੀ ਅਨਸਰ ਨੇ ਦੋ-ਚਾਰ ਰੋੜੇ ਮਕਾਨਾਂ ਦੀਆਂ ਛੱਤਾਂ ਉਪਰ ਸੁਟੇ ਜਿਹੜੇ ਬਾਜ਼ਾਰ ਵਲ ਬਣੇ ਟੀਨਾਂ ਦੇ ਸ਼ੈੱਡਾਂ ਉਪਰ ਡਿਗ ਕੇ ਕਾਫੀ ਖੜਾਕੇ ਦਾ ਕਾਰਨ ਬਣੇ। ਇਸ ਖੜਾਕੇ ਨੂੰ ਸੁਣ ਕੇ ਸਾਰੇ ਲੋਕ ਚੁਕੰਨੇ ਹੋ ਗਏ ਅਤੇ ਇਉਂ ਪ੍ਰਤੀਤ ਹੋਇਆ ਜਿਵੇਂ ਕਿਸੇ ਗੜਬੜ ਹੋਣ ਦਾ ਅੰਦੇਸ਼ਾ ਹੈ। ਪਰੰਤੂ ਨਰੈਣ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੇ ਸਮਾਂ ਸੰਭਾਲਿਆ ਅਤੇ ਸੰਗਤਾਂ ਨੂੰ ਪੂਰਨ ਸ਼ਾਂਤੀ ਰਖਦੇ ਹੋਏ ਚੌਕ ਵਿਚੋਂ ਲੰਘ ਜਾਣ ਦੀ ਅਪੀਲ ਕੀਤੀ।

ਨਗਰ ਕੀਰਤਨ ਦੇ ਚੌਕ ਵਿਚੋਂ ਜਾਣ ਮਗਰੋਂ ਤਹਿਸੀਲਦਾਰ ਤੇ ਥਾਣੇਦਾਰ ਨੇ ਸਰਦਾਰ ਨਰੈਣ ਸਿੰਘ ਨਾਲ ਵਿਚਾਰ ਕੀਤੀ ਕਿ ਜੇਕਰ ਉਹ ਇਸ ਗੱਲ ਦੀ ਜ਼ਿੰਮੇਵਾਰੀ ਲੈਣ ਕਿ ਮਸੀਤ ਅੰਦਰ ਇਕੱਠੇ ਹੋਏ ਮੁਸਲਮਾਨਾਂ ਨੂੰ ਕਿਸੇ ਤਰ੍ਹਾਂ ਦਾ ਕੋਈ ਨੁਕਸਾਨ ਨਹੀਂ ਪਹੁੰਚਾਇਆ ਜਾਵੇਗਾ ਤਾਂ ਉਹ ਚੁਪ-ਚਾਪ ਸ਼ਹਿਰੋਂ ਬਾਹਰ ਨਿਕਲ ਆਪੋ-ਆਪਣੇ ਪਿੰਡਾਂ ਨੂੰ ਚਲੇ ਜਾਣਗੇ। ਇਹ ਜ਼ਿੰਮੇਵਾਰੀ ਲੈਂਦੇ ਹੋਏ ਸਰਦਾਰ ਨਰੈਣ ਸਿੰਘ ਨੇ ਵੀ ਅਗੋਂ ਕੁਝ ਸ਼ਰਤਾਂ ਰਖੀਆਂ ਕਿ ਮੁਸਲਮਾਨ ਕਿਸੇ ਤਰ੍ਹਾਂ ਦਾ ਕੋਈ ਨਾਹਰਾ ਨਹੀਂ ਲਗਾਉਣਗੇ, ਥੋੜੇ-ਥੋੜੇ ਬ੍ਹਾਹਰ ਨਿਕਲਣਗੇ ਅਤੇ ਸਾਰੇ ਦੇ ਸਾਰੇ ਗੁਰਦੁਆਰਾ ਕਿਆਰਾ ਸਾਹਿਬ ਵਾਲੇ ਫਾਟਕ ਦੇ ਰਸਤਿਓਂ, ਸ਼ਹਿਰੋਂ ਬਾਹਰ ਨਿਕਲ ਕੇ ਆਪੋ-ਆਪਣੇ ਪਿੰਡਾਂ ਨੂੰ ਜਾਣਗੇ। ਇਹ ਗੱਲਾਂ ਮੰਨ ਲਈਆਂ ਗਈਆਂ ਤੇ ਹੌਲੀ-ਹੌਲੀ ਸਾਰੇ ਬਾਹਰੋਂ ਆਏ ਮੁਸਲਮਾਨ ਘਰੋ-ਘਰੀਂ ਚਲੇ ਗਏ। ਐਨੇ ਚਿਰ ਨੂੰ ਨਗਰ ਕੀਰਤਨ ਵੀ ਗੁਰਦੁਆਰਾ ਜਨਮ ਅਸਥਾਨ ਪਹੁੰਚ ਗਿਆ, ਜਿਸ ਨਾਲ ਇਹ ਸਾਰਾ ਪ੍ਰਦਰਸ਼ਨ ਬੜੇ ਉਤਸ਼ਾਹ ਅਤੇ ਉਮਾਹ ਵਿਚ ਸਮਾਪਤ ਹੋਇਆ।

ਵੰਡ ਦੇ ਵਿਰੋਧ ਵਿਚ ਦੁਆਬੇ ਦੇ ਸਿੱਖਾਂ ਨੇ ਜੁਲਾਈ, 1947 ਵਿਚ 'ਦੁਆਬਾ ਰਚਨਾ ਐਂਟੀ ਪਾਕਿਸਤਾਨ ਕਮੇਟੀ' ਨਾਂ ਦੀ ਇਕ ਸੰਸਥਾ ਬਣਾਈ, ਜਿਸ ਦਾ ਸਕੱਤਰ ਆਪ ਨੂੰ ਚੁਣਿਆ ਗਿਆ। ਇਸ ਕਮੇਟੀ ਵਲੋਂ 27 ਜੁਲਾਈ, 1947 ਈ.

ਨੂੰ ਨਨਕਾਣਾ ਸਾਹਿਬ ਵਿਖੇ ਇਕ ਵਿਸ਼ਾਲ ਕਾਨਫਰੰਸ ਕਰਨ ਦੀ ਵਿਉਂਤ ਉਲੀਕੀ ਗਈ, ਜਿਹੜੀ ਕਿ ਸਰਕਾਰ ਲਈ ਬਹੁਤ ਵਡੀ ਚੁਣੌਤੀ ਸੀ। ਸਰਕਾਰ ਨੂੰ ਇਹ ਕਾਨਫਰੰਸ ਅਤਿ ਡਰਾਉਣੀ ਭਾਸਦੀ ਸੀ, ਕਿਉਂਕਿ ਦੇਸ਼ ਦੀਆਂ ਵੰਡੀਆਂ ਪਾਉਣ ਦੇ ਖਿਆਲ ਨੇ ਮੁਸਲਮਾਨ ਅਤੇ ਗੈਰ-ਮੁਸਲਮਾਨਾਂ ਨੂੰ ਇਕ-ਦੂਜੇ ਦੇ ਦੁਸ਼ਮਣ ਬਣਾ ਦਿਤਾ ਸੀ। ਇਸ ਲਈ ਕਿਸੇ ਮਨੁਖ ਅਥਵਾ ਧੜੇ ਦੀ ਕਿਸੇ ਪ੍ਰਕਾਰ ਦੀ ਹਿਲ-ਜੁਲ ਦੂਜੇ ਧੜੇ ਲਈ ਖਤਰੇ ਵਾਲੀ ਗੱਲ ਲੱਗਣ ਲਗ ਜਾਂਦੀ ਸੀ। ਲਾਹੌਰ, ਅੰਮ੍ਰਿਤਸਰ ਅਤੇ ਗੁਜਰਾਂਵਾਲਾ ਆਦਿ ਵਡੇ ਸ਼ਹਿਰਾਂ ਵਿਚ ਨਿਤ ਦੀ ਛੁਰੇਬਾਜ਼ੀ ਨੇ ਹਿੰਦੂ/ਸਿੱਖ ਤੇ ਮੁਸਲਮਾਨਾਂ ਨੂੰ ਇਕ-ਦੂਜੇ ਤੋਂ ਐਨਾ ਘ੍ਰਿਣਤ ਕਰ ਦਿਤਾ ਕਿ ਦੋ-ਚਾਰ ਵਿਅਕਤੀਆਂ ਦਾ ਇਕੱਠੇ ਤੁਰਨਾ ਹੀ ਖਤਰੇ ਤੋਂ ਖਾਲੀ ਨਹੀਂ ਸੀ, ਵਡੇਰੇ ਇਕੱਠ ਦੀ ਤਾਂ ਗੱਲ ਹੀ ਕੀ ਕਰਨੀ ਹੋਈ ?

ਇਹ ਕਾਨਫਰੰਸ ਹੋਰ ਵੀ ਵਧੇਰੇ ਭਿਆਨਕ ਹੁੰਦੀ ਦਿਸਦੀ ਸੀ ਜਦੋਂ ਇਸ ਦਾ ਨਨਕਾਣਾ ਸਾਹਿਬ ਵਿਚ ਹੋਣਾ ਤੈਅ ਹੋਇਆ, ਕਿਉਂਕਿ ਆਮ ਲੋਕਾਂ ਦੀ ਇਹ ਧਾਰਨਾ ਸੀ ਕਿ ਗੁਰਦੁਆਰਾ ਨਨਕਾਣਾ ਸਾਹਿਬ ਵਿਖੇ ਬਹੁਤ ਭਾਰੀ ਤਾਦਾਦ ਵਿਚ ਸ਼ਸਤਰ, ਬੰਦੂਕਾਂ, ਬੰਬ ਅਤੇ ਗੋਲੀ-ਸਿੱਕਾ ਆਦਿ ਜਮ੍ਹਾਂ ਹੈ। ਉਨ੍ਹਾਂ ਨੂੰ ਡਰ ਸੀ ਕਿ ਜੇਕਰ ਸਿੱਖਾਂ ਦਾ ਇਕੱਠ ਇਥੇ ਹੋ ਗਿਆ ਤਾਂ ਹੋ ਸਕਦਾ ਹੈ ਕਿ ਸਿੱਖ ਇਥੇ ਹੀ ਇਕੱਠੇ ਹੋ ਕੇ ਆਲੇ-ਦੁਆਲੇ ਦੇ ਮੁਸਲਮਾਨੀ ਇਲਾਕਿਆਂ 'ਤੇ ਹੱਲਾ ਨਾਂ ਬੋਲ ਦੇਣ। ਇਸ ਲਈ ਨਾ ਕੇਵਲ ਮੁਸਲਮਾਨ ਜਨਤਾ ਹੀ ਸਗੋਂ ਸਰਕਾਰ ਵੀ ਇਸ ਕਾਨਫਰੰਸ ਦੇ ਨਾਂ ਤੋਂ ਭੈ ਖਾਂਦੀ ਸੀ।

ਸਿਟੇ ਵਜੋਂ ਕਾਨਫਰੰਸ ਹੋਣ ਤੋਂ 3 ਦਿਨ ਪਹਿਲਾਂ ਹੀ ਸਰਕਾਰੀ ਹੁਕਮਾਂ ਤਹਿਤ ਫ਼ੌਜੀਆਂ ਦੇ ਇਕ ਪੂਰੇ ਬ੍ਰਿਗੇਡ ਨੇ ਮਸ਼ੀਨਗੰਨਾਂ ਤੇ ਛੋਟੀਆਂ ਤੋਪਾਂ ਸਮੇਤ ਨਨਕਾਣਾ ਸਾਹਿਬ ਨੂੰ ਘੇਰਾ ਪਾ ਲਿਆ। ਪੂਰੇ ਸ਼ਹਿਰ ਵਿਚ ਕਰਫਿਊ ਵਾਲੇ ਹਾਲਾਤ ਬਣ ਗਏ। ਨਨਕਾਣਾ ਸਾਹਿਬ ਸਟੇਸ਼ਨ 'ਤੇ ਰੇਲ ਟ੍ਰਿਕਟਾਂ ਦੀ ਵਿਕਰੀ 4 ਦਿਨ ਪਹਿਲਾਂ ਹੀ ਬੰਦ ਕਰ ਦਿਤੀ ਗਈ। ਇਸ ਦੇ ਨਾਲ ਹੀ ਸਰਕਾਰ ਨੇ ਹਰ ਪਾਸਿਉਂ ਕਾਨਫਰੰਸ ਵਾਲੇ ਸਥਾਨ ਨੂੰ ਜਾਂਦੇ ਰਸਤੇ ਬੰਦ ਕਰਵਾ ਦਿਤੇ।

27 ਜੁਲਾਈ, 1947 ਦਾ ਦਿਨ ਚੜ੍ਹਿਆ ਤਾਂ ਗੁਰਦੁਆਰਾ ਸਾਹਿਬ ਵਿਖੇ ਲਗੇ ਪੰਡਾਲ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਕੇ ਕੀਰਤਨ ਆਰੰਭ ਕੀਤਾ ਗਿਆ। ਬੇਸ਼ਕ ਪ੍ਰਬੰਧਕਾਂ ਨੂੰ ਕਾਨਫਰੰਸ ਨਾ ਹੋਣ ਦਾ ਖਦਸ਼ਾ ਤਾਂ ਪੂਰਾ ਸੀ ਪਰੰਤੂ ਫਿਰ ਵੀ ਉਨ੍ਹਾਂ ਨੇ ਹੌਸਲਾ ਕਰਦੇ ਹੋਏ ਮਿਥੇ ਪ੍ਰੋਗਰਾਮ ਅਨੁਸਾਰ ਕਾਰਵਾਈ ਆਰੰਭੀ। ਕਾਨਫਰੰਸ ਦਾ ਪ੍ਰਚਾਰ ਐਨਾ ਹੋ ਚੁਕਿਆ ਸੀ ਕਿ ਇਸ ਦਾ ਨਾ ਹੋਣਾ ਇਲਾਕੇ ਦੇ ਸਿੱਖਾਂ ਲਈ ਨਮੋਸ਼ੀ ਦੀ ਗੱਲ ਸੀ। ਦੂਜੇ ਪਾਸੇ ਪ੍ਰਬੰਧਕ ਸਜਣ ਕਾਨਫਰੰਸ ਵਿਚ ਆਉਣ ਵਾਲੇ ਸਿੱਖਾਂ ਨੂੰ ਵੀ ਅਜਾਈਂ ਮੌਤੇ ਮਰਦਾ ਦੇਖ ਨਹੀਂ ਸਕਦੇ ਸਨ।

ਅਜਿਹੀ ਮੁਸ਼ਕਿਲ ਦੀ ਘੜੀ ਵਿਚ ਆਸੇ-ਪਾਸੇ ਦੀਆਂ ਸੰਗਤਾਂ ਨੇ ਗੁਰੂ ਪੰਥ ਦੇ ਪਿਆਰ ਦੀ ਖਾਤਰ ਸਰਕਾਰੀ ਫ਼ੌਜ ਤੇ ਉਨ੍ਹਾਂ ਦੀਆਂ ਗੋਲੀਆਂ ਦੀ ਪ੍ਰਵਾਹ ਕੀਤੇ

ਬਿਨਾ ਬੜੇ ਉਤਸ਼ਾਹ ਨਾਲ ਕਾਨਫਰੰਸ ਵਿਚ ਸ਼ਮੂਲੀਅਤ ਕਰਨੀ ਸ਼ੁਰੂ ਕਰ ਦਿਤੀ। ਦੇਖਦੇ ਹੀ ਦੇਖਦੇ ਕਾਨਫਰੰਸ ਵਾਲਾ ਪੰਡਾਲ ਖਚਾ-ਖਚ ਭਰ ਗਿਆ। ਸਿੱਖਾਂ ਦੇ ਮਨਾਂ ਅੰਦਰ ਪੰਥਕ ਜਜ਼ਬਾ ਹੀ ਐਨਾ ਸੀ ਕਿ ਉਹ ਮਰਨ-ਮਰਾਉਣ ਦੇ ਚਾਅ ਵਸ ਜਿਵੇਂ-ਕਿਵੇਂ ਬਚਦੇ-ਬਚਾਉਂਦੇ ਕਾਨਫਰੰਸ ਵਿਚ ਜਾ ਪਹੁੰਚੇ। ਇਥੋਂ ਤਕ ਕਿ ਇਕ ਸਿੰਘ (ਨਾਮਾਲੂਮ) ਨੂੰ ਫ਼ੌਜ ਵਲੋਂ ਲੋਅਰ ਗੋਗੇਰਾ ਨਹਿਰ ਦੇ ਪੁਲ 'ਤੇ ਰੋਕਿਆ ਵੀ ਗਿਆ ਪਰੰਤੂ ਕਾਨਫਰੰਸ ਵਿਚ ਪਹੁੰਚਣ ਦੇ ਮਨਸੂਬੇ ਨਾਲ ਉਹ ਪਿਛੇ ਪਰਤ ਕੇ ਗੁਰੂ ਨਾਨਕ ਦੇ ਚਰਣਾਂ ਦਾ ਧਿਆਨ ਧਰ ਠਾਠਾਂ ਮਾਰਦੀ ਨਹਿਰ ਵਿਚ ਕੁਦ ਗਿਆ। ਪਾਵਨ ਬਾਣੀ ਦੇ ਵਾਕ...

ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ॥[19]

ਅਨੁਸਾਰ ਉਹ ਗੁਰੂ ਕਾ ਲਾਡਲਾ ਸਿੱਖ ਪਾਣੀ ਦਾ ਵਹਾਅ ਤੇਜ਼ ਹੋਣ ਕਾਰਨ ਬੇਵੱਸ ਹੋਇਆ ਪਾਣੀ ਦੇ ਵਹਿਣ ਵਿਚ ਸਦਾ ਲਈ ਵਹਿ ਗਿਆ।

ਸਰਦਾਰ ਨਰੈਣ ਸਿੰਘ ਦੇ ਅਨੁਮਾਨ ਅਨੁਸਾਰ ਉਸ ਕਾਨਫਰੰਸ ਵਿਚ 15000 ਤੋਂ ਵਧ ਅਜਿਹੇ ਮਰਜੀਵੜੇ ਸਿੱਖ ਪਹੁੰਚੇ ਜਿਨ੍ਹਾਂ ਨੂੰ ਦੇਖ ਕੇ ਸਰਕਾਰੀ ਫ਼ੌਜ ਦੀਆਂ ਉਂਗਲਾਂ ਦੰਦਾਂ ਹੇਠ ਆ ਗਈਆਂ। ਐਨਾ ਇਕੱਠ ਹੁੰਦਾ ਦੇਖ ਫ਼ੌਜੀ ਦਸਤਿਆਂ ਨੇ ਆ ਕੇ ਪੰਡਾਲ ਨੂੰ ਘੇਰਾ ਪਾ ਲਿਆ ਅਤੇ ਕਾਨਫਰੰਸ ਦੌਰਾਨ ਗੋਲੀ ਚਲਾਉਣ ਦੀ ਧਮਕੀ ਵੀ ਦਿਤੀ, ਪਰ ਉਹ ਭੋਲੇ ਕੀ ਜਾਣਦੇ ਸਨ ਕਿ ਸਮਰਥ ਗੁਰੂ ਨੇ ਆਪਣੇ ਲਾਡਲੇ ਸਿੱਖਾਂ ਨੂੰ ਗੁੜ੍ਹਤੀ ਹੀ ਮੌਤ ਦੀ ਦਿਤੀ ਹੈ। ਇਸ ਦੌਰਾਨ ਕਾਨਫਰੰਸ ਦੀ ਕਾਰਵਾਈ ਬਿਨ੍ਹਾਂ ਕਿਸੇ ਡਰ, ਨਿਰਵਿਘਨ ਚਲਦੀ ਰਹੀ। ਆਗੂ ਸਿੱਖਾਂ ਨੇ ਨਿਧੜਕ ਹੋ ਕੇ ਸਵਾਗਤੀ ਤੇ ਪ੍ਰਧਾਨਗੀ ਭਾਸ਼ਣ ਦੇਣ ਦੇ ਨਾਲ-ਨਾਲ ਸਮੇਂ ਦੀ ਮੌਜੂਦਾ ਸਥਿਤੀ ਨੂੰ ਮੁਖ ਰਖਦੇ ਹੋਏ ਵਿਚਾਰ-ਵਟਾਂਦਰੇ ਵੀ ਕੀਤੇ। ਅੰਤ ਕਾਨਫਰੰਸ ਦੀ ਕਾਰਵਾਈ ਸਫਲਤਾਪੂਰਵਕ ਨੇਪਰੇ ਚਾੜ੍ਹਦੇ ਹੋਏ ਦੇਰ ਰਾਤ ਸਮਾਪਤੀ ਹੋਈ।

ਸਰਦਾਰ ਨਰੈਣ ਸਿੰਘ ਬੜੀ ਦੂਰ-ਦਰਸ਼ੀ ਸੋਚ ਦੇ ਮਾਲਕ ਸਨ। ਸਮੇਂ ਦੀ ਨਜ਼ਾਕਤ ਨੂੰ ਪਹਿਚਾਣਦੇ ਹੋਏ ਉਨ੍ਹਾਂ ਨੇ ਮਾਰਚ, 1947 ਈ. ਵਿਚ ਨਨਕਾਣਾ ਸਾਹਿਬ ਵਿਚਲੇ ਸਿੱਖਾਂ ਦੇ ਬਚਾਉ ਲਈ ਇਕ ਉਚੇਚੀ 'ਡਿਫੈਂਸ ਕੋਰ' (Defence Core) ਬਣਾ ਲਈ ਸੀ।[20] ਇਸ ਦੇ ਨਾਲ ਹੀ ਉਨ੍ਹਾਂ ਨੇ ਨਨਕਾਣਾ ਸਾਹਿਬ ਵਿਖੇ ਵਖੋ-ਵਖਰੇ ਹਥਿਆਰ ਬਣਾਉਣ ਲਈ ਇਕ ਕੋਰਖਾਨਾ ਵੀ ਲਗਾਇਆ ਹੋਇਆ ਸੀ, ਜਿਸ ਸਦਕਾ ਲੋੜੀਂਦੇ ਹਥਿਆਰ ਵੀ ਇਸ ਅਸਥਾਨ 'ਤੇ ਇਕੱਠੇ ਕਰ ਲਏ ਗਏ ਸਨ।

1947 ਦੀ ਵੰਡ ਤੋਂ ਪਹਿਲਾਂ ਮਾਹੌਲ ਖਰਾਬ ਹੁੰਦਾ ਦੇਖ ਸਰਦਾਰ ਨਰੈਣ ਸਿੰਘ ਨੇ ਨਨਕਾਣਾ ਸਾਹਿਬ ਦੇ ਹਿੰਦੂਆਂ ਅਤੇ ਸਿੱਖਾਂ ਨੂੰ ਗੁਰਦੁਆਰਾ ਜਨਮ ਅਸਥਾਨ

---

19. ਸ੍ਰੀ ਗੁਰੂ ਗ੍ਰੰਥ ਸਾਹਿਬ, ੮੩.

20. ਇਸ ਡਿਫੈਂਸ ਕੋਰ ਵਿਚ 100 ਨੌਜਵਾਨ ਸਿੰਘ ਭਰਤੀ ਕਰਕੇ ਉਨ੍ਹਾਂ ਨੂੰ ਪੂਰੀ ਫੌਜੀ ਸਿਖਲਾਈ ਦਿਤੀ ਗਈ।

ਵਿਖੇ ਇਕੱਤਰ ਹੋਣ ਲਈ ਪ੍ਰੇਰਿਆ ਕਿਉਂਕਿ ਉਸ ਇਲਾਕੇ ਵਿਚ ਮੁਸਲਮਾਨੀ ਬਹੁਮਤ ਹੋਣ ਕਾਰਨ ਮੁਸਲਮਾਨ ਇਨ੍ਹਾਂ 'ਤੇ ਹਮਲਾ ਕਰਨ ਦੀ ਵਿਉਂਤ ਬਣਾ ਰਹੇ ਸਨ।

ਅੰਤ, ਉਹ ਸਮਾਂ ਆਇਆ ਜਿਸ ਨੇ ਆਪਸੀ ਭਾਈਚਾਰੇ ਨੂੰ ਖ਼ਤਮ ਕਰਕੇ ਨਫ਼ਰਤ ਹੀ ਨਫ਼ਰਤ ਫੈਲਾਅ ਦਿਤੀ। 15 ਅਗਸਤ, 1947 ਈ. ਨੂੰ ਮੁਸਲਮਾਨਾਂ ਦੀ ਮੰਗ 'ਤੇ ਅੰਗਰੇਜ਼ਾਂ ਵਲੋਂ ਉਨ੍ਹਾਂ ਨੂੰ ਵਖਰਾ ਦੇਸ਼ ਪਾਕਿਸਤਾਨ ਦੇਣਾ ਪ੍ਰਵਾਨ ਕਰਨ ਉਪਰੰਤ ਭਾਰਤ-ਪਾਕਿ ਵੰਡ ਹੋ ਗਈ। ਵੰਡ ਦੌਰਾਨ ਹਿੰਦੂ, ਸਿੱਖ ਅਤੇ ਮੁਸਲਮਾਨਾਂ ਵਿਚ ਵਡੀ ਪੱਧਰ 'ਤੇ ਕਤਲੋ-ਗਾਰਤ ਹੋਈ। 25 ਤੇ 26 ਅਗਸਤ, 1947 ਨੂੰ ਇਕੱਲੇ ਸ਼ੇਖੂਪੁਰੇ (ਹੁਣ ਪਾਕਿਸਤਾਨ) ਵਿਚ 14 ਹਜ਼ਾਰ ਹਿੰਦੂਆਂ/ ਸਿੱਖਾਂ ਦਾ ਕਤਲ ਕੀਤਾ ਗਿਆ।

27 ਅਗਸਤ ਦੀ ਰਾਤ ਨੂੰ ਮੁਸਲਮਾਨ ਗੁਰਦੁਆਰਾ ਜਨਮ ਅਸਥਾਨ 'ਤੇ ਹਮਲਾ ਕਰਨ ਲਈ ਤਿਆਰ-ਬਰ-ਤਿਆਰ ਸਨ। ਸਰਦਾਰ ਨਰੈਣ ਸਿੰਘ ਤੇ ਉਨ੍ਹਾਂ ਦੇ ਸਾਥੀ ਇਹ ਰਾਤ ਜਿਵੇਂ-ਕਿਵੇਂ ਸੁਖ ਦੀ ਲੰਘਾਉਣੀ ਚਾਹੁੰਦੇ ਸਨ, ਕਿਉਂਕਿ ਅਗਲੇ ਦਿਨ (ਭਾਰਤੀ) ਫ਼ੌਜ ਦੀ ਉਥੇ ਪਹੁੰਚਣ ਬਾਰੇ ਪੱਕੀ ਖ਼ਬਰ ਸੀ। ਇਸ ਰਾਤ ਦਾ ਮੁਸਲਮਾਨੀ ਹਮਲਾ ਟਾਲਣ ਲਈ ਨਰੈਣ ਸਿੰਘ ਦੇ ਸਾਹਮਣੇ ਤਿੰਨ ਰਸਤੇ ਸਨ- ਇਕ ਪਾਸੇ ਡਿਫੈਂਸ ਕੋਰ ਦੀ ਤਿਆਰੀ ਤੇ ਉਪਾਉ ਸਨ। ਦੂਜਾ, ਲਾਹੌਰ ਤੋਂ ਸਹਾਇਤਾ ਦੀ ਉਡੀਕ ਸੀ ਅਤੇ ਤੀਜਾ, ਸਥਾਨਕ ਸਰਕਾਰੀ ਕਰਮਚਾਰੀਆਂ ਨੂੰ ਗੰਢਣ ਦਾ ਜਤਨ ਸੀ। ਲੰਮੀ ਸੋਚ-ਵਿਚਾਰ ਤੋਂ ਪਿਛੋਂ ਤੀਜੇ ਢੰਗ ਨੂੰ ਅਮਲੀ ਜਾਮਾ ਪਹਿਨਾਉਂਦੇ ਹੋਏ ਆਪ ਨੇ ਤਹਿਸੀਲਦਾਰ ਦੇ ਇਕ ਜਾਣੂੰ ਵਿਅਕਤੀ, ਨੱਥੂ ਸ਼ਾਹ ਨੂੰ ਜ਼ਾਮਨ ਬਣਾਉਂਦੇ ਹੋਏ ਤਹਿਸੀਲਦਾਰ ਨੂੰ ਇਕ ਰਾਤ ਦੀ ਅਮਨ-ਸ਼ਾਂਤੀ ਬਰਕਰਾਰ ਰਖਣ ਲਈ 10,000/- ਰੁਪਏ ਰਿਸ਼ਵਤ ਵਜੋਂ ਦੇਣੇ ਤਹਿ ਕੀਤੇ। ਗੁਰਦੁਆਰਾ ਜਨਮ ਅਸਥਾਨ ਅੰਦਰ ਇਕੱਠੇ ਹੋਏ ਸਾਰੇ ਲੋਕਾਂ ਦੇ ਮਨਾਂ ਅੰਦਰ 27 ਅਗਸਤ ਦੀ ਉਸ ਰਾਤ ਦਾ ਐਨਾ ਜ਼ਿਆਦਾ ਭੈਅ ਸੀ ਕਿ ਰਾਤ ਦਾ ਲੰਗਰ ਤਿਆਰ ਹੋਣ ਦੇ ਬਾਵਜੂਦ ਵੀ ਬੱਚਿਆਂ ਤੋਂ ਇਲਾਵਾ ਕਿਸੇ ਹੋਰ ਵਿਅਕਤੀ ਨੇ ਪ੍ਰਸ਼ਾਦਾ ਨਹੀਂ ਛਕਿਆ। ਅੰਤ, ਸੁਖਾਂ-ਸੁਖਦੇ ਹੋਏ ਇਹ ਰਾਤ ਠੀਕ-ਠਾਕ ਲੰਘਣ ਸਾਰ ਅਗਲੇ ਦਿਨ ਸਵੇਰੇ 28 ਅਗਸਤ ਨੂੰ ਸਿੱਖ ਤੇ ਗੋਰਖਾ ਫ਼ੌਜੀ ਉਥੇ ਪਹੁੰਚ ਗਏ ਜਿਸ ਕਾਰਨ ਇਕ ਵਾਰ ਖ਼ੂਨ-ਖਰਾਬਾ ਹੋਣੋ ਟਲ ਗਿਆ।

ਨਨਕਾਣਾ ਸਾਹਿਬ ਤੋਂ ਫ਼ੌਜੀ ਪ੍ਰਬੰਧ ਹੇਠ ਲੋਕਾਂ ਨੂੰ ਪੰਜਾਬ ਲਿਆਉਣ ਲਈ ਨਰੈਣ ਸਿੰਘ ਨੂੰ ਵਿਉਂਤਬੰਦੀ ਕਰਨ ਦੇ ਮਨੋਰਥ ਨਾਲ 2 ਸਤੰਬਰ, 1947 ਨੂੰ ਅੰਮ੍ਰਿਤਸਰ ਵਿਖੇ ਭੇਜਿਆ ਗਿਆ। ਇਥੇ ਪਹੁੰਚਦੇ ਸਾਰ ਹੀ ਗੁਰਦੇ ਵਿਚ ਦਰਦ ਹੋਣ ਕਾਰਨ ਉਨ੍ਹਾਂ ਨੂੰ ਹਸਪਤਾਲ ਦਾਖਲ ਹੋਣਾ ਪਿਆ ਜਿਸ ਕਰਕੇ ਇਹ ਸਾਰਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਮੋਹਨ ਸਿੰਘ ਨੇ ਕੀਤਾ। ਇਸ ਤਰ੍ਹਾਂ ਨਨਕਾਣਾ ਸਾਹਿਬ ਅੰਦਰ ਫਸੇ ਲੋਕ ਕਈ ਔਕੜਾਂ ਦਾ ਸਾਹਮਣਾ ਕਰਦੇ ਹੋਏ ਪੰਜਾਬ ਪੁਜੇ।

ਪੰਜਾਬ ਪਹੁੰਚਦਿਆਂ ਸਾਰ ਭਾਰਤੀ ਹਿੰਦੂ ਫ਼ੌਜੀ/ਪੁਲਿਸ ਅਫ਼ਸਰਾਂ ਦੁਆਰਾ ਲੱਖਾਂ ਸਿੱਖਾਂ ਦਾ ਕੀਤੇ ਗਏ ਸਵਾਗਤ ਬਾਰੇ ਜ਼ਿਕਰ ਕਰਨਾ ਵੀ ਇਥੇ ਸਾਰਥਕ ਹੋਵੇਗਾ।

ਨਨਕਾਣਾ ਸਾਹਿਬ ਤੋਂ ਭਾਰਤ ਆਉਣ ਮਗਰੋਂ ਸਰਦਾਰ ਨਰੈਣ ਸਿੰਘ ਦਾ ਪਰਿਵਾਰ ਮਾਛੀਵਾੜੇ ਜਾ ਵਸਿਆ। ਜਦ ਨਰੈਣ ਸਿੰਘ ਨੂੰ ਠੀਕ ਹੋਣ ਉਪਰੰਤ ਆਪਣੇ ਪਰਿਵਾਰ ਬਾਰੇ ਪਤਾ ਲੱਗਾ ਤਾਂ ਉਨ੍ਹਾਂ ਨੇ ਵੀ ਕਈ ਹੋਰ ਸ਼ਰਨਾਰਥੀਆਂ ਨਾਲ ਅੰਮ੍ਰਿਤਸਰ ਤੋਂ ਮਾਛੀਵਾੜੇ ਜਾਣਾ ਕੀਤਾ। ਰਸਤੇ ਵਿਚ ਲੁਧਿਆਣੇ ਦੇ ਬੁਢੇ ਦਰਿਆ (ਸਤਲੁਜ) ਦੇ ਪੁਲ 'ਤੇ ਭਾਰਤੀ ਪੁਲਿਸ ਨੇ ਇਨ੍ਹਾਂ ਨੂੰ ਰੋਕ ਲਿਆ। ਨਨਕਾਣਾ ਸਾਹਿਬ ਤੋਂ ਆਉਂਦੇ ਹੋਏ ਨਰੈਣ ਸਿੰਘ ਇਕ ਲਾਇਸੈਂਸੀ ਬੰਦੂਕ ਆਪਣੇ ਨਾਲ ਲਿਆਏ ਸਨ ਜਿਸ ਦਾ ਲਾਇਸੈਂਸ ਦਿਖਾਉਣ ਲਈ ਪੁਲਿਸ ਬਜਿਦ ਰਹੀ। ਸਰਦਾਰ ਨਰੈਣ ਸਿੰਘ ਉਸ ਸਮੇਂ ਇਕ ਵਡੇ ਕਾਫਲੇ ਨਾਲ ਸਨ ਤੇ ਲਾਇਸੈਂਸ ਟਰੰਕ ਵਿਚ ਸਾਰੇ ਸਮਾਨ ਹੇਠਾਂ ਸੀ। ਅੰਤ, ਜਦੋਂ ਪੁਲਿਸ ਵਾਲੇ ਨਾ ਟਲੇ ਤਾਂ ਆਪ ਨੇ ਟਰੰਕ ਵਿਚੋਂ ਲਾਇਸੈਂਸ ਕਢ ਕੇ ਦਿਖਾਇਆ, ਜਿਸ ਮਗਰੋਂ ਪੁਲਿਸ ਨੇ ਉਨ੍ਹਾਂ ਨੂੰ ਅਗੇ ਜਾਣ ਦਿਤਾ। ਇਹ ਸੀ ਪਾਕਿਸਤਾਨ ਤੋਂ ਉਜੜ ਕੇ ਆਏ ਸ਼ਰਨਾਰਥੀਆਂ ਨਾਲ ਭਾਰਤੀ ਪੁਲਿਸ ਅਫਸਰਾਂ ਦਾ ਪਹਿਲਾ ਸਲੂਕ।

ਸਰਦਾਰ ਨਰੈਣ ਸਿੰਘ ਨੇ ਲਗਪਗ 6 ਮਹੀਨੇ ਆਪਣੇ ਪਰਿਵਾਰ ਨਾਲ ਮਾਛੀਵਾੜੇ ਰਹਿਣ ਉਪਰੰਤ ਮਾਰਚ,1948 ਵਿਚ ਕੁਝ ਸਾਥੀਆਂ ਤੇ ਰਿਸ਼ਤੇਦਾਰਾਂ ਨਾਲ ਰਲ ਕੇ ਯੂ.ਪੀ. ਦੇ ਜ਼ਿਲ੍ਹਾ ਸਹਾਰਨਪੁਰ ਵਿਚਲੇ ਇਕ ਪਿੰਡ ਮਾਜਰੀਕਲਾਂ (ਸਹਾਰਨਪੁਰ ਤੋਂ 12 ਕੁ ਮੀਲ ਦੀ ਦੂਰੀ 'ਤੇ) ਦੀ ਜ਼ਮੀਨ ਖਰੀਦ ਕੇ ਖੇਤੀ ਕਰਨੀ ਸ਼ੁਰੂ ਕਰ ਦਿਤੀ। ਇਥੇ ਹੀ ਆਪ ਨੇ ਕਾਨਿਆਂ ਦੇ ਛੱਪਰ ਬਣਾ ਕੇ ਰਹਿਣਾ ਸ਼ੁਰੂ ਕਰ ਦਿਤਾ। ਇਥੇ ਰਹਿੰਦਿਆਂ ਹਾਲੇ ਕੁਝ ਹੀ ਦਿਨ ਹੋਏ ਸਨ ਕਿ ਭਾਰਤੀ ਪੁਲਿਸ ਨੇ ਮੁੜ ਦੂਜੀ ਵਾਰ ਆਪਣਾ ਰੂਪ ਦਿਖਾਇਆ। ਇਥੇ ਵਸਦੇ ਕਾਸ਼ਤਕਾਰਾਂ ਦੀ ਝੂਠੀ ਸ਼ਿਕਾਇਤ 'ਤੇ ਸਰਦਾਰ ਨਰੈਣ ਸਿੰਘ ਦੀ ਗੈਰ-ਹਾਜ਼ਰੀ ਵਿਚ ਪੁਲਿਸ ਆਪ ਦੇ ਦੋ ਪੁਤਰਾਂ- ਜੋਗਿੰਦਰ ਸਿੰਘ ਤੇ ਜਸਇੰਦਰ ਸਿੰਘ, ਉਨ੍ਹਾਂ ਦੇ ਇਕ ਮਿਤਰ (ਨਾਮਾਲੂਮ) ਅਤੇ ਗਿਆਨੀ ਤੇਜਾ ਸਿੰਘ, ਜਿਹੜੇ ਸਰਦਾਰ ਨਰੈਣ ਸਿੰਘ ਦੇ ਹਿਸੇਦਾਰ ਸਨ, ਨੂੰ ਗ੍ਰਿਫ਼ਤਾਰ ਕਰ ਕੇ ਲੈ ਗਈ। ਅਗਲੇ ਦਿਨ ਪਤਾ ਲੱਗਣ 'ਤੇ ਆਪ ਨੇ ਮੈਜਿਸਟ੍ਰੇਟ ਨੂੰ ਮਿਲ ਕੇ ਦਫਾ 107 ਦੀ ਜ਼ਮਾਨਤ ਕਰਵਾਈ। ਇਨ੍ਹਾਂ ਗ੍ਰਿਫ਼ਤਾਰੀਆਂ ਦਾ ਅਸਲ ਕਾਰਨ ਸਰਕਾਰੀ ਆਦੇਸ਼ ਸਨ, ਜਿਸ ਕਾਰਨ ਪਛਮੀਂ ਪੰਜਾਬ (ਪਾਕਿਸਤਾਨ) ਤੋਂ ਆਏ ਸਿੱਖਾਂ 'ਤੇ ਬਦਗੁਮਾਨੀ ਰੱਖਣ ਦਾ ਦੋਸ਼ ਸੀ ਕਿ ਇਹ ਲੋਕ ਜ਼ੁਰਮ ਕਰਨ ਦੇ ਆਦੀ ਹਨ, ਇਨ੍ਹਾਂ ਉਪਰ ਵਿਸ਼ੇਸ਼ ਨਿਗਾਹ ਰਖੀ ਜਾਵੇ।[21]

---

21. ਸਰਕਾਰ ਦੀ ਸਿੱਖਾਂ ਪ੍ਰਤੀ ਇਸ ਨੀਤੀ ਦਾ ਕਾਰਨ ਦੂਜੇ ਅਧਿਆਇ ਵਿਚ ਅੰਕਤ ਸਰਦਾਰ ਨਰੈਣ ਸਿੰਘ ਦੀ ਪੁਸਤਕ *ਕਿਉਂ ਕੀਤੇ ਵਿਸਾਹੁ* ਦੇ ਸਰਵੇਖਣ ਵਿਚ ਦਿਤਾ ਗਿਆ ਹੈ, ਵੇਖੋ : ਪੰਨੇ 80-5.

ਇਹ ਸੀ 'ਆਜ਼ਾਦ' ਹਿੰਦੁਸਤਾਨ ਦੀ ਸਰਕਾਰ ਦਾ ਪਹਿਲਾ ਤੋਹਫਾ ਜਿਹੜਾ ਉਸ ਨੇ ਸਾਰੀ ਸਿੱਖ ਕੌਮ ਨੂੰ ਜ਼ਰਾਇਮ ਪੇਸ਼ਾ ਹੋਣਾ ਕਰਾਰ ਦਿਤਾ।

ਭਾਰਤ-ਪਾਕਿ ਵੰਡ ਤੋਂ ਬਾਅਦ ਸਰਕਾਰ ਦੇ ਸਾਹਮਣੇ ਇਕ ਵਡੀ ਚੁਣੌਤੀ ਲੋਕਾਂ ਦੇ ਮੁੜ ਵਸੇਬੇ ਦੀ ਸੀ। ਸਰਕਾਰ ਨੇ ਇਸ ਕੰਮ ਲਈ ਇਕ ਉਚੇਚਾ 'ਮੁੜ ਵਸਾਊ ਵਿਭਾਗ' (Rehabilitation Department) ਗਠਿਤ ਕੀਤਾ, ਜਿਸ ਦੇ ਡਾਇਰੈਕਟਰ ਜਨਰਲ ਸ. ਤ੍ਰਲੋਕ ਸਿੰਘ ਸਨ। ਇਹ ਸਰਦਾਰ ਨਰੈਣ ਸਿੰਘ ਦੇ ਰਿਸ਼ਤੇਦਾਰ ਸ. ਗੁਰਬਚਨ ਸਿੰਘ ਦੇ ਅਧੀਨ ਕੰਮ ਕਰਦੇ ਸਨ ਅਤੇ ਆਪ ਨੂੰ ਸ੍ਰੀ ਨਨਕਾਣਾ ਸਾਹਿਬ ਦੇ ਮੈਨੇਜਰ ਦੀ ਹੈਸੀਅਤ ਵਜੋਂ ਵੀ ਜਾਣਦੇ ਸਨ। ਸ. ਤ੍ਰਲੋਕ ਸਿੰਘ ਦੇ ਕਹਿਣ 'ਤੇ ਸਰਦਾਰ ਨਰੈਣ ਸਿੰਘ 2 ਅਕਤੂਬਰ,1947 ਈ. ਨੂੰ ਲੁਧਿਆਣਾ ਵਿਖੇ ਨਵ-ਗਠਿਤ 'ਮੁੜ ਵਸਾਊ ਵਿਭਾਗ' ਵਿਚ ਬਤੌਰ 'ਸਹਾਇਕ ਮੁੜ ਵਸਾਊ ਅਫ਼ਸਰ' (Assistant Rehabilitation Officer) ਹਾਜ਼ਰ ਹੋਏ। ਇਥੋਂ ਆਪ ਨੂੰ ਅੰਮ੍ਰਿਤਸਰ ਵਿਖੇ ਤਬਦੀਲ ਕਰ ਦਿਤਾ ਗਿਆ ਜਿਥੇ ਆਪ ਦੀ ਡਿਊਟੀ ਅਟਾਰੀ ਦੇ ਰਸਤਿਉਂ ਆਉਂਦੇ ਲੋਕਾਂ ਦੇ ਕਾਫਲਿਆਂ ਨੂੰ ਮਿਲਣ ਅਤੇ ਜਿਲ੍ਹੇਵਾਰ ਹੋਈ ਵੰਡ ਅਨੁਸਾਰ ਉਨ੍ਹਾਂ ਨੂੰ ਨਿਯਤ ਥਾਵਾਂ 'ਤੇ ਭੇਜਣ ਦੀ ਸੀ। ਲਗਪਗ ਦੋ ਮਹੀਨੇ ਅੰਮ੍ਰਿਤਸਰ ਵਿਖੇ ਡਿਊਟੀ ਕਰਨ ਉਪਰੰਤ ਸਰਦਾਰ ਨਰੈਣ ਸਿੰਘ ਨੂੰ ਜਲੰਧਰ ਹੈਡ-ਕੁਆਟਰ 'ਤੇ ਬਦਲ ਦਿਤਾ ਗਿਆ। ਇਥੇ ਆਪ ਦਾ ਕੰਮ ਆਬਾਦ ਕਰਵਾਏ ਸ਼ਰਨਾਰਥੀਆਂ ਦੀ ਮਦਦ ਕਰਨਾ ਸੀ। ਆਰਜ਼ੀ ਨੌਕਰੀ ਹੋਣ ਕਾਰਨ ਸਰਦਾਰ ਨਰੈਣ ਸਿੰਘ ਨੂੰ 29 ਫਰਵਰੀ, 1948 ਨੂੰ ਵਿਭਾਗ 'ਚੋਂ ਵਿਹਲਾ ਕਰ ਦਿਤਾ ਗਿਆ।

ਇਸੇ ਦੌਰਾਨ ਪੈਪਸੂ ਸਰਕਾਰ [22] ਬਣਨ ਉਪਰੰਤ ਮੁਖ ਮੰਤਰੀ ਸ. ਗਿਆਨ ਸਿੰਘ ਰਾੜੇ ਵਾਲੇ ਦੇ ਕਹਿਣ 'ਤੇ ਸਰਦਾਰ ਨਰੈਣ ਸਿੰਘ ਨੂੰ ਮਈ, 1948 ਵਿਚ ਪੈਪਸੂ ਸਰਕਾਰ ਅਧੀਨ ਪਛੜੀਆਂ ਸ਼੍ਰੇਣੀਆਂ ਦੀ ਭਲਾਈ ਹਿਤ ਪਟਿਆਲਾ ਵਿਖੇ 'ਅਫਸਰ ਆਨ ਸਪੈਸ਼ਲ ਡਿਊਟੀ' (Officer on Special Duty) ਨਿਯੁਕਤ ਕੀਤਾ ਗਿਆ। ਇਥੇ ਆਪ ਦੀ ਜ਼ਿੰਮੇਵਾਰੀ ਮਹਿਕਮੇ ਨੂੰ ਚਲਾਉਣ ਤੇ ਲੋੜ ਅਨੁਸਾਰ ਕਰਮਚਾਰੀ ਭਰਤੀ ਕਰਨ ਦੀ ਸੀ। ਇਸ ਅਹੁਦੇ 'ਤੇ ਰਹਿੰਦਿਆਂ ਆਪ ਨੇ ਪਛੜੀਆਂ ਸ਼੍ਰੇਣੀਆਂ ਦੇ ਲੋਕਾਂ ਦੀ ਵਿਦਿਅਕ, ਸਮਾਜਿਕ ਅਤੇ ਆਰਥਿਕ ਦਸ਼ਾ ਸੁਧਾਰਣ ਦੇ ਪੁਰਜ਼ੋਰ ਜਤਨ ਕੀਤੇ। ਅੰਤ 31 ਅਕਤੂਬਰ, 1956 ਨੂੰ ਆਪ ਇਸ ਮਹਿਕਮੇ ਵਿਚੋਂ ਸੇਵਾ ਮੁਕਤ ਹੋਏ।

ਪੈਪਸੂ ਸਰਕਾਰ ਅਧੀਨ ਨੌਕਰੀ ਕਰਦੇ ਹੋਏ ਸਰਦਾਰ ਨਰੈਣ ਸਿੰਘ ਨੂੰ ਪਾਕਿਸਤਾਨ ਵਿਖੇ ਛਡੇ ਮਕਾਨ ਅਤੇ ਜ਼ਮੀਨ ਬਦਲੇ ਪਿੰਡ ਸਨੌਰ, ਜਿਲ੍ਹਾ ਪਟਿਆਲਾ (ਪਟਿਆਲਾ ਤੋਂ ਦੇਵੀਗੜ੍ਹ ਸੜਕ 'ਤੇ ਲਗਪਗ 12 ਕਿ.ਮੀ.) ਵਿਖੇ ਇਕ ਮਕਾਨ ਤੇ

---

22. ਪੈਪਸੂ ਤੋਂ ਭਾਵ ਹੈ 'ਪਟਿਆਲਾ ਐਂਡ ਈਸਟ ਪੰਜਾਬ ਸਟੇਟਸ ਯੂਨੀਅਨ'। ਇਹ ਯੂਨੀਅਨ 5 ਮਈ, 1948 ਈ. ਨੂੰ ਬਣਾਈ ਗਈ। ਇਸ ਵਿਚ ਪੂਰਬੀ ਪੰਜਾਬ ਦੀਆਂ ਸਾਰੀਆਂ ਦੇਸੀ ਰਿਆਸਤਾਂ- ਪਟਿਆਲਾ, ਨਾਭਾ, ਜੀਂਦ, ਕਪੂਰਥਲਾ, ਫਰੀਦਕੋਟ, ਕਲਸੀਆ, ਮਲੇਰਕੋਟਲਾ ਅਤੇ ਨਾਲਾਗੜ੍ਹ ਨੂੰ ਸ਼ਾਮਿਲ ਕੀਤਾ ਗਿਆ।

110 ਏਕੜ ਜ਼ਮੀਨ ਐਲਾਟ ਹੋਈ, ਜਿਸ ਕਾਰਨ ਆਪ ਨੇ ਮਾਜਰੀਕਲਾਂ (ਸਹਾਰਨਪੁਰ) ਵਿਚਲੀ ਜ਼ਮੀਨ ਵੇਚ ਕੇ ਆਪਣੀ ਪਕੀ ਰਿਹਾਇਸ਼ ਸਨੌਰ ਵਿਖੇ ਹੀ ਕਰ ਲਈ।

ਸੇਵਾ ਮੁਕਤ ਹੋਣ ਮਗਰੋਂ ਸਰਦਾਰ ਨਰੈਣ ਸਿੰਘ ਨੇ ਸਨੌਰ ਤੋਂ ਬਾਹਰ ਕੁਝ ਦੂਰੀ 'ਤੇ ਨਵਾਂ ਘਰ ਬਣਵਾਇਆ ਅਤੇ 1960 ਈ. 'ਚ ਇਸੇ ਥਾਂ 'ਤੇ ਆਪਣਾ ਪਕਾ ਟਿਕਾਣਾ ਕੀਤਾ। ਨਵੀਂ ਰਿਹਾਇਸ਼ ਵਾਲੀ ਥਾਂ ਦਾ ਨਾਂ ਉਨ੍ਹਾਂ ਨੇ ਪਾਕਿਸਤਾਨ ਵਿਚਲੇ ਪਿੰਡ ਅਤੇ ਆਪਣੇ ਪਿਤਾ ਦੇ ਨਾਂ 'ਤੇ 'ਬੂਟਾ ਸਿੰਘ ਵਾਲਾ' ਰਖਿਆ।

ਪੈਪਸੂ ਸਰਕਾਰ ਦੀ ਲਗਪਗ 7½ ਸਾਲ ਦੀ ਨੌਕਰੀ ਕਰਨ ਪਿਛੋਂ ਸਰਦਾਰ ਨਰੈਣ ਸਿੰਘ ਦਾ ਰੁਝਾਣ ਮੁੜ ਗੁਰਮਤਿ ਪ੍ਰਚਾਰ ਵਲ ਪ੍ਰੇਰਿਤ ਹੋਇਆ। ਸਿੱਖੀ ਪ੍ਰਚਾਰ ਵਿਚ ਵਾਧੇ ਦੇ ਮਨਸੂਬੇ ਨਾਲ ਉਨ੍ਹਾਂ ਨੇ ਸਮੇਂ ਦੇ ਨਾਮਵਰ ਤੇ ਪ੍ਰਸਿਧ ਇਤਿਹਾਸਕਾਰ ਡਾ. ਗੰਡਾ ਸਿੰਘ ਤੇ ਹੋਰ ਵਿਦਵਾਨਾਂ ਨਾਲ ਮਿਲ ਕੇ 'ਗੁਰੂ ਨਾਨਕ ਦੇਵ ਮਿਸ਼ਨ' ਨਾਂ ਦੀ ਇਕ ਸੰਸਥਾ ਬਣਾਈ ਤੇ 1 ਜੁਲਾਈ, 1963 ਨੂੰ ਇਸ ਦੀ ਸਕੱਤਰ ਵਜੋਂ ਸੇਵਾ ਸੰਭਾਲੀ।

ਸੰਨ 1968 ਵਿਚ ਡੇਰਾ ਬਾਬਾ ਜੱਸਾ ਸਿੰਘ ਕਮੇਟੀ ਨੇ 'ਗੁਰਮਤਿ ਕਾਲਜ' ਨਾਂ ਦੀ ਇਕ ਸੰਸਥਾ ਖੋਲ੍ਹੀ ਜਿਸ ਦੇ ਸਕੱਤਰ ਦੀ ਸੇਵਾ ਵੀ ਸਰਦਾਰ ਨਰੈਣ ਸਿੰਘ ਦੀ ਝੋਲੀ ਪਈ। ਇਸ ਕਾਲਜ ਦੇ ਪਹਿਲੇ ਪ੍ਰਿੰਸੀਪਲ ਸ. ਸੋਹਣ ਸਿੰਘ ਯੂ.ਐਨ.ਓ ਦੀ ਨੌਕਰੀ ਤੋਂ ਸੇਵਾ ਮੁਕਤ ਹੋਏ ਸਨ। ਉਨ੍ਹਾਂ ਨੇ ਸਰਦਾਰ ਨਰੈਣ ਸਿੰਘ ਤੇ ਕੁਝ ਹੋਰ ਮੁਹਤਬਰ ਵਿਅਕਤੀਆਂ ਦੁਆਰਾ ਬੇਨਤੀ ਕਰਨ 'ਤੇ ਥੋੜੇ ਸਮੇਂ ਲਈ ਕਾਲਜ ਦਾ ਪ੍ਰਿੰਸੀਪਲ ਬਣਨਾ ਪ੍ਰਵਾਨ ਤਾਂ ਕਰ ਲਿਆ ਪਰੰਤੂ 4 ਕੁ ਮਹੀਨੇ ਇਥੇ ਲਗਾ ਕੇ ਨਵੰਬਰ, 1968 ਵਿਚ ਉਹ ਕਾਲਜ ਛਡ ਗਏ। ਇਸ ਔਕੜ ਦੇ ਸਮੇਂ ਵਿਚ ਸਰਦਾਰ ਨਰੈਣ ਸਿੰਘ ਨੂੰ ਕਾਲਜ ਦਾ ਬਿਨਾ ਤਨਖ਼ਾਹ (Honrary) ਪ੍ਰਿੰਸੀਪਲ ਵੀ ਨਿਯੁਕਤ ਕੀਤਾ ਗਿਆ।

ਪੈਪਸੂ ਕਾਲ ਸਮੇਂ ਪਟਿਆਲਾ ਵਿਖੇ ਇਕ ਹੋਰ ਸੰਸਥਾ 'ਅਕੈਡਮੀ ਆਫ ਸਿੱਖ ਰਿਲੀਜਨ ਐਂਡ ਕਲਚਰ' (Academy of Sikh Religion & Culture) ਚਲਦੀ ਸੀ। ਇਸ ਦੇ ਮੋਢੀ ਸ. ਮੋਹਨ ਸਿੰਘ, ਚੇਅਰਮੈਨ ਪੈਪਸੂ ਪਬਲਿਕ ਸਰਵਿਸ ਕਮਿਸ਼ਨ, ਸ. ਤੇਜਾ ਸਿੰਘ, ਚੀਫ ਜਸਟਿਸ ਪੈਪਸੂ ਅਤੇ ਸ. ਮੋਹਨ ਸਿੰਘ, ਜਨਰਲ ਮੈਨੇਜਰ, ਸਟੇਟ ਬੈਂਕ ਆਫ ਪਟਿਆਲਾ ਸਨ। ਹੌਲੀ-ਹੌਲੀ ਸਮੇਂ ਦੇ ਬੀਤਣ ਨਾਲ ਸੰਸਥਾ ਦੇ ਲਗਪਗ ਸਾਰੇ ਮੁਹਤਬਰ ਵਿਅਕਤੀਆਂ ਦੇ ਅਕਾਲ ਚਲਾਣਾ ਕਰ ਜਾਣ ਪਿਛੋਂ ਇਹ ਸੰਸਥਾ ਲਗਪਗ ਬੰਦ ਵਰਗੀ ਹੋ ਗਈ। ਕੁਝ ਸੂਝਵਾਨ ਸਜਣਾਂ- ਸ. ਕਰਨੈਲ ਸਿੰਘ, ਜਨਰਲ ਸਕੱਤਰ, ਗੁਰੂ ਨਾਨਕ ਫਾਉਂਡੇਸ਼ਨ, ਭਾਈ ਅਰਦਮਨ ਸਿੰਘ ਬਾਗੜੀਆਂ ਆਦਿ ਨੇ ਇਸ ਸੰਸਥਾ ਨੂੰ ਮੁੜ ਸੁਰਜੀਤ ਕਰਨ ਹਿਤ ਅਹੁਦੇਦਾਰਾਂ ਦੀ ਨਵੇਂ ਸਿਰਿਉਂ ਚੋਣ ਕਰਕੇ ਸ. ਕਰਨੈਲ ਸਿੰਘ ਨੂੰ ਪ੍ਰਧਾਨ ਅਤੇ ਸਰਦਾਰ ਨਰੈਣ ਸਿੰਘ ਨੂੰ ਜਨਰਲ ਸਕੱਤਰ ਬਣਾਇਆ।

ਸੰਨ 1976-77 ਈ. ਦੌਰਾਨ ਵਾਸ਼ਿੰਗਟਨ (ਯੂ.ਐਸ.ਏ) ਵਿਖੇ 'ਸ੍ਰੀ ਨਨਕਾਣਾ

ਸਾਹਿਬ ਫਾਊਂਡੇਸ਼ਨ' ਨਾਂ ਦੀ ਇਕ ਸੰਸਥਾ ਹੋਂਦ ਵਿਚ ਆਈ [23], ਜਿਸ ਦਾ ਉਦੇਸ਼ ਪਾਕਿਸਤਾਨ ਵਿਚਲੇ ਗੁਰਦੁਆਰਿਆਂ ਦੀ ਸੇਵਾ-ਸੰਭਾਲ ਤੇ ਉਥੋਂ ਦੀ ਮਰਯਾਦਾ ਮੁੜ ਬਹਾਲ ਕਰਵਾਉਣਾ ਸੀ। ਇਸੇ ਮੰਤਵ ਲਈ ਸਮਾਂ ਪਾ ਕੇ ਪ੍ਰਬੰਧਕਾਂ ਵਲੋਂ ਇਕ ਅੰਤਰ-ਰਾਸ਼ਟਰੀ ਸਲਾਹਕਾਰ ਕਮੇਟੀ ਬਣਾਈ ਗਈ, ਜਿਸ ਦਾ ਸਰਦਾਰ ਨਰੈਣ ਸਿੰਘ ਨੂੰ ਭਾਰਤ ਤੋਂ ਮੈਂਬਰ ਚੁਣਿਆ ਗਿਆ।

ਇਸੇ ਤਰ੍ਹਾਂ ਹੀ ਕਰਨਾਲ ਵਿਖੇ ਅਪ੍ਰੈਲ, 1980 ਵਿਚ ਇਹੋ ਜਿਹੀ ਇਕ ਹੋਰ ਸੰਸਥਾ ਇਸੇ ਨਾਂ ਹੇਠ 'ਸ੍ਰੀ ਨਨਕਾਣਾ ਸਾਹਿਬ ਫਾਊਂਡੇਸ਼ਨ' ਸਥਾਪਿਤ ਹੋਈ, ਜਿਸ ਦਾ ਸਕੱਤਰ ਵੀ ਸਰਦਾਰ ਨਰੈਣ ਸਿੰਘ ਨੂੰ ਹੀ ਬਣਾਇਆ ਗਿਆ।

ਇਨ੍ਹਾਂ ਉਪਰੋਕਤ ਵਰਣਿਤ ਸਾਰੀਆਂ ਸੰਸਥਾਵਾਂ ਨਾਲ ਸਰਦਾਰ ਨਰੈਣ ਸਿੰਘ ਨੇ ਬੜੀ ਮਿਹਨਤ, ਇਮਾਨਦਾਰੀ ਅਤੇ ਲਗਨ ਨਾਲ ਕੰਮ ਕੀਤਾ।

ਸਰਦਾਰ ਨਰੈਣ ਸਿੰਘ ਦੀ ਸ਼ਖ਼ਸੀਅਤ

ਨਰੈਣ ਸਿੰਘ ਬੜੀ ਦਿਲਕਸ਼ ਸ਼ਖ਼ਸੀਅਤ ਦੇ ਮਾਲਕ ਸਨ। ਲਗਪਗ ਛੇ ਫੁਟ ਉਚਾ-ਲੰਮਾ ਕਦ, ਚਿਟਾ ਬੰਨ੍ਹਿਆ ਦਾੜ੍ਹਾ, ਗੋਰਾ-ਚਿਟਾ ਰੰਗ, ਨੈਣ-ਨਕਸ਼ ਮੋਟੇ ਤੇ ਨਰੋਆ ਸਰੀਰ। ਚਿਹਰੇ 'ਤੇ ਹਰ ਵੇਲੇ ਰੂਹਾਨੀ ਨੂਰ ਰਹਿੰਦਾ। ਪਹਿਰਾਵਾ ਬੜਾ ਸਾਦਾ ਪਰ ਪ੍ਰਭਾਵਸ਼ਾਲੀ ਹੁੰਦਾ। ਜ਼ਿਆਦਾਤਰ ਚਿਟਾ ਕੁੜਤਾ-ਪਜਾਮਾ ਪਹਿਣਦੇ, ਜਿਸ ਉਪਰ ਚਿਟੀ ਜੈਕਟ ਹੁੰਦੀ ਸੀ।

ਸਾਦੀ ਸ਼ਾਕਾਹਾਰੀ ਖੁਰਾਕ ਖਾਂਦੇ ਸਨ। ਸਮੁਚੀ ਜ਼ਿੰਦਗੀ ਵਿਚ ਆਪ ਨੇ ਕਦੇ ਕਿਸੇ ਪ੍ਰਕਾਰ ਦੇ ਨਸ਼ੇ ਦੀ ਵਰਤੋਂ ਨਹੀਂ ਸੀ ਕੀਤੀ।

ਸੁਭਾਅ ਬੜਾ ਨਿਘਾ ਤੇ ਨਰਮ ਸੀ। ਬੜੇ ਖੁਸ਼ ਮਿਜ਼ਾਜ਼, ਮਿਠ ਬੋਲੜੇ ਤੇ ਮਿਤਰਾਂ-ਸਨੇਹੀਆਂ ਨਾਲ ਡੂੰਘਾ ਪਿਆਰ ਕਰਦੇ ਸਨ। ਕਦੇ ਕਿਸੇ ਨੇ ਉਨ੍ਹਾਂ ਨੂੰ ਬਿਨ੍ਹਾਂ ਲੋੜ ਤੋਂ ਬੋਲਦੇ ਨਹੀਂ ਸੀ ਦੇਖਿਆ/ਸੁਣਿਆ। ਕਿਸੇ ਕਿਸਮ ਦਾ ਉਪਦੇਸ਼ ਦੇਣ ਨਾਲੋਂ ਆਦਰਸ਼ ਪੇਸ਼ ਕਰਨ ਵਿਚ ਜ਼ਿਆਦਾ ਵਿਸ਼ਵਾਸ ਰਖਦੇ ਸਨ। ਸਰਦਾਰ ਨਰੈਣ ਸਿੰਘ ਦਾ ਇਹ ਦ੍ਰਿੜ ਵਿਸ਼ਵਾਸ ਸੀ ਕਿ ਜੋ ਗਲ ਤੁਸੀਂ ਚਾਹੁੰਦੇ ਹੋ ਕਿ ਲੋਕੀਂ ਕਰਨ, ਪਹਿਲੋਂ ਤੁਸੀਂ ਆਪ ਕਰੋ, ਤਾਂ ਕਿ ਤੁਹਾਨੂੰ ਵੇਖ ਕੇ ਲੋਕੀਂ ਉਵੇਂ ਹੀ ਕਰਨ। ਇਸੇ ਲਈ ਉਨ੍ਹਾਂ ਦੀ ਹਰੇਕ ਹਰਕਤ ਇਕ ਨਮੂਨਾ ਹੁੰਦੀ ਸੀ।

ਸਰਦਾਰ ਨਰੈਣ ਸਿੰਘ ਰੱਬੀ ਪਿਆਰ ਦਾ ਮੁਜਸਮਾ ਸਨ। ਉਨ੍ਹਾਂ ਅੰਦਰ ਵਾਹਿਗੁਰੂ ਦੇ ਮਿਲਾਪ ਦੀ ਤੀਬਰ ਇਛਾ ਸੀ, ਜਿਸ ਕਰਕੇ ਉਹ ਹਰ ਵੇਲੇ ਗੁਰੂ ਸਾਹਿਬ ਦੀ ਭੈ-ਭਾਵਨੀ ਵਿਚ ਰਹਿੰਦੇ ਹੋਏ ਸਤਿਗੁਰੂ ਅਗੇ ਬੇਨਤੀਆਂ ਕਰਦੇ ਰਹਿੰਦੇ ਸਨ :

ਹੇ ਦਾਤਾ ਜੀਓ! ਮਿਹਰ ਕਰੋ, ਭੈ ਆਪ ਦੀ ਦਾਤ ਹੈ, ਭੈ ਤੋਂ

---

23 ਇਸ ਫਾਊਂਡਸ਼ਨ ਦੇ ਪ੍ਰਧਾਨ ਸ. ਗੰਗਾ ਸਿੰਘ ਢਿਲੋਂ ਸਨ, ਜਿਨ੍ਹਾਂ ਨੇ ਆਪਣੀ ਮੁਢਲੀ ਪੜ੍ਹਾਈ ਨਨਕਾਣਾ ਸਾਹਿਬ ਦੇ ਖਾਲਸਾ ਹਾਈ ਸਕੂਲ ਤੋਂ ਕੀਤੀ ਸੀ, ਜਿਸ ਕਾਰਨ ਆਪ ਦਾ ਇਸ ਧਰਤੀ ਨਾਲ ਉਚੇਚਾ ਪਿਆਰ ਸੀ।

ਬਿਨਾਂ ਭਾਉ ਨਹੀਂ ਉਪਜਦਾ। ਦਾਤਿਆ! ਆਪਣਾ ਭਉ ਤੇ ਬਾਣੀ ਦਾ ਪਿਆਰ ਬਖਸ਼। ਤੈਥੋਂ ਸਦਕੇ ਹੋਵਾਂ, ਤਦੇ ਹੀ ਇਹ ਜ਼ਿੰਦਗੀ ਸਫਲ ਹੈ, ਵਰਨਾ ਪਸ਼ੂ ਤੇ ਮੇਰੇ ਵਿਚ ਕੀ ਫਰਕ ਹੈ। ਪਿਆਰਿਆ, ਪਿਆਰ ਦੀ ਖ਼ੈਰ ਪਾਓ॥[24]

ਉਕਤ ਪਿਆਰ ਦੀ ਇਕ ਹੋਰ ਉਦਾਹਰਣ ਹੈ। 1947 ਈ. ਦੀ ਵੰਡ ਤੋਂ ਪਿਛੋਂ ਜਦੋਂ ਸਰਦਾਰ ਨਰੈਣ ਸਿੰਘ ਨੇ ਮਾਜਰੀ ਕਲਾਂ (ਸਹਾਰਨਪੁਰ) ਵਿਖੇ ਟਿਕਾਣਾ ਕੀਤਾ ਤਾਂ ਉਥੇ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਲਈ ਇਕ ਉਚੇਚਾ ਛਪਰ ਬਣਵਾਇਆ, ਜਿਥੇ ਉਹ ਆਪਣੇ ਸਾਥੀਆਂ ਨਾਲ ਮਿਲ ਕੇ ਰੋਜ਼ਾਨਾ ਸੰਗਤੀ ਰੂਪ ਵਿਚ ਹਰਿ-ਜਸ ਕਰਦੇ ਸਨ।

ਗੁਰੂ ਸਾਹਿਬ ਦੇ ਸਨਮੁਖ ਅਰਦਾਸ ਕਰਨ ਦਾ ਢੰਗ ਦਰਸਾਉਂਦੇ ਹੋਏ ਆਪ ਲਿਖਦੇ ਹਨ :

ਅਕਾਲ ਪੁਰਖ ਦਾਤਾਰ ਪਾਸੋਂ ਜੋ ਜੋ ਮੰਗੀਦਾ ਹੈ ਸੋਈ ਸੋਈ ਪਾਈਦਾ ਹੈ। ਇਕ ਅਰਦਾਸ ਸਚੇ ਹਿਰਦੇ ਵਿਚੋਂ ਨਿਕਲੀ ਹੋਈ ਮਾਲਕ ਦੇ ਦਰ ਸੁਣੀਦੀ ਹੈ, ਤੇ ਫਿਰ ਦਾਤਾਰ ਤੁਠ ਕੇ ਖ਼ੈਰ ਪਾਉਂਦਾ ਹੈ। ਸੋ ਸਚੇ ਹਿਰਦੇ ਵਿਚੋਂ ਤੂੰ ਭੀ ਰੋਜ਼ ਇਹ ਅਰਦਾਸ ਕਰਿਆ ਕਰ, 'ਹੇ ਅਕਾਲ ਪਿਤਾ, ਮੈਂ ਆਪ ਦਾ ਅੰਞਾਣਾ ਬਾਲ ਹਾਂ, ਮੂਰਖ ਹਾਂ, ਇਸੇ ਲਈ ਥਾਂ ਥਾਂ ਭੁਲਦਾ ਤੇ ਠੋਕਰਾਂ ਖਾਂਦਾ ਹਾਂ। ਤੂੰ ਬਖਸ਼ੰਦ ਹੈਂ, ਦਾਤਾ ਹੈਂ, ਐਸੀ ਸੁਮਤ ਬਖਸ਼ੋ ਕਿ ਮੇਰਾ ਮਨ ਸਦਾ ਤੇਰੇ ਚਰਣਾਂ ਵਿਚ ਜੁੜਿਆ ਰਹੇ ਅਤੇ ਮੈਂ ਤੇਰੇ ਅਕਾਲੀ ਹੁਕਮ ਨੂੰ ਅਨੁਭਵ ਕਰਾਂ ਅਤੇ ਹਿੰਮਤ ਬਖਸ਼ ਕਿ ਤੇਰੇ ਬਖਸ਼ੇ ਹੁਕਮ ਤੇ ਸੇਵਾ ਨੂੰ ਨਿਰਮਾਣ ਤੇ ਨਿਰਚਾਹ ਹੋ ਕੇ ਕਰਾਂ ਅਤੇ ਤੇਰੇ ਪਵਿੱਤਰ ਨਾਮ ਤੋਂ ਘੋਲੀ ਤੇ ਸਦਕੇ ਹੋ ਜਾਵਾਂ।[25]

ਆਪਣੇ ਜੀਵਨ ਵਿਚਲੀ ਇਕ ਪਿਆਰ ਭਰੀ ਹਡ ਬੀਤੀ ਦਸਦੇ ਹੋਏ ਸਰਦਾਰ ਨਰੈਣ ਸਿੰਘ ਲਿਖਦੇ ਹਨ :

ਇਕ ਰਾਤ ਇਕ-ਦੋ ਵਜੇ ਦੇ ਕਰੀਬ ਮੱਘਰ ਸਿੰਘ[26] *ਨੇ ਮੈਨੂੰ ਆਵਾਜ਼ ਦਿਤੀ। ਮੈਂ ਉਪਰਲੀ ਛਤੇ ਸੁਤਾ ਹੋਇਆ ਸੀ। ਸਿਰ ਪਰ ਛੋਟੀ ਦਸਤਾਰ ਤੇ ਬੁਨੈਣ ਆਦਿ ਪਹਿਨੇ ਹੋਏ ਸਨ। ਮੈਂ ਉਸੇ ਤਰ੍ਹਾਂ ਚਾਦਰ ਲਪੇਟ ਹੇਠਾਂ ਉਤਰ ਦਰਵਾਜ਼ਾ ਖੋਲਿਆ ਤਾਂ ਮੱਘਰ ਸਿੰਘ ਮੈਨੂੰ ਕਹਿਣ ਲੱਗਾ, 'ਤੁਸੀਂ ਮੇਰੇ ਨਾਲ ਚੱਲੋ, ਗੁਰੂ ਗੋਬਿੰਦ ਸਿੰਘ ਜੀ ਪੰਜ ਸਿੰਘਾਂ ਸਮੇਤ ਮੇਰੇ ਮਕਾਨ ਪਾਸ ਖੜੇ ਹਨ ਅਤੇ ਤੁਹਾਨੂੰ*

24. ਮੇਰਾ ਜੀਵਨ ਪੰਧ ਤੇ ਸਾਹਿਤ ਰੁਚੀ, ਪੂਰਵ ਅੰਕਤ, ਪੰਨਾ 40.
25. ਉਹੀ, ਪੰਨਾ 33.
26. ਸਰਦਾਰ ਨਰੈਣ ਸਿੰਘ ਦੇ ਦਫ਼ਤਰ ਦਾ ਇਕ ਸੇਵਾਦਾਰ।

> *ਯਾਦ ਕਰਦੇ ਹਨ।' ਮੈਂ ਉਸੇ ਤਰ੍ਹਾਂ ਉਨ੍ਹਾਂ ਕਪੜਿਆਂ ਵਿਚ ਹੀ ਚਾਦਰ ਓੜ ਮੱਘਰ ਸਿੰਘ ਦੇ ਨਾਲ ਤੁਰ ਪਿਆ। ਰਸਤੇ ਵਿਚ ਮੇਰੇ ਪੁਛਣ 'ਤੇ ਉਸ ਨੇ ਗੁਰੂ ਜੀ ਦੀ ਜ਼ੁਬਾਨੀ ਦਸਿਆ 'ਸਾਡੀ ਨਰੈਣ ਸਿੰਘ ਪਰ ਵਡੀ ਖੁਸ਼ੀ ਹੈ, ਅਸੀਂ ਉਸ ਨੂੰ ਥਾਪੜਾ ਦੇਣਾ ਤੇ ਕਹਿਣਾ ਚਾਹੁੰਦੇ ਹਾਂ ਕਿ ਉਸ ਨੂੰ ਜਿਸ ਸੇਵਾ ਤੇ ਲਗਾਇਆ ਹੈ, ਉਸ ਪਰ ਉਹ ਡਟਿਆ ਰਹੇ, ਘਬਰਾਏ ਨਾ, ਅਸਾਂ ਉਸ ਦੇ ਕੰਮ ਪਰ ਖੁਸ਼ ਹਾਂ। ਇਤਨੇ ਚਿਰ ਨੂੰ ਜਦੋਂ ਉਹ ਮੱਘਰ ਸਿੰਘ ਦੇ ਘਰ ਪਹੁੰਚੇ ਤਾਂ ਉਥੇ ਕੋਈ ਵੀ ਨਹੀਂ ਸੀ। ਮੱਘਰ ਸਿੰਘ ਨੇ ਆਪਣੀ ਕਹੀ ਗਲ ਸਿਧ ਕਰਨ ਲਈ ਆਪ ਨੂੰ ਨਲਕੇ 'ਤੇ ਤਾਜ਼ਾ ਡੁਲ੍ਹੇ ਪਾਣੀ ਦੇ ਨਿਸ਼ਾਨ ਵੀ ਦਿਖਾਏ। ਮੱਘਰ ਸਿੰਘ ਦੀਆਂ ਕਹੀਆਂ ਗੱਲਾਂ ਉਪਰ ਆਪ ਦਾ ਵਿਸ਼ਵਾਸ ਹੋਣ ਕਾਰਨ ਇਹ ਵੇਲਾ ਹਥੋਂ ਖੁੰਝ ਜਾਣ ਦਾ ਆਪ ਨੂੰ ਬਹੁਤ ਦੁਖ ਹੋਇਆ।*[27]

ਵੈਰਾਗ ਦੀ ਦਸ਼ਾ ਬਾਰੇ ਆਪ ਲਿਖਦੇ ਹਨ :

> *ਖਿਆਲ ਆਇਆ ਜੋ ਰਬ ਨੇ ਨਿਰਾ ਮਨੁੱਖ ਨੂੰ ਹੀ ਨਹੀਂ ਸਗੋਂ ਸਭ ਕਿਸੇ ਨੂੰ ਮਿਲਣ ਦੀ ਡਾਂਝ ਲਾਈ ਏ, ਮੇਲ ਬਿਨ੍ਹਾਂ ਸੁਖ ਨਹੀਂ, ਵਿਛੋੜੇ ਦੀ ਖਿਚ ਡਾਢੀ ਹੁੰਦੀ ਏ। ਇਹ ਸਲ੍ਹ ਰਬ ਕਿਸੇ ਨੂੰ ਨਾ ਵਿਖਾਏ, ਪਰ ਮੇਲ ਦਾ ਰਸ ਵੀ ਤਦ ਈ ਏ ਜੇ ਵਿਛੋੜਾ ਏ ਤਾਂ, ਨਹੀਂ ਤਾਂ ਮੇਲ ਭੀ ਔਖਾ ਕਰਨ ਵਾਲਾ ਬਣ ਜਾਵੇ। ਪਰ ਨਿਖੇੜਨ ਵਾਲੇ ਕੀ ਖਟਦੇ ਨੇ, ਗਲ ਲਗਿਆਂ ਨੂੰ ਤੋੜਣ ਦਾ ਕੀ ਸਵਾਦ ਏ, ਅਜੇਹੇ ਸਮੇਂ ਰੀਝਨਾ ਯੋਗ ਏ।*[28]

ਸਰਦਾਰ ਨਰੈਣ ਸਿੰਘ ਨੇ ਕਲਗੀਧਰ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਦ੍ਰਿੜ ਕਰਵਾਈ ਖਾਲਸਾਈ ਰਹਿਤ ਦੇ ਧਾਰਨੀ ਹੁੰਦੇ ਹੋਏ ਨੌਜਵਾਨ ਅਵਸਥਾ ਵਿਚ ਹੀ ਸੰਤ ਅਤਰ ਸਿੰਘ ਜੀ, ਮਸਤੂਆਣਾ ਦੇ ਜਥੇ ਪਾਸੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਲਈ ਸੀ।[29]

ਪਰਮਾਤਮਾ ਵਿਚ ਅਟੁਟ ਵਿਸ਼ਵਾਸ ਹੋਣ ਕਾਰਨ ਆਪ ਦਾ ਇਹ ਮੰਨਣਾ ਸੀ ਕਿ ਗੁਰੂ ਸਾਹਿਬ ਹਰ ਸਮੇਂ ਆਪਣੇ ਸਿੱਖਾਂ ਦੇ ਅੰਗ-ਸੰਗ ਰਹਿੰਦੇ ਹੋਏ ਉਨ੍ਹਾਂ ਦੀ ਰਹਿਨੁਮਾਈ ਕਰਦੇ ਹਨ। ਖਾਸ ਕਰ ਉਸ ਸਮੇਂ ਜਦੋਂ ਸਿੱਖ ਆਪਣੀ ਨਿਜੀ ਮਾਣ-ਵਡਿਆਈ ਤੋਂ ਉਪਰ ਉਠ ਕੇ ਨਿਸ਼ਕਾਮ ਸੇਵਾ ਕਰਦੇ ਹੋਣ। ਸਰਦਾਰ ਨਰੈਣ ਸਿੰਘ ਦੇ ਜੀਵਨ ਅੰਦਰ ਅਨੇਕਾਂ ਅਜਿਹੀਆਂ ਔਕੜਾਂ ਆਈਆਂ, ਜਿਨ੍ਹਾਂ ਦੌਰਾਨ ਆਪ ਰੱਬੀ ਵਿਸ਼ਵਾਸ ਕਾਰਨ ਅਡੋਲ ਰਹੇ। ਚਾਹੇ ਉਹ ਪੜ੍ਹਾਈ ਤੋਂ ਬਾਅਦ ਨੌਕਰੀ ਦੀ ਗੱਲ ਹੋਵੇ, ਭਾਵੇਂ ਨਨਕਾਣਾ ਸਾਹਿਬ ਦੀ ਮੈਨੇਜਰੀ ਵੇਲੇ ਪਏ ਕਤਲ ਕੇਸ ਦੀ,

---

27. *ਮੇਰਾ ਜੀਵਨ ਪੰਧ ਤੇ ਸਾਹਿਤ ਰੁਚੀ*, ਪੂਰਵ ਅੰਕਤ, ਪੰਨਾ 127.
28. *ਉਹੀ*, ਪੰਨਾ 44.
29. ਡਾ. ਦਰਸ਼ਨ ਸਿੰਘ, ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਪਾਸੋਂ ਮਿਲੀ ਜਾਣਕਾਰੀ ਅਨੁਸਾਰ।

ਖਾਲਸਾ ਕਾਲਜ ਦੀ ਸਥਾਪਨਾ, ਜਾਂ ਫਿਰ ਗੁਰਮਤਿ ਕਾਲਜ ਦੇ ਪ੍ਰਬੰਧ ਦੀ, ਹਰੇਕ ਥਾਂ ਵਾਹਿਗੁਰੂ ਨੇ ਆਪ ਦੇ ਅੰਗ-ਸੰਗ ਹੋ ਕੇ ਸਹਾਇਤਾ ਕੀਤੀ।

ਸਰਦਾਰ ਨਰੈਣ ਸਿੰਘ ਅਨੁਸਾਰ :

– ਮੈਂ ਸਮਝਦਾ ਹਾਂ ਕਿ ਮਨੁੱਖ ਮਾਤਰ ਦੇ ਭਲੇ ਹਿਤ ਕੀਤੇ ਕਾਰਜ ਸਤਿਗੁਰੂ ਆਪ ਵਿਚ ਹੋ ਕੇ ਸਿਰੇ ਲਾਉਂਦਾ ਹੈ।[30]

– ਨੇਕ ਨੀਯਤੀ ਨਾਲ ਲੋਕ ਭਲਾਈ ਹਿਤ ਕੀਤੇ ਕਿਸੇ ਕਾਰਜ ਵਿਚ ਮਾਇਕ ਤੋਟ ਕਦੇ ਨਹੀਂ ਆਉਂਦੀ ਅਤੇ ਅਜੇਹੇ ਕਾਰਜ ਨਿਰੰਕਾਰ ਆਪੂੰ ਵਿਚ ਹੋ ਕੇ ਕਰਦਾ ਕਰਾਉਂਦਾ ਹੈ।[31]

ਸਰਦਾਰ ਨਰੈਣ ਸਿੰਘ ਦੇ ਜੀਵਨ 'ਤੇ ਗੁਰਬਾਣੀ ਦਾ ਬਹੁਤ ਡੂੰਘਾ ਪ੍ਰਭਾਵ ਸੀ ਜਿਸ ਕਾਰਨ ਆਪ ਨੇ ਆਪਣੇ ਜੀਵਨ ਦੇ ਹਰੇਕ ਮੋੜ ਉਤੇ ਬਾਣੀ ਤੋਂ ਸੇਧ ਲੈ ਕੇ ਕੰਮ ਕੀਤੇ। ਮਿਸਾਲ ਵਜੋਂ, ਜਦੋਂ ਆਪ ਦਾ ਜਵਾਨ ਲੜਕਾ ਗੁਰਬਖਸ਼ ਸਿੰਘ ਅਕਾਲ ਚਲਾਣਾ (1980) ਕਰ ਗਿਆ ਤਾਂ ਇਸ ਅਤਿ ਦੁਖਿਤ ਸਮੇਂ ਆਪ ਨੂੰ ਬਾਣੀ ਦੀਆਂ ਇਨ੍ਹਾਂ ਤੁਕਾਂ ਨੇ ਸਹਾਰਾ ਦਿਤਾ :

ਜਿਉ ਮੰਦਰ ਕਉ ਥਾਮੈ ਥੰਮਨੁ॥
ਤਿਉ ਗੁਰ ਕਾ ਸਬਦੁ ਮਨਹਿ ਅਸਥੰਮਨੁ॥[32]

ਆਪਣੇ ਜੀਵਨ ਦੇ ਅੰਤਲੇ ਪੜਾਅ ਵਿਚ ਉਹ ਬਾਣੀ ਦੀ ਹੇਠਲੀ ਤੁਕ ਆਮ ਗਾਉਂਦੇ ਰਹਿੰਦੇ ਸਨ :

ਕਿਆ ਜਾਣਾ ਕਿਵ ਮਰਹਗੇ ਕੈਸਾ ਮਰਣਾ ਹੋਇ॥[33]

ਸਰਦਾਰ ਨਰੈਣ ਸਿੰਘ ਗੁਰਬਾਣੀ ਵਿਚਲੀ ਹੇਠਲੀ ਤੁਕ ਵਿਚਾਰਦੇ ਹੋਏ ਕਹਿੰਦੇ ਸਨ ਕਿ ਹਲੇ ਤਾ ਬੇੜੀ ਮੰਝਧਾਰ ਵਿਚ ਹੈ, ਕੀ ਪਤਾ ਕੀ ਹੋਣਾ ਹੈ? :

ਅਜਹੁ ਸੁ ਨਾਉ ਸਮੁੰਦ੍ ਮਹਿ ਕਿਆ ਜਾਨਉ ਕਿਆ ਹੋਇ॥[34]

ਆਪਣੇ ਜੀਵਨ ਦੀ ਸਫਲਤਾ ਬਾਬਤ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਅਗੇ ਉਹ ਇਸ ਤਰ੍ਹਾਂ ਅਰਦਾਸ ਕਰਦੇ ਸਨ :

ਤੁਮ ਸਮਰਥਾ ਕਾਰਨ ਕਰਨ॥
ਢਾਕਨ ਢਾਕਿ ਗੋਬਿੰਦ ਗੁਰ ਮੇਰੇ॥
ਮੋਹਿ ਅਪਰਾਧੀ ਸਰਨ ਚਰਨ॥[35]

ਗੁਰਬਾਣੀ ਦੀ ਵਿਚਾਰ ਹਿਰਦੇ ਵਿਚ ਵਸਾਉਣ ਬਾਰੇ ਸਰਦਾਰ ਨਰੈਣ ਸਿੰਘ ਦੇ ਵਿਚਾਰ ਸਨ :

---

30. *ਮੇਰਾ ਜੀਵਨ ਪੰਧ ਤੇ ਸਾਹਿਤ ਰੁਚੀ*, ਪੂਰਵ ਅੰਕਤ, ਪੰਨਾ 219.
31. *ਉਹੀ*, ਪੰਨਾ 241.
32. ਸ੍ਰੀ ਗੁਰੂ ਗ੍ਰੰਥ ਸਾਹਿਬ, ੨੮੨.
33. *ਉਹੀ*, ੧੫੪
34. *ਉਹੀ*, ੧੩੬.
35. *ਉਹੀ*, ੯੨੯.

> *ਗੁਰਬਾਣੀ ਦੇ ਵਿਚਾਰਾਂ ਨੂੰ ਗ੍ਰਹਿਣ ਕਰਨ ਦੀ ਲੋੜ ਹੈ ਅਤੇ ਗ੍ਰਹਿਣ ਯਤਨ ਤੇ ਮਸ਼ਕ ਪਕਾਣ ਨਾਲ ਹੁੰਦਾ ਹੈ। ਵੀਚਾਰ ਤਾਂ ਚਾਨਣਾ ਦੇਂਦੇ ਹਨ, ਪਰ ਇਨ੍ਹਾਂ ਨੂੰ ਗ੍ਰਹਿਣ ਕਰਨਾ ਉਸ ਚਾਨਣੇ ਵਿਚ ਅਭੇਦ ਕਰਦਾ ਹੈ, ਜੋਤੀ ਨੂੰ ਜੋਤਿ ਵਿਚ ਟਿਕਾਉਂਦਾ ਹੈ। ਪਰ ਗ੍ਰਹਿਣ ਕਰਨ ਲਈ ਮਸ਼ਕ ਦੀ ਲੋੜ ਹੈ, ਕਿਉਂ ਨਾ ਹੋਵੇ ਸਮਾਂ ਮਿਥ ਕੇ ਉਸ ਦੇ ਅੰਦਰ ਮਸ਼ਕ ਪਕਾਈ ਜਾਵੇ।*[36]

ਸਰਦਾਰ ਨਰੈਣ ਸਿੰਘ ਦੀ ਸ਼ਖ਼ਸੀਅਤ ਦਾ ਇਕ ਮੁਢਲਾ ਗੁਣ ਇਹ ਹੈ ਕਿ ਉਹ ਜੀਵਨ ਦੇ ਹਰੇਕ ਕਦਮ 'ਤੇ ਆਪਣੀ ਸ੍ਵੈ-ਪੜਚੋਲ ਕਰਦੇ ਸਨ। ਉਨ੍ਹਾਂ ਦੇ ਜੀਵਨ ਵਿਚਲੀ ਇਸ ਪ੍ਰਕ੍ਰਿਆ ਦੀ ਸ਼ੁਰੂਆਤ 1919 ਈ. ਵਿਚ ਵਾਪਰੀ ਇਕ ਘਟਨਾ ਤੋਂ ਹੋਈ। ਗੱਲ ਕੁਝ ਇਉਂ ਹੋਈ ਕਿ 30 ਦਸੰਬਰ,1919 ਈ. ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਉਤਸਵ 'ਤੇ ਸਿੱਖ ਲੀਗ ਨੇ ਇਕ ਵਿਸ਼ੇਸ਼ ਚਾਹ-ਪਾਣੀ ਦੀ ਮਜਲਸ ਰਖੀ। ਇਸ ਦੌਰਾਨ ਮਹਿਮਾਨਾਂ ਦੀ ਆਉ-ਭਗਤ ਲਈ ਖ਼ਾਲਸਾ ਕਾਲਜ, ਅੰਮ੍ਰਿਤਸਰ ਦੇ ਵਿਦਿਆਰਥੀ ਬੁਲਾਏ ਗਏ, ਜਿਨ੍ਹਾਂ ਵਿਚ ਸਰਦਾਰ ਨਰੈਣ ਸਿੰਘ ਵੀ ਸ਼ਾਮਿਲ ਸਨ। ਮਜਲਸ ਖ਼ਤਮ ਹੋਣ 'ਤੇ ਜਦੋਂ ਸਾਰੇ ਮਹਿਮਾਨ ਤੁਰ ਗਏ ਤਾਂ ਵਿਦਿਆਰਥੀਆਂ ਨੇ ਬਚੇ ਹੋਏ ਪਦਾਰਥ ਖਾਣੇ ਸ਼ੁਰੂ ਕਰ ਦਿਤੇ। ਉਪਰੰਤ ਜਦ ਵਿਦਿਆਰਥੀ ਵਾਪਿਸ ਕਾਲਜ ਜਾ ਰਹੇ ਸਨ ਤਾਂ ਫੂਲਾ ਸਿੰਘ ਨਾਂ ਦੇ ਇਕ ਵਿਦਿਆਰਥੀ ਨੇ ਨਰੈਣ ਸਿੰਘ ਨੂੰ ਪ੍ਰਸ਼ਨ ਕੀਤਾ "ਤੂੰ ਪਾਰਟੀ ਲਈ ਕਿੰਨੇ ਪੈਸੇ ਦਿਤੇ ਸਨ।"[37] ਜਵਾਬ ਵਿਚ ਉਨ੍ਹਾਂ ਨੇ ਕਿਹਾ ਕਿ ਕੋਈ ਪੈਸਾ ਨਹੀਂ ਦਿਤਾ। ਫੂਲਾ ਸਿੰਘ ਨੇ ਅਗੋਂ ਫਿਰ ਸਵਾਲ ਕੀਤਾ ਕਿ "ਤਾਂ ਤੇਰਾ ਕੀ ਹਕ ਸੀ ਕਿ ਤੂੰ ਆਪਣੇ ਆਪ ਹੀ ਸਟਾਕ ਵਿਚੋਂ ਮਿਠਿਆਈ ਉਠਾ ਲਈ? ਤੂੰ ਕਿਹੋ ਜਿਹਾ ਸਿੱਖ ਹੈਂ?"[38] ਬਸ, ਐਨਾ ਕਹਿਣ ਦੀ ਦੇਰ ਸੀ ਕਿ ਮਾਨੋ ਨਰੈਣ ਸਿੰਘ ਦੇ ਸਿਰ ਕੋਈ ਪਹਾੜ ਹੀ ਟੁਟ ਪਿਆ ਹੋਵੇ। ਫੂਲਾ ਸਿੰਘ ਦੇ ਅਣਿਆਲੇ ਬਚਨਾਂ ਨੇ ਨਰੈਣ ਸਿੰਘ ਦਾ ਹਿਰਦਾ ਇਸ ਤਰ੍ਹਾਂ ਵਿੰਨ੍ਹਿਆ ਕਿ ਉਹ ਆਪਣੀ ਸੁਧ-ਬੁਧ ਗਵਾ ਬੈਠੇ। ਮਨ ਹੀ ਮਨ ਉਹ ਆਪਣੀ ਪੜਚੋਲ ਕਰਨ ਲਗੇ :

> *ਜੇ ਸਾਡਾ ਆਪਣੇ ਮਨ ਪਰ ਏਨਾ ਭੀ ਕੰਟ੍ਰੋਲ ਨਹੀਂ ਕਿ ਮਿਸਰੀ ਦੀ ਡਲੀ ਵੇਖ ਸਾਡੀਆਂ ਲਾਲਾਂ ਵਹਿ ਤੁਰਦੀਆਂ ਹੋਣ ਤਾਂ ਸਾਥੋਂ ਸਿੱਖੀ ਦੇ ਭਵਿੱਖ ਦੀ ਕੀ ਆਸ ਹੋ ਸਕਦੀ ਹੈ?*[39]

ਇਸ ਘਟਨਾ ਨੇ ਸਰਦਾਰ ਨਰੈਣ ਸਿੰਘ ਨੂੰ ਧੁਰ ਅੰਦਰੋਂ ਹਲੂਣਾ ਦਿਤਾ ਜਿਸ ਕਾਰਨ ਉਨ੍ਹਾਂ ਦੇ ਜੀਵਨ ਦਾ ਨਜ਼ਰੀਆ ਹੀ ਬਦਲ ਗਿਆ। ਇਸ ਉਪਰੰਤ ਉਨ੍ਹਾਂ ਨੇ

---

36. *ਮੇਰਾ ਜੀਵਨ ਪੰਧ ਤੇ ਸਾਹਿਤ ਰੁਚੀ*, ਪੂਰਵ ਅੰਕਤ, ਪੰਨੇ 188-89.
37. *ਉਹੀ*, ਪੰਨੇ 17-8.
38. *ਉਹੀ*, ਪੰਨਾ 18.
39. *ਉਹੀ*.

ਆਪਣੇ ਜੀਵਨ ਵਿਚਲੇ ਸਫਰ ਦੇ ਪੈਰ-ਪੈਰ 'ਤੇ ਸ੍ਵੈ-ਪੜਚੋਲ ਕਰਨੀ ਸ਼ੁਰੂ ਕਰ ਦਿਤੀ ਜਿਸ ਨਾਲ ਉਨ੍ਹਾਂ ਦੀ ਇਖ਼ਲਾਕੀ ਉਨਤੀ ਵੀ ਹੋਈ।

ਉਂਝ ਤਾਂ ਭਾਵੇਂ ਹਰੇਕ ਵਿਅਕਤੀ ਆਪਣੀ ਸ੍ਵੈ-ਪੜਚੋਲ ਕਰ ਲੈਂਦਾ ਹੈ ਪਰ ਸ੍ਵੈ-ਪੜਚੋਲ ਕਰਕੇ ਆਪਣੇ ਔਗੁਣ ਜਾਹਰ ਕਰਨਾ ਕਿਸੇ ਵਿਰਲੇ ਦੀ ਹੀ ਜੁਅਰਤ ਹੁੰਦੀ ਹੈ। ਸਰਦਾਰ ਨਰੈਣ ਸਿੰਘ ਦੀ ਸ਼ਖ਼ਸੀਅਤ 'ਚੋਂ ਕੁਝ ਅਜਿਹੀ ਹੀ ਝਲਕ ਪੈਂਦੀ ਹੈ। ਅਪ੍ਰੈਲ,1922 ਈ. ਵਿਚ ਜਦੋਂ ਸਰਦਾਰ ਨਰੈਣ ਸਿੰਘ ਬੀ. ਏ. ਪਾਸ ਕਰਕੇ ਕਾਲਜ ਛਡ ਕੇ ਆਪਣੇ ਘਰ ਚਲੇ ਗਏ ਤਾਂ ਇਕ ਦਿਨ ਉਨ੍ਹਾਂ ਸ੍ਵੈ-ਪੜਚੋਲ ਕਰਦੇ ਹੋਏ ਆਪਣੇ ਔਗੁਣ ਇਸ ਤਰ੍ਹਾਂ ਜਾਹਰ ਕੀਤੇ :

> *...ਇਹ ਹਾਲਤ ਹੋ ਗਈ ਹੈ ਕਿ ਮਨ ਦਿਨ ਦੂਣੀ ਤੇ ਰਾਤ ਚੌਗਣੀ ਤਰੱਕੀ ਬੁਰਿਆਈ ਵੱਲ ਕਰ ਰਿਹਾ ਹੈ ... ਬਜਾਏ ਇਸ ਦੇ ਕਿ ਮੈਂ ਤਰੱਕੀ ਕਰਦਾ ਮੈਂ ਦਿਨੋਂ ਦਿਨ ਥੱਲੇ ਡਿਗ ਰਿਹਾ ਹਾਂ... ਬਾਣੀ ਦਾ ਪ੍ਰੇਮ ਨਹੀਂ ਰਿਹਾ, ਪਾਠ ਫਰਜ਼ ਮਾਤਰ ਕਰਦਾ ਹਾਂ... ਕਿਥੇ ਪੋਹ ਦੇ ਦਿਨਾਂ ਵਿਚ ਚਾਰ ਵਜੇ ਨਹਾ ਕੇ ਨਿਤਨੇਮ ਕਰਨਾ, ਜਦੋਂ ਕਿ ਬੀ. ਏ. ਦੀ ਪੜ੍ਹਾਈ ਦਾ ਵੀ ਬੜਾ ਜ਼ੋਰ ਸੀ। ਅਜ ਬਿਲਕੁਲ ਵਿਹਲਾ ਹਾਂ ਅਰ ਫਿਰ ਦਿਨ ਚੜੇ ਜਾਗਦਾ ਹਾਂ। ਇਕੀਵੇਂ ਸਾਲ ਦੇ ਨੌ ਮਹੀਨੇ ਪੁਗ ਚਲੇ ਹਨ ਅਤੇ ਮੇਰੀ ਤਰੱਕੀ ਦਾ ਇਹ ਹਾਲ ਹੈ ਕਿ ਅਰਦਾਸਾ ਸੋਧਣ ਦੀ ਚਾਹ ਹੀ ਕਦੇ ਨਹੀਂ ਉਪਜਦੀ... ਕ੍ਰਿਪਾਨ ਲਾਹੇ ਨੂੰ ਸਾਢੇ ਤਿੰਨ ਮਹੀਨੇ ਹੋ ਗਏ ਹਨ... ਘਰ ਆ ਕੇ ਖੱਦਰ ਪਾਉਣਾ ਭੁਲ ਹੀ ਗਿਆ ਹੈ। ਖਿਆਲਾਂ ਵਿਚ ਇੰਨੀ ਤਬਦੀਲੀ ਹੈ ਕਿ ਜਿਸਮਾਨੀ ਤਬਦੀਲੀ ਉਸਦੇ ਪਾਸਕ ਵੀ ਨਹੀਂ, ਕਿਉਂ ਕਿ ਤਨ ਤਾਂ ਲੋਕ ਦੇਖਦਾ ਹੈ ਪਰ ਇਹ ਖਿਆਲ ਨਹੀਂ ਆਉਂਦਾ ਕਿ 'ਘਟਿ ਘਟਿ ਕੇ ਅੰਤਰਿ ਕੀ ਜਾਣਤ'... ਕਈ ਵਾਰ ਮਨ ਬੁਰੀ ਤੋਂ ਬੁਰੀ ਚੀਜ਼ ਲਈ ਭਰਮਦਾ ਹੈ... ਸੁਹੱਪਣ ਨੂੰ ਮੁੜ ਮੁੜ ਵੇਖਣ ਦੀ ਚਾਹ ਵੱਧ ਰਹੀ ਹੈ, ਕਾਮ ਚੇਸ਼ਟਾ ਜਿਆਦਾ ਹੋ ਰਹੀ ਹੈ। ਹਿਰਦੇ ਮਾਨ ਭਰਪੂਰ ਹੈ...।*[40]

ਸਰਦਾਰ ਨਰੈਣ ਸਿੰਘ ਅੰਦਰ ਗੁਰਮਤਿ ਪ੍ਰਚਾਰ ਕਰਨ ਦੀ ਬਹੁਤ ਹੁਬ ਸੀ। ਇਸ ਕੰਮ ਵਿਚ ਉਨ੍ਹਾਂ ਦੀ ਐਨੀ ਜ਼ਿਆਦਾ ਰੁਚੀ ਸੀ ਕਿ ਕਈ ਵਾਰ ਤਾਂ ਉਹ ਅਜਿਹੇ ਰੰਗ ਵਿਚ ਆਪਣੇ ਨਿਜੀ ਕੰਮ ਕਰਨੇ ਵੀ ਭੁਲ ਜਾਂਦੇ ਸਨ। ਮਿਸਾਲ ਵਜੋਂ, ਇਕ ਦਿਨ ਉਹ ਡਾ. ਗੰਡਾ ਸਿੰਘ ਕੋਲ ਕਿਸੇ ਜ਼ਰੂਰੀ ਕੰਮ ਗਏ ਤਾਂ ਡਾ. ਗੰਡਾ ਸਿੰਘ ਉਸ ਸਮੇਂ ਆਪਣੇ ਘਰੋਂ ਸੈਰ ਕਰਨ ਲਈ ਜਾ ਰਹੇ ਸਨ। ਸਰਦਾਰ ਨਰੈਣ ਸਿੰਘ ਵੀ ਉਨ੍ਹਾਂ ਨਾਲ ਹੀ ਹੋ ਤੁਰੇ। ਸੈਰ ਕਰਦੇ ਹੋਏ ਦੋਹਾਂ ਸਜਣਾਂ ਵਿਚ ਗੁਰਮਤਿ ਪ੍ਰਚਾਰ

---

40. *ਮੇਰਾ ਜੀਵਨ ਪੰਧ ਤੇ ਸਾਹਿਤ ਰੁਚੀ*, ਪੂਰਵ ਅੰਕਤ, ਪੰਨੇ 36-7.

ਕਰਨ ਲਈ ਕੁਝ ਜਤਨ ਵਿਢਨ ਸੰਬੰਧੀ ਵਿਚਾਰ ਹੋਣ ਲਗੇ, ਜਿਸ ਵਿਚ ਉਹ ਐਨਾ ਖੁਬ ਗਏ ਕਿ ਸਰਦਾਰ ਨਰੈਣ ਸਿੰਘ ਸੈਰ ਕਰਨ ਉਪਰੰਤ ਵਾਪਿਸ ਆਪਣੇ ਘਰ ਪਰਤ ਆਏ ਤੇ ਜਿਹੜੇ ਅਸਲ ਕੰਮ ਗਏ ਸਨ, ਉਹ ਕਰਨਾ ਵਿਸਰ ਹੀ ਗਿਆ।

ਨਨਕਾਣਾ ਸਾਹਿਬ ਦੇ ਸਾਲਾਨਾ ਬਜਟ ਵਿਚ ਇਕ ਹਿਸਾ ਪ੍ਰਚਾਰ ਦਾ ਵੀ ਸੀ, ਜਿਸ ਅਧੀਨ ਕਮੇਟੀ ਨੇ ਕੁਝ ਪ੍ਰਚਾਰਕ ਵੀ ਰਖੇ ਹੋਏ ਸਨ। ਪਰੰਤੂ ਇਨ੍ਹਾਂ ਪ੍ਰਚਾਰਕਾਂ ਦਾ ਦਫ਼ਤਰੀ ਚਕਰਾਂ ਵਿਚ ਪੈਣ ਕਾਰਨ ਪ੍ਰਚਾਰ ਦਾ ਪ੍ਰਯੋਜਨ ਬਹੁਤ ਪਿਛੇ ਰਹਿ ਗਿਆ ਸੀ। ਆਪ ਅਨੁਸਾਰ :

> *ਹਿਸਾਬ ਕਿਤਾਬ ਰੱਖਣ ਵਾਲਿਆਂ ਦਾ ਸਦਾ ਹੀ ਅੰਕੜੇ ਗਿਣਦੇ ਰਹਿਣ ਵਾਲਾ ਸੁਭਾਉ (Calculating Mind) ਕਥਾ ਕੀਰਤਨ ਵਾਲੇ ਸਿਦਕੀ ਹਿਰਦਿਆਂ ਨਾਲ ਬਰ ਨਹੀਂ ਮੇਚ ਸਕਦਾ ਅਤੇ ਜੇ ਅਸੀਂ ਚਾਹੁੰਦੇ ਹਾਂ ਕਿ ਗੁਰਮਤਿ ਦੇ ਪ੍ਰਚਾਰਕ ਤੇ ਕੀਰਤਨੀਏ ਲਗਨ ਵਾਲੇ ਹੋਣ ਤਾਂ ਪ੍ਰਬੰਧਕ ਤੇ ਦਫਤਰੀ ਹਿਰਦਿਆਂ ਅੰਦਰ ਉਨ੍ਹਾਂ ਲਈ ਵਾਜਬ ਪਿਆਰ ਤੇ ਸਤਿਕਾਰ ਹੋਣਾ ਚਾਹੀਦਾ ਹੈ।*[41]

ਉਪਰੋਕਤ ਪ੍ਰਬੰਧ 'ਚ ਇਕ ਹੋਰ ਬਹੁਤ ਹੀ ਪਿਆਰ ਭਰੀ ਤੇ ਜਜ਼ਬਾਤਾਂ ਨੂੰ ਹਲੂਣਾ ਦਿੰਦੀ ਘਟਨਾ ਦਾ ਇਥੇ ਜ਼ਿਕਰ ਕਰਨਾ ਉਚਿਤ ਹੋਵੇਗਾ :

> *ਸੰਨ 1916 ਈ. ਵਿਚ ਆਪ ਜਦੋਂ ਖਾਲਸਾ ਕਾਲਜੀਏਟ ਸਕੂਲ, ਅੰਮ੍ਰਿਤਸਰ ਵਿਖੇ ਨੌਵੀਂ ਜਮਾਤ ਵਿਚ ਪੜ੍ਹਦੇ ਸਨ ਤਾਂ ਇਕ ਵਾਰ ਦੁਸਹਿਰੇ ਦੀਆਂ ਛੁਟੀਆਂ ਵਿਚ ਆਪ ਨੇ ਮੁਲਤਾਨ ਜਾਣ ਲਈ ਇਕ ਸਹਿ-ਪਾਠੀ ਨਾਲ ਸਲਾਹ ਬਣਾਈ। ਗੱਡੀ ਲੇਟ ਹੋਣ ਕਾਰਨ ਉਹ ਰਾਤ 11 ਵਜੇ ਦੇ ਕਰੀਬ ਮੁਲਤਾਨ ਪੁਜੇ। ਅੱਗੇ ਜਾਣ ਲਈ ਕੋਈ ਸਾਧਨ ਨਾ ਮਿਲਣ ਕਾਰਨ ਉਨ੍ਹਾਂ ਉਥੇ ਹੀ ਰਾਤ ਕੱਟਣ ਦੇ ਇਰਾਦੇ ਨਾਲ ਸ਼ਹਿਰ ਵਿਚਲੇ ਇਕ ਗੁਰਦੁਆਰੇ ਦਾ ਜਾ ਦਰਵਾਜ਼ਾ ਖੜਕਾਇਆ। ਦਰਵਾਜ਼ਾ ਇਕ ਬਿਰਧ ਬਾਬੇ ਨੇ ਖੋਲਿਆ। ਬਜ਼ੁਰਗ ਦੇ ਪੁਛਣ 'ਤੇ ਜਦੋਂ ਉਨ੍ਹਾਂ ਦਸਿਆ ਕਿ ਉਹ ਸ੍ਰੀ ਅੰਮ੍ਰਿਤਸਰ ਤੋਂ ਆਏ ਹਨ ਤਾਂ ਉਸ ਬਿਰਧ ਬਾਬੇ ਨੂੰ ਜਿਵੇਂ ਚਾਅ ਹੀ ਚੜ੍ਹ ਗਿਆ। ਕਿਸੇ ਰੰਗ ਵਿਚ ਬਾਬਾ ਕਹਿਣ ਲੱਗਾ, "ਤੁਸੀਂ ਤਾਂ ਗੁਰੂ ਕੀ ਨਗਰੀ ਤੋਂ ਆਏ ਹੋ,.ਮੇਰੇ ਧੰਨ ਭਾਗ ਹਨ ਕਿ ਤੁਹਾਡੇ ਦਰਸ਼ਨ ਹੋਏ।" ਬਿਰਧ ਬਾਬੇ ਨੇ ਬੜੇ ਪ੍ਰੇਮ ਨਾਲ ਦੋਹਾਂ ਦੀ ਆਉ-ਭਗਤ ਕੀਤੀ। ਭੋਜਨ ਛਕਾ ਕੇ ਉਨ੍ਹਾਂ ਨੂੰ ਆਰਾਮ ਕਰਨ ਲਈ ਮੰਜਾ-ਬਿਸਤਰਾ ਦਿਤਾ। ਸਾਰਾ ਦਿਨ ਸਫਰ ਵਿਚ ਹੋਣ ਕਾਰਨ ਮੰਜੇ 'ਤੇ ਪੈਂਦਿਆਂ ਸਾਰ ਦੋਹਾਂ ਨੂੰ ਗੂੜ੍ਹੀ ਨੀਂਦ ਆ*

---

41. *ਮੇਰਾ ਜੀਵਨ ਪੰਧ ਤੇ ਸਾਹਿਤ ਰੁਚੀ*, ਪੂਰਵ ਅੰਕਤ, ਪੰਨਾ 132

ਗਈ। ਕੁਝ ਸਮੇਂ ਬਾਅਦ ਅਚਾਨਕ ਅਖ ਖੁਲ੍ਹੀ ਤਾਂ ਆਪ ਨੇ ਉਸ ਬਿਰਧ ਬਾਬੇ ਨੂੰ ਬੜੀ ਸ਼ਰਧਾ ਨਾਲ ਆਪ ਦੀਆਂ ਲੱਤਾਂ ਘੁਟਦੇ ਦੇਖਿਆ। ਜ਼ੋਰ ਨਾਲ ਹਟਾਉਣ 'ਤੇ ਬਾਬੇ ਨੇ ਜਾ ਕੇ ਆਪ ਦੇ ਸਾਥੀ ਦੀਆਂ ਲੱਤਾਂ ਘੁਟਣੀਆਂ ਸ਼ੁਰੂ ਕਰ ਦਿਤੀਆਂ।[42]

ਇਸ ਘਟਨਾ ਦਾ ਜ਼ਿਕਰ ਕਰਦੇ ਹੋਏ ਸਰਦਾਰ ਨਰੈਣ ਸਿੰਘ ਪਾਠਕਾਂ ਦਾ ਧਿਆਨ ਉਸ ਸਮੇਂ ਦੇ ਗੁਰਦੁਆਰਿਆਂ ਵਿਚ ਸੇਵਾ ਕਰਨ ਵਾਲਿਆਂ ਦੀ ਭਾਵਨਾ ਵਲ ਦਿਵਾਉਂਦੇ ਹੋਏ ਉਨ੍ਹਾਂ ਨਾਲ ਅਜ ਦੇ ਧਰਮ ਅਸਥਾਨਾਂ ਵਿਚਲੇ ਸੇਵਾਦਾਰਾਂ ਦੀ ਭਾਵਨਾ ਦੀ ਤੁਲਨਾ ਕਰਦੇ ਹਨ।

ਸਰਦਾਰ ਨਰੈਣ ਸਿੰਘ ਦੀ ਸ਼ਖ਼ਸੀਅਤ ਦਾ ਇਕ ਵਡਾ ਪਖ ਇਮਾਨਦਾਰੀ ਸੀ। ਉਨ੍ਹਾਂ ਨੇ ਆਪਣੇ ਸਮੁਚੇ ਜੀਵਨ ਵਿਚ ਜਿਥੇ ਕਿਤੇ ਵੀ ਨੌਕਰੀ ਕੀਤੀ, ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਕੀਤੀ। ਬੇਸ਼ੱਕ ਇਕ ਵਾਰ ਉਨ੍ਹਾਂ ਨੂੰ ਰਿਸ਼ਵਤ ਦੇਣ ਦੀ ਅਸਫਲ ਕੋਸ਼ਿਸ਼ ਵੀ ਕੀਤੀ ਗਈ, ਪਰੰਤੂ ਉਹ ਆਪਣੇ ਸਿਧਾਂਤਾਂ ਤੋਂ ਥਿੜਕੇ ਨਹੀਂ। ਮਿਸਾਲ ਵਜੋਂ, 1937 ਈ. ਵਿਚ ਜਦੋਂ ਉਹ ਖਾਲਸਾ ਕਾਲਜ, ਬੰਬਈ ਦੀ ਉਸਾਰੀ ਕਰਵਾ ਰਹੇ ਸਨ ਤਾਂ ਗਿ. ਆਤਮਾ ਸਿੰਘ[43] ਰਾਹੀਂ ਇਕ ਲੋਹੇ ਦੇ ਠੇਕੇਦਾਰ ਨੇ ਉਨ੍ਹਾਂ ਨੂੰ 300/- ਰੁਪਏ ਰਿਸ਼ਵਤ ਦੇਣ ਦੀ ਕੋਸ਼ਿਸ਼ ਕੀਤੀ। ਇਹ ਮਾਇਆ ਉਨ੍ਹਾਂ ਨੇ ਨਾ ਕੇਵਲ ਉਸੇ ਸਮੇਂ ਆਤਮਾ ਸਿੰਘ ਨੂੰ ਵਾਪਿਸ ਭੇਜ ਕੇ ਮੋੜੀ ਬਲਕਿ ਅਗੇ ਤੋਂ ਠੇਕੇਦਾਰ ਪਾਸੋਂ ਲੋਹੇ ਦੀ ਖਰੀਦ ਵੀ ਬੰਦ ਕਰ ਦਿਤੀ।

ਨਨਕਾਣਾ ਸਾਹਿਬ ਦੀ ਮੈਨੇਜਰੀ ਸਮੇਂ ਇਕ ਵਾਰ ਮਾਲੀ ਬਾਗ ਵਿਚੋਂ ਸਬਜ਼ੀ ਤੋੜ ਕੇ ਸਰਦਾਰ ਨਰੈਣ ਸਿੰਘ ਦੇ ਘਰ ਫੜਾ ਗਿਆ। ਆਪ ਨੂੰ ਜਦੋਂ ਇਸ ਬਾਰੇ ਪਤਾ ਲਗਾ ਤਾਂ ਆਪ ਨੇ ਉਸੇ ਵੇਲੇ ਸਬਜ਼ੀ ਮੋੜੀ ਅਤੇ ਨਾਲ ਹੀ ਮਾਲੀ ਦੀ ਵੀ ਖਿਚਾਈ ਕੀਤੀ। ਇਸ ਤੋਂ ਇਲਾਵਾ ਉਸੇ ਦਿਨ ਕੁਝ ਪਰਚੀਆਂ ਛਪਵਾ ਕੇ ਨਿਯਮ ਬਣਾ ਦਿਤਾ ਕਿ ਜਿਸ ਕਿਸੇ ਨੂੰ ਵੀ ਸਬਜ਼ੀ ਚਾਹੀਦੀ ਹੋਵੇ, ਪੈਸੇ ਦੇ ਕੇ ਪਰਚੀ ਕਟਵਾਏ ਤੇ ਬਾਗ ਵਿਚੋਂ ਸਬਜ਼ੀ ਲੈ ਜਾਵੇ।[44]

ਸਰਦਾਰ ਨਰੈਣ ਸਿੰਘ ਅੰਦਰ ਇਮਾਨਦਾਰੀ ਕਿਸ ਕਦਰ ਕੁਟ-ਕੁਟ ਭਰੀ ਸੀ, ਇਸ ਗੱਲ ਦਾ ਖੁਲਾਸਾ ਇਕ ਹੋਰ ਘਟਨਾ 'ਚੋਂ ਹੁੰਦਾ ਹੈ। ਇਕ ਵਾਰ ਪੰਜਾਬ ਰਾਜ ਬਿਜਲੀ ਬੋਰਡ ਦਾ ਇਕ ਐਸ. ਡੀ. ਓ. ਬਾਗ ਵਿਚੋਂ 5-6 ਕਿਲੋ ਪਿਆਜ਼ ਲੈ ਗਿਆ, ਜਿਸ ਦੀ ਮਾਇਆ ਦੇਣੀ ਉਸ ਦੇ ਚੇਤੇ ਨਾ ਰਹੀ। ਕੁਝ ਦਿਨਾਂ ਦੀ ਉਡੀਕ ਤੋਂ ਬਾਅਦ ਜਦ ਉਹ ਨਾ ਆਇਆ ਤਾਂ ਨਰੈਣ ਸਿੰਘ ਨੇ ਉਸ ਦੇ ਦਫ਼ਤਰ ਐਸ.ਸੀ.

---

42. *ਮੇਰਾ ਜੀਵਨ ਪੰਧ ਤੇ ਸਾਹਿਤ ਰੁਚੀ*, ਪੂਰਵ ਅੰਕਤ, ਪੰਨਾ 10.
43. ਸ. ਆਤਮਾ ਸਿੰਘ ਖਾਲਸਾ ਕਾਲਜ, ਬੰਬਈ ਦੀ ਉਸਾਰੀ ਸਮੇਂ ਆਪ ਦੇ ਦਫ਼ਤਰ ਵਿਚ ਕੰਮ ਕਰਦੇ ਸਨ। ਪਿਛੋਂ ਉਹ ਅਕਾਲੀ ਸਰਕਾਰ ਵਿਚ ਪੰਜਾਬ ਦੇ ਮੰਤਰੀ ਵੀ ਬਣੇ। ਅਜਕਲ ਉਨ੍ਹਾਂ ਦੀ ਪੁਤਰੀ ਡਾ. ਉਪਿੰਦਰਜੀਤ ਕੌਰ ਪੰਜਾਬ ਸਰਕਾਰ ਦੀ ਵਿਤ ਮੰਤਰੀ ਹੈ।
44. ਸ. ਜਸਇੰਦਰ ਸਿੰਘ (ਪੁੱਤਰ) ਤੋਂ ਮਿਲੀ ਜਾਣਕਾਰੀ ਅਨੁਸਾਰ।

ਨੂੰ ਇਕ ਪੱਤਰ ਲਿਖ ਕੇ ਸ਼ਿਕਾਇਤ ਕੀਤੀ। ਫਲਸਰੂਪ ਉਸ ਐਸ. ਡੀ. ਓ. ਨੇ ਇਕ ਮਹੀਨੇ ਪਿਛੋਂ ਆ ਕੇ ਪੈਸੇ ਦੇਣ ਦੇ ਨਾਲ-ਨਾਲ ਆਪ ਪਾਸੋਂ ਮੁਆਫੀ ਵੀ ਮੰਗੀ।[45]

ਇਸੇ ਪ੍ਰਸੰਗ ਵਿਚ ਕੁਝ ਹੋਰ ਘਟਨਾਵਾਂ ਦਾ ਜ਼ਿਕਰ ਕਰਨਾ ਵੀ ਉਚਿਤ ਹੋਵੇਗਾ। 1947 ਈ. ਦੀ ਵੰਡ ਤੋਂ ਬਾਅਦ ਜਦੋਂ ਸਰਦਾਰ ਨਰੈਣ ਸਿੰਘ ਸ੍ਰੀ ਨਨਕਾਣਾ ਸਾਹਿਬ ਤੋਂ ਭਾਰਤ ਆਏ ਤਾਂ ਆਉਂਦੇ ਹੋਏ ਆਪਣੀ ਸ੍ਵੈ-ਰਖਿਆ ਲਈ ਗੁਰਦੁਆਰਾ ਸਾਹਿਬ ਦੀ ਇਕ ਬੰਦੂਕ ਉਥੋਂ ਲੈ ਆਏ, ਜਿਸ ਦੀ ਕੀਮਤ ਉਸ ਸਮੇਂ ਲਗਪਗ 300/- ਰੁਪਏ ਸੀ। ਗੁਰੂ ਘਰ ਦੀ ਇਮਾਨਤ ਜਾਣਦੇ ਹੋਏ ਉਨ੍ਹਾਂ ਨੇ ਇਸ ਦੇ ਇਵਜ਼ ਵਜੋਂ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਵਿਖੇ ਜਾ ਕੇ 300/- ਰੁਪਏ ਜਮ੍ਹਾਂ ਕਰਵਾਏ।[46]

ਸਰਦਾਰ ਨਰੈਣ ਸਿੰਘ ਆਪਣੀ ਇਮਾਨਦਾਰੀ ਬਾਰੇ ਲਿਖਦੇ ਹਨ :

> *ਮੈਨੂੰ ਇਸ ਗੱਲ ਦੀ ਵੱਡੀ ਖੁਸ਼ੀ ਹੈ ਕਿ ਨਨਕਾਣਾ ਸਾਹਿਬ ਦੀ ਪੰਦਰਾਂ ਸਾਲਾ (1932-1947) ਸਰਵਿਸ ਵਿਚ ਸਤਿਗੁਰੂ ਨੇ ਮੈਨੂੰ ਆਪਣੀ ਇਮਾਨਦਾਰੀ ਵਿਚ ਅਡੋਲ ਰੱਖਿਆ ਅਤੇ ਮੈਂ ਆਪਣੀ ਡਿਊਟੀ ਤਨਦੇਹੀ ਨਾਲ ਨਿਭਾਈ।*[47]

ਸਰਦਾਰ ਨਰੈਣ ਸਿੰਘ ਬੜੀ ਪਰਉਪਕਾਰੀ ਬਿਰਤੀ ਵਾਲੇ ਵਿਅਕਤੀ ਸਨ। ਉਹ ਹਰ ਵੇਲੇ ਲੋਕਾਂ ਦਾ ਭਲਾ ਹੀ ਲੋਚਦੇ ਸਨ। ਉਨ੍ਹਾਂ ਨੇ ਜਿਥੇ ਕਿਤੇ ਵੀ ਨੌਕਰੀ ਕੀਤੀ, ਹਰੇਕ ਥਾਂ ਉਥੋਂ ਦੇ ਲੋਕਾਂ ਦੀ ਭਲਾਈ ਹਿਤ ਅਨੇਕਾਂ ਉਸਾਰੂ ਕੰਮ ਕੀਤੇ। ਮਿਸਾਲ ਵਜੋਂ, ਸ੍ਰੀ ਨਨਕਾਣਾ ਸਾਹਿਬ ਦੀ ਮੈਨੇਜਰੀ ਸਮੇਂ ਉਨ੍ਹਾਂ ਨੇ ਐਸਟੇਟ ਦੇ ਪਿੰਡਾਂ ਵਿਚ ਵਸਦੇ ਕਾਸ਼ਤਕਾਰਾਂ ਤੇ ਹੋਰ ਲੋਕਾਂ ਦੀ ਸਮਾਜਿਕ ਤੇ ਆਰਥਿਕ ਉਨਤੀ ਲਈ ਅਨੇਕਾਂ ਕੰਮ ਕੀਤੇ ਜਿਵੇਂ, ਇਨ੍ਹਾਂ ਦੇ ਬੱਚਿਆਂ ਨੂੰ ਪੜ੍ਹਾਉਣਾ, ਸੜਕਾਂ ਠੀਕ ਕਰਵਾਉਣੀਆਂ, ਕਾਸ਼ਤਕਾਰਾਂ ਦੇ ਆਰਥਿਕ ਹਾਲਾਤ ਸੁਧਾਰਨੇ ਤਾਂ ਕਿ ਕੋਈ ਵੀ ਕਾਸ਼ਤਕਾਰ ਕਰਜ਼ਾਈ ਨਾ ਰਹੇ ਆਦਿ। ਜ਼ਿਮੀਦਾਰਾਂ ਦੇ ਕਰਜ਼ਾ-ਹੀਣ ਹੋਣ ਦਾ ਖੁਲਾਸਾ ਕਰਦੇ ਹੋਏ ਉਹ ਲਿਖਦੇ ਹਨ :

> *ਇਕ ਜ਼ਿਮੀਦਾਰਾ ਦਰਬਾਰ ਸਮੇਂ ਸਾਲਾਨਾ ਰੀਪੋਰਟ ਵਿਚ ਮੈਂ ਦਾਹਵਾ ਕੀਤਾ ਕਿ ਉਸ ਸਮੇਂ ਐਸਟੇਟ ਦਾ ਕੋਈ ਕਾਸ਼ਤਕਾਰ ਕਰਜ਼ਾਈ ਨਹੀਂ ਸੀ।*[48]

ਇਕ ਸਮੇਂ ਸਰਦਾਰ ਨਰੈਣ ਸਿੰਘ ਦੁਆਰਾ ਕੀਤੇ ਸੁਧਾਰ ਕੰਮਾਂ ਦੀ ਸਿਫਤ ਵਿਚ ਪਿੰਡ ਦੇ ਇਕ ਜਾਂਗਲੀ ਵਸਨੀਕ ਨੇ ਆਪਣੀ ਦੇਸੀ ਜਿਹੀ ਭਾਸ਼ਾ ਵਿਚ ਕੁਝ ਸ਼ਬਦ ਇਉਂ ਆਖੇ ਸਨ :

> *ਓਏ ਸ੍ਰਦਾਰਾ ਤੋਹਿੰ ਤਾਂ ਨਨਕਾਣੇ ਨੂੰ ਰੰਗਲਾ ਚੂੜਾ ਚਾਹੜ ਛੋੜਿਆ ਏ।*[49]

---

45. ਸ. ਜਸਇੰਦਰ ਸਿੰਘ (ਪੁੱਤਰ) ਤੋਂ ਮਿਲੀ ਜਾਣਕਾਰੀ ਅਨੁਸਾਰ।
46. *ਉਹੀ.*
47. *ਮੇਰਾ ਜੀਵਨ ਪੰਧ ਤੇ ਸਾਹਿਤ ਰੁਚੀ*, ਪੂਰਵ ਅੰਕਤ, ਪੰਨਾ 77.
48. *ਉਹੀ*, ਪੰਨਾ 124.
49. *ਉਹੀ.*

ਸਰਦਾਰ ਨਰੈਣ ਸਿੰਘ ਨੂੰ ਜਦੋਂ ਪਛੜੀਆਂ ਸ਼੍ਰੇਣੀਆਂ ਦੀ ਭਲਾਈ ਹਿਤ 'ਆਫ਼ੀਸਰ ਆਨ ਸਪੈਸ਼ਲ ਡਿਊਟੀ' ਨਿਯੁਕਤ ਕੀਤਾ ਗਿਆ ਤਾਂ ਉਨ੍ਹਾਂ ਨੇ ਸਭ ਤੋਂ ਪਹਿਲਾ ਕੰਮ ਇਨ੍ਹਾਂ ਸ਼੍ਰੇਣੀਆਂ ਦੇ ਪੜ੍ਹੇ-ਲਿਖੇ ਨੌਜਵਾਨਾਂ ਨੂੰ ਨੌਕਰੀ ਦੇਣ ਦਾ ਕੀਤਾ।

ਸਰਦਾਰ ਨਰੈਣ ਸਿੰਘ ਦੀਆਂ ਰਚਨਾਵਾਂ ਨੂੰ ਪੜ੍ਹ ਕੇ ਪਤਾ ਚਲਦਾ ਹੈ ਕਿ ਉਹ ਬੜੇ ਨਿਡਰ ਅਤੇ ਦਲੇਰ ਵਿਅਕਤੀ ਸਨ। ਆਪਣੇ ਜੀਵਨ ਵਿਚ ਉਨ੍ਹਾਂ ਅਨੇਕਾਂ ਅਜਿਹੀਆਂ ਘਟਨਾਵਾਂ ਦਾ ਸਾਹਮਣਾ ਕੀਤਾ ਜਿਥੇ ਉਹ ਉਕਾ ਵੀ ਡਰੇ ਨਹੀਂ। ਮਿਸਾਲ ਵਜੋਂ, ਕਤਲ ਕੇਸ ਪੈਣ ਸਮੇਂ ਉਹ ਰੱਬੀ ਭਾਣੇ ਵਿਚ ਅਡੋਲ ਰਹੇ। ਇਸ ਤਥ ਦੀ ਸਭ ਤੋਂ ਵਧ ਪ੍ਰੋੜਤਾ ਇਸ ਗੱਲ ਤੋਂ ਹੁੰਦੀ ਹੈ ਕਿ ਉਨ੍ਹਾਂ ਨੇ ਭਾਰਤੀ ਹਿੰਦੂ ਸਰਕਾਰ ਦੀਆਂ ਸਿੱਖ ਵਿਰੋਧੀ ਨੀਤੀਆਂ ਦਾ ਖੁਲਾਸਾ ਕਰਦੀ ਪੁਸਤਕ *ਕਿਉਂ ਕੀਤੋ ਵੇਸਾਹੁ* ਉਸ ਸਮੇਂ ਲਿਖੀ ਜਦੋਂ ਕਿ ਸਿੱਖੀ ਦਾ ਪੂਰੇ ਜੋਬਣ 'ਤੇ ਘਾਣ ਹੋ ਰਿਹਾ ਸੀ।

ਇਹ ਉਹ ਸਮਾਂ ਸੀ ਜਦੋਂ ਹਿੰਦੂ ਸਰਕਾਰ ਸਿੱਖਾਂ ਦੀ ਅਤਿ ਦੀ ਦੁਸ਼ਮਣ ਬਣੀ ਹੋਈ ਸੀ। ਸਾਕਾ ਨੀਲਾ ਤਾਰਾ (ਜੂਨ,1984) ਉਪਰੰਤ ਸਿੱਖਾਂ ਦਾ ਭਾਰਤ ਅੰਦਰ ਰਹਿਣਾ ਔਖਾ ਹੋ ਗਿਆ ਸੀ। ਸਰਕਾਰ ਨੇ ਸਿੱਖਾਂ 'ਤੇ ਜਿਹੜਾ ਤਸ਼ਦਦ ਢਾਹਿਆ, ਕਹਿਣ-ਕਥਨ ਤੋਂ ਬਾਹਰ ਹੈ। ਅਜਿਹੇ ਸਮੇਂ ਵਿਚ ਸਰਕਾਰ ਵਿਰੁਧ ਐਨੀ ਦਲੇਰੀ ਨਾਲ ਲਿਖਣਾ ਨਿਡਰਤਾ ਦੀ ਹੀ ਨਿਸ਼ਾਨੀ ਹੈ।

ਸਰਦਾਰ ਨਰੈਣ ਸਿੰਘ ਦੇ ਸਮੁਚੇ ਜੀਵਨ ਦਾ ਅਧਿਐਨ ਕਰਨ ਉਪਰੰਤ ਇਹ ਗੱਲ ਸਹਿਜੇ ਹੀ ਸਪਸ਼ਟ ਹੋ ਜਾਂਦੀ ਹੈ ਕਿ ਉਹ ਬਹੁ-ਪਖੀ ਸ਼ਖ਼ਸੀਅਤ ਦੇ ਮਾਲਕ ਸਨ, ਜਿਨ੍ਹਾਂ ਨੇ ਆਪਣਾ ਸਾਰਾ ਜੀਵਨ ਸਿੱਖ ਪੰਥ ਦੇ ਨਾਲ-ਨਾਲ ਮਨੁਖ ਮਾਤਰ ਨੂੰ ਸਮਰਪਿਤ ਕੀਤਾ ਹੋਇਆ ਸੀ।

ਸਰਦਾਰ ਨਰੈਣ ਸਿੰਘ ਸਿੱਖ ਪੰਥ ਦੀ ਸੇਵਾ ਕਰਦੇ ਤੇ ਲੋਕਾਈ ਨੂੰ ਗੁਰਮਤਿ ਦੀ ਰੌਸ਼ਨੀ ਦਿੰਦੇ ਹੋਏ ਜੀਵਨ ਦੀ ਅਟਲ ਸੱਚਾਈ *'ਸਭਨਾ ਮਰਣਾ ਆਇਆ ਵੇਛੋੜਾ ਸਭਨਾਹ'*[50] ਅਨੁਸਾਰ 2 ਅਪ੍ਰੈਲ, 1994 ਈ. ਨੂੰ ਅਨੇਕਾਂ ਅੱਖਾਂ ਸੇਜਲ ਕਰਦੇ ਹੋਏ ਪ੍ਰੀਤਮ ਦੇ ਦੇਸ ਚਲਾਣਾ ਕਰ ਗਏ। ਉਨ੍ਹਾਂ ਦੇ ਵਿਛੋੜੇ ਕਾਰਨ ਸਿੱਖ ਪੰਥ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ।

***

50. ਸ੍ਰੀ ਗੁਰੂ ਗ੍ਰੰਥ ਸਾਹਿਬ, ੫੯੫.

2

ਸਰਦਾਰ ਨਰੈਣ ਸਿੰਘ ਦੀ ਸਾਹਿਤ ਰਚਨਾ

ਸਰਦਾਰ ਨਰੈਣ ਸਿੰਘ ਸਿਰਜਣਾਤਮਕ ਵੰਨਗੀ ਦੇ ਲੇਖਕ ਸਨ, ਜਿਨ੍ਹਾਂ ਨੇ ਆਪਣੇ ਵਡਮੁਲੇ ਵਿਚਾਰਾਂ ਰਾਹੀਂ ਗੁਰਬਾਣੀ ਸਿਧਾਂਤਾਂ, ਸੰਸਥਾਵਾਂ, ਪਰੰਪਰਾਵਾਂ ਤੇ ਇਤਿਹਾਸ ਬਾਰੇ ਲਿਖ ਕੇ ਸਿੱਖ ਸਾਹਿਤ ਦੀ ਮਹਾਨ ਸੇਵਾ ਕੀਤੀ।

ਉਨ੍ਹਾਂ ਦੇ ਜੀਵਨ ਦੀ ਪੜਚੋਲ ਕਰਨ 'ਤੇ ਪਤਾ ਚਲਦਾ ਹੈ ਕਿ ਉਨ੍ਹਾਂ ਨੇ ਆਪਣੇ ਜੀਵਨ ਦੇ ਦੋ ਵਖ-ਵਖ ਪੜਾਵਾਂ ਦੌਰਾਨ ਸਾਹਿਤ ਰਚਨਾ ਕੀਤੀ। ਪਹਿਲੇ ਦੌਰ ਵਿਚ ਉਨ੍ਹਾਂ ਨੇ ਕਾਲਜ ਦੀ ਪੜ੍ਹਾਈ ਖ਼ਤਮ ਕਰਨ ਸਾਰ ਸ਼ੈਕਸਪੀਅਰ ਦੇ ਪ੍ਰਸਿਧ ਨਾਟਕ *ਕਿੰਗ ਲੀਅਰ*[1] ਦਾ ਪੰਜਾਬੀ ਅਨੁਵਾਦ *ਲਾਲ ਬਾਦਸ਼ਾਹ* ਸਿਰਲੇਖ ਹੇਠ ਕੀਤਾ। ਹਾਲੇ ਸਰਦਾਰ ਨਰੈਣ ਸਿੰਘ ਨੇ ਸਾਹਿਤਕ ਖੇਤਰ ਵਿਚ ਪਹਿਲਾ ਪੈਰ ਹੀ ਪੁਟਿਆ ਸੀ ਕਿ ਉਨ੍ਹਾਂ ਨੂੰ ਪ੍ਰਸ਼ਾਸਨਿਕ ਜ਼ਿੰਮੇਵਾਰੀਆਂ (ਸ੍ਰੀ ਨਨਕਾਣਾ ਸਾਹਿਬ ਦੇ ਮੈਨੇਜਰ ਵਜੋਂ ਸੇਵਾ) ਨੇ ਘੇਰ ਲਿਆ, ਜਿਸ ਦਾ ਸਿਧਾ ਅਸਰ ਉਨ੍ਹਾਂ ਦੀ ਲੇਖਣੀ 'ਤੇ ਹੋਇਆ। ਮੈਨੇਜਰ ਦੀ ਹੈਸੀਅਤ ਵਜੋਂ ਉਨ੍ਹਾਂ ਦਾ ਰੁਝਾਨ ਐਨਾ ਸੀ ਕਿ ਆਪ ਨੂੰ ਸਾਹਿਤਕਾਰੀ ਵਿਚ ਅਗਾਂਹ ਪੈਰ-ਪੁਟਣ ਦਾ ਸਮਾਂ ਹੀ ਨਾ ਲਗ ਸਕਿਆ।

ਦੂਜੇ ਦੌਰ ਵਿਚ ਭਾਰਤ-ਪਾਕਿ ਵੰਡ (1947) ਤੋਂ ਬਾਅਦ ਭਾਰਤੀ ਪੰਜਾਬ ਆ ਕੇ ਸਰਦਾਰ ਨਰੈਣ ਸਿੰਘ ਦਾ ਧਿਆਨ ਮੁੜ ਕੁਝ ਪੜ੍ਹਨ-ਲਿਖਣ ਵਲ ਕੇਂਦਰਿਤ ਹੋਇਆ। ਫਲਸਰੂਪ, ਉਨ੍ਹਾਂ ਨੇ ਅਣਥਕ ਘਾਲ ਕਰਕੇ ਸਿੱਖ ਸਾਹਿਤ ਦੀ ਮਹਾਨ ਸੇਵਾ ਕੀਤੀ।

ਸਰਦਾਰ ਨਰੈਣ ਸਿੰਘ ਦੀ ਵਾਰਤਕ ਲੇਖਣੀ ਦਾ ਆਪਣਾ ਹੀ ਨਿਰਾਲਾ ਢੰਗ ਹੈ। ਉਨ੍ਹਾਂ ਦੇ ਲੇਖ ਕੋਈ ਵਿਸ਼ੇਸ਼ ਜ਼ੋਰ ਲਗਾ ਕੇ ਲਿਖੇ ਨਾ ਲਗ ਕੇ ਆਪ ਮੁਹਾਰੇ ਉਤਰੇ ਲਗਦੇ ਹਨ। ਗੁਰਮਤਿ ਸਾਹਿਤ ਵਿਚ ਇਸ ਤਰ੍ਹਾਂ ਦੀ ਸਿਰਜਣਾ ਬਹੁਤ ਘਟ ਹੈ। ਇਨ੍ਹਾਂ ਲੇਖਾਂ ਵਿਚ ਕੋਈ ਖਾਸ ਗੂੜ੍ਹ-ਗਿਆਨ ਨਹੀਂ, ਨਾ ਹੀ ਲੇਖਕ ਦੇ ਵਿਚਾਰਾਂ 'ਤੇ ਕਿਸੇ ਕਿਸਮ ਦੇ ਫਲਸਫੇ ਦਾ ਕੋਈ ਵਾਧੂ ਭਾਰ ਪਿਆ ਪ੍ਰਤੀਤ ਹੁੰਦਾ ਹੈ, ਜਿਸ ਕਰਕੇ ਇਨ੍ਹਾਂ ਲੇਖਾਂ ਦਾ ਪ੍ਰਗਟਾਉ ਬਹੁਤ ਸਰਲ ਤੇ ਸਪਸ਼ਟ ਹੈ।

ਸਰਦਾਰ ਨਰੈਣ ਸਿੰਘ ਇਲਮ ਦੀ ਥਾਂ ਅਮਲ ਵਿਚ ਵਿਸ਼ਵਾਸ ਰਖਦੇ ਸਨ।

---

1. ਨਰੈਣ ਸਿੰਘ (ਅਨੁ.), ਲਾਲ ਬਾਦਸ਼ਾਹ, ਫੁਲਵਾੜੀ ਪ੍ਰੈਸ, ਲਾਹੌਰ, 1931.

ਇਸ ਲਈ ਉਨ੍ਹਾਂ ਦੇ ਧਾਰਮਿਕ ਲੇਖਾਂ ਦੀ ਸਾਰਥਕਤਾ ਸਮਾਜਿਕ ਅਤੇ ਭਾਈਚਾਰਕ ਜੀਵਨ ਲਈ ਆਤਮਿਕ ਜੀਵਨ ਨਾਲੋਂ ਘਟ ਨਹੀਂ। ਉਨ੍ਹਾਂ ਦੀ ਬਹੁਤੀ ਰਚਨਾ ਗੁਰਬਾਣੀ, ਸਿੱਖ ਇਤਿਹਾਸ ਅਤੇ ਗੁਰਮਤਿ ਦੇ ਪਿਆਰ ਵਿਚੋਂ ਉਪਜੀ ਹੈ।

ਪੰਜਾਬੀ ਵਾਰਤਕ ਦੇ ਖੇਤਰ ਵਿਚ ਸਰਦਾਰ ਨਰੈਣ ਸਿੰਘ ਨੇ ਆਪਣੀਆਂ ਕੁਝ ਕੁ ਗਿਣਤੀ ਦੀਆਂ ਪੁਸਤਕਾਂ ਤੇ ਟ੍ਰੈਕਟਾਂ ਦੇ ਆਧਾਰ 'ਤੇ ਵਖਰੀ ਥਾਂ ਬਣਾਈ ਹੈ। ਉਨ੍ਹਾਂ ਨੇ ਪੰਜਾਬੀ ਤੋਂ ਇਲਾਵਾ ਅੰਗਰੇਜ਼ੀ ਤੇ ਹਿੰਦੀ ਵਿਚ ਵੀ ਕਈ ਟ੍ਰੈਕਟ ਲਿਖੇ।

ਇਥੇ ਅਸੀਂ ਸਰਦਾਰ ਨਰੈਣ ਸਿੰਘ ਦੀਆਂ ਉਪਲਬਧ ਰਚਨਾਵਾਂ ਦੀ ਸੂਚੀ ਦੇਣ ਦਾ ਜਤਨ ਕਰਾਂਗੇ, ਉਪਰੰਤ ਉਨ੍ਹਾਂ ਦੇ ਕੁਝ ਲੇਖਾਂ ਦੀ ਸੂਚੀ ਦਿਤੀ ਜਾਵੇਗੀ ਜਿਹੜੇ ਵਖ-ਵਖ ਪਤ੍ਰਿਕਾਵਾਂ/ਰਸਾਲਿਆਂ ਵਿਚ ਛਪਦੇ ਰਹੇ।

ਰਚਨਾਵਾਂ ਦੀ ਸੂਚੀ

ਸਰਦਾਰ ਨਰੈਣ ਸਿੰਘ ਦੀਆਂ ਪ੍ਰਾਪਤ ਪੁਸਤਕਾਂ ਦਾ ਕਾਲਕ੍ਰਮ ਅਨੁਸਾਰ ਵੇਰਵਾ ਇਸ ਪ੍ਰਕਾਰ ਹੈ :

1. *ਲਾਲ ਬਾਦਸ਼ਾਹ*, ਫੁਲਵਾੜੀ ਪ੍ਰੈਸ, ਲਾਹੌਰ, 1931.
2. *ਅਕਾਲੀ ਮੋਰਚੇ ਅਤੇ ਝੱਬਰ*, ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ, 1959.
3. *ਬੇਗਮਪੁਰੇ ਦੇ ਰਾਹ ਤੇ*, ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ, 1960.
4. *ਨਨਕਾਣਾ ਸਾਹਿਬ*, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1971.
5. *ਗੁਰੂ ਨਾਨਕ ਮਾਰਗ*, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1971.
6. *ਨਾਨਕ ਨਿਰਮਲ ਪੰਥ ਚਲਾਇਆ*, ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ, 1971.
7. *ਵਰਿਆਮ ਇਕੇਲਾ*, ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ, 1972.
8. *ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ*, ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ, 1978.
9. *ਮੇਰਾ ਜੀਵਨ ਪੰਧ ਤੇ ਸਾਹਿਤ ਰੁਚੀ*, ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ, 1982.
10. *ਕਿਉਂ ਕੀਤੋ ਵੇਸਾਹੁ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1986.
11. *ਸਿੱਖ ਵੀਰਾਂ ਨੂੰ ਹਲੂਣਾ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1987.
12. *ਅਕਾਲੀ ਲਹਿਰ ਦਾ ਨਾਇਕ ਜਥੇਦਾਰ : ਭਾਈ ਕਰਤਾਰ ਸਿੰਘ ਝੱਬਰ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1988.
13. *ਬਾਬਾਣੀਆਂ ਕਹਾਣੀਆਂ*, ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ, (ਮਿਤੀਹੀਣ).
14. *ਸ੍ਰੀ ਨਨਕਾਣਾ ਸਾਹਿਬ ਦਾ ਸ਼ਹੀਦੀ ਸਾਕਾ*, ਸਿੱਖ ਇਤਿਹਾਸ ਰੀਸਰਚ ਬੋਰਡ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ), ਸ੍ਰੀ ਅੰਮ੍ਰਿਤਸਰ, (ਮਿਤੀਹੀਣ)।

ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ ਵਲੋਂ ਸਰਦਾਰ ਨਰੈਣ ਸਿੰਘ ਦੇ

ਪ੍ਰਕਾਸ਼ਿਤ ਹੋਏ ਟ੍ਰੈਕਟਾਂ ਦਾ ਵੇਰਵਾ ਇਸ ਪ੍ਰਕਾਰ ਹੈ[2]:

1. *ਮੈਂ ਸਿੱਖ ਕਿਉਂ ਹਾਂ*, ਟ੍ਰੈਕਟ ਨੰ. 2[3].
2. *ਬਾਬਾਣੀਆਂ ਕਹਾਣੀਆਂ (ੳ)*, 3[4].
3. *ਕ੍ਰਾਂਤੀਕਾਰੀ ਗੁਰੂ ਨਾਨਕ*, 4 .
4. *ਮਰਦ ਅਗੰਮੜਾ*, 5.
5. *ਖਾਲਸੇ ਦਾ ਵਿਕਾਸ*, 7[5].
6. *ਬਾਣੀ ਦਾ ਬੋਹਿਥਾ*, 8.
7. *ਬਾਬਣੀਆਂ ਕਹਾਣੀਆਂ (ਅ)*, 9.
8. *ਨਾਨਕ ਨਾਮ ਚੜ੍ਹਦੀਕਲਾ*, 10.
9. *ਗੁਰੂ ਕੌਣ ਹੈ (ੳ)*, 12.
10. *ਸਿੱਖ ਵੀਰਾਂ ਨੂੰ ਹਲੂਣਾ (ੳ)*, 15[6].
11. *ਉਦਮ ਘਾਲ ਤੇ ਨਦਰ*, 16.
12. *ਗੁਰੂ ਸ਼ਬਦ ਹੈ*, 17.
13. *ਨਾਮ ਦਾਰੂ*, 18.
14. *ਬਿਨਾਂ ਸ਼ਸਤਰ ਕੇਸੰ ਨਰੰ ਭੇਡ ਜਾਨੋ*, 19.
15. *ਧਰਮ ਹੇਤ ਗੁਰਦੇਵ ਪਠਾਏ*, 21[7].
16. *ਸ਼ਸਤਰ ਅਤੇ ਬਾਣਾ*, 24.
17. *ਗੁਰਮਤਿ ਨਾਮ ਤੇ ਰਹਿਣੀ*, 26.
18. *ਸੁਖ ਦੀ ਭਾਲ*, 30.
19. *ਹਲੂਣਾ (ਅ)*, 31.
20. *ਸ੍ਰੀ ਗੁਰੂ ਅਰਜਨ ਦੇਵ ਜੀ*, 32.
21. *ਪ੍ਰਸਾਦਿ*, 33.

---

2. ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ ਵਲੋਂ ਸਰਦਾਰ ਨਰੈਣ ਸਿੰਘ ਦੇ ਪ੍ਰਕਾਸ਼ਿਤ ਕੀਤੇ ਗਏ ਟ੍ਰੈਕਟਾਂ ਦੀ ਗਿਣਤੀ ਬਾਰੇ ਨਿਸ਼ਚਿਤ ਰੂਪ ਵਿਚ ਕੁਝ ਨਹੀਂ ਕਿਹਾ ਜਾ ਸਕਦਾ। ਨਰੈਣ ਸਿੰਘ ਦੇ ਅਕਾਲ ਚਲਾਣਾ ਕਰਨ ਉਪਰੰਤ ਉਨ੍ਹਾਂ ਦੀ ਅੰਤਿਮ ਅਰਦਾਸ ਦੇ ਸਮਾਗਮ ਵਿਚ ਵੰਡੇ ਗਏ ਇਕ ਪੈਂਪਲੇਟ ਵਿਚ ਇਨ੍ਹਾਂ ਟ੍ਰੈਕਟਾਂ ਦੀ ਗਿਣਤੀ 385 ਦਸੀ ਗਈ ਹੈ। ਪ੍ਰੋ. ਪ੍ਰੀਤਮ ਸਿੰਘ ਨੇ *ਪੰਜਾਬੀ ਲੇਖਕ ਕੋਸ਼* ਵਿਚ ਇਨ੍ਹਾਂ ਦੀ ਗਿਣਤੀ 278 ਦਸੀ ਹੈ। ਉਪਰੋਕਤ ਸੂਚੀ ਵਿਚ ਸਿਰਲੇਖ ਦੇ ਨਾਲ ਟ੍ਰੈਕਟ ਨੰਬਰ ਦਿਤਾ ਗਿਆ ਹੈ।
3. ਇਹ ਸਰਦਾਰ ਨਰੈਣ ਸਿੰਘ ਦੁਆਰਾ ਲਿਖਿਆ ਸਭ ਤੋਂ ਪਹਿਲਾ ਟ੍ਰੈਕਟ ਹੈ। ਇਸ ਟ੍ਰੈਕਟ ਨੂੰ ਪਹਿਲਾਂ ਅੰਗਰੇਜ਼ੀ ਵਿਚ *Why Am I a Sikh* ਸਿਰਲੇਖ ਹੇਠ ਪ੍ਰਕਾਸ਼ਿਤ ਕੀਤਾ ਗਿਆ, ਜਿਸ ਦਾ ਬਾਅਦ ਵਿਚ ਪੰਜਾਬੀ ਅਨੁਵਾਦ (ਟ੍ਰੈਕਟ ਨੰ. 1) ਵੀ ਪ੍ਰਕਾਸ਼ਿਤ ਹੋਇਆ। ਇਸ ਦਾ ਕੁਝ ਹਿਸਾ ਬੀ. ਬੀ. ਸੀ, ਲੰਡਨ ਨੇ ਵੀ ਆਪਣੇ ਵਲੋਂ ਪ੍ਰਕਾਸ਼ਿਤ ਕੀਤਾ ਸੀ, ਵੇਖੋ : ਨਰੈਣ ਸਿੰਘ, *ਗੁਰੂ ਨਾਨਕ ਦੇਵ ਮਿਸ਼ਨ : ਕਦੋਂ, ਕਿਉਂ ਤੇ ਕਿਵੇਂ*, ਟ੍ਰੈਕਟ ਨੰ. 464, ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ, ਪੰਨਾ 1.
4. ਹਿਦੀ ਅਨੁਵਾਦ ਲਈ ਵੇਖੋ : *क्रातिकार गुरू नानक*, ਟ੍ਰੈਕਟ ਨੰ. 79.
5. ਹਿੰਦੀ ਅਨੁਵਾਦ ਲਈ ਵੇਖੋ : *खालसा का विकास*, ਟ੍ਰੈਕਟ ਨੰ. 381.
6. ਇਹ ਟ੍ਰੈਕਟ *A Spur to Sikh Youth* ਸਿਰਲੇਖ ਹੇਠ ਅੰਗਰੇਜ਼ੀ ਵਿਚ ਵੀ ਪ੍ਰਕਾਸ਼ਿਤ ਹੋਇਆ ਹੈ, ਵੇਖੋ : ਟ੍ਰੈਕਟ ਨੰ. 22.
7. ਹਿਦੀ ਅਨੁਵਾਦ ਲਈ ਵੇਖੋ : *धर्म हेत गुरूदेव पठाए*. ਟ੍ਰੈਕਟ ਨੰ. 39.

22. ਸਤਿਗੁਰੂ ਸੰਗ ਹੈ, 34.
23. ਖਾਲਸਾ ਧਰਮ ਨਿਰੂਪਣ, 37[8].
24. ਸਤਿਗੁਰੂ ਨਾਨਕ ਦਾ ਬਿਰਹਾ, 40.
25. ਹੁਕਮ, 41.
26. ਗੁਰੂ ਅਰਜਨ ਪਰਤਖ ਹਰਿ, 43.
27. ਨਾਮ ਤੇ ਬਾਣੀ, 44.
28. ਹਲੂਣਾ (ੲ), 45.
29. ਗੁਰਮਤਿ ਵਿਚ ਕਰਾਮਾਤ, 46.
30. ਸਤਿਗੁਰ ਨਾਨਕ ਦੇਵ ਜੀ ਦਾ ਆਗਮਨ ਤੇ ਸੰਦੇਸ਼, 49.
31. ਸੂਰਜ ਨਿਕਲਿਆ, 50.
32. ਰਮਜ਼ੀ ਦੀਦਾਰ, 51.
33. ਜਪੁ ਵਿਚਾਰ, 56.
34. ਸਿੱਖ ਧਰਮ ਅੰਦਰ ਆਜ਼ਾਦੀ ਦਾ ਸੰਕਲਪ, 58.
35. ਸਿਮਰਨ, 62.
36. ਦੀਨੇ ਤੋਂ ਸਾਬੋ ਕੀ ਤਲਵੰਡੀ, 63.
37. ਗੁਰ ਸ਼ਬਦ ਵਿਚਾਰ, 64.
38. ਬੇ-ਮਿਸਾਲ ਸ਼ਹੀਦੀ, 67[9]
39. ਦੋ ਸ਼ਮਸ਼ੀਰਾਂ, 75[10]
40. ਗੁਰਮਤਿ ਵਿਆਹ ਦੀਆਂ ਚਾਰ ਲਾਵਾਂ, 76.
41. ਮੋਰਚਾ ਗੁਰੂ ਕਾ ਬਾਗ, 77.
42. ਇਕ ਫਕੀਰ ਵੱਡਾ ਮਸਤਾਨਾ, 80.
43. ਮਾਨਸ ਕੀ ਜਾਤ ਸਬੈ ਏਕੈ ਪਹਿਚਾਣਬੋ, 83.
44. ਸਤਿਗੁਰ ਹਰਿਕ੍ਰਿਸ਼ਨ ਸਾਹਿਬ, 84.
45. ਮਨੁੱਖ ਆਪਣੀ ਕਰਨੀ ਲਈ ਕਿਥੋਂ ਤਕ ਜ਼ਿੰਮੇਵਾਰ ਹੈ ?, 85.
46. ਸੁਖਮਨੀ ਵਿਚ ਸੁਖ, 88.
47. ਗੁਰਮਤਿ ਅੰਦਰ ਸੇਵਾ ਦਾ ਸੰਕਲਪ, 89.
48. ਵਾਹਿਗੁਰੂ ਦੀ ਬਾਦਸ਼ਾਹਤ ਅੰਦਰ ਝਾਤੀਆਂ, 91.
49. ਸਤਿਗੁਰੂ ਰਾਮਦਾਸ ਜੀ, 92.
50. ਜਿਨ ਮਨਿ ਹੋਰਿ ਮੁਖਿ ਹੋਰੁ, 93.
51. ਮੋਰਚਾ ਗੰਗਸਰ ਜੈਤੋਂ, 96.

---

8. ਇਸ ਟ੍ਰੈਕਟ ਦੀ ਪੁਨਰ ਪ੍ਰਕਾਸ਼ਨਾ ਵੀ ਕੀਤੀ ਗਈ, ਵੇਖੋ : ਖਾਲਸਾ ਨਿਰੂਪਣ, ਟ੍ਰੈਕਟ ਨੰ. 78.
9. ਹਿੰਦੀ ਅਨੁਵਾਦ ਲਈ ਵੇਖੋ : अनुपम बलिदान, ਟ੍ਰੈਕਟ ਨੰ. 81.
10. ਅੰਗਰੇਜ਼ੀ ਅਨੁਵਾਦ ਲਈ ਵੇਖੋ : *The Sikh Character and Sword*, ਟ੍ਰੈਕਟ ਨੰ. 101.

52. *ਕੁਝ ਸਿੱਖ ਸਿਧਾਂਤ* (ੳ), 97.
53. *ਗੁਰੂ ਗੋਬਿੰਦ ਸਿੰਘ ਜੀ ਨੇ ਹਰ ਸਿੱਖ ਨੂੰ ਸਿੰਘ ਕਰ ਦਿੱਤਾ*, 98.
54. *ਗੁਰੂ ਅੰਗਦ ਦੇਵ ਜੀ ਦਾ ਆਤਮਕ ਦਰਸ਼ਨ*, 99.
55. *ਭਰਮੁ ਕਹਹੁ ਕਿਉ ਜਾਈ*, 100.
56. *The Sikh Character and Sword*, 101.
57. *ਹਲੂਣਾ* (ਹ), 103.
58. *ਸਤਿਗੁਰੂ ਅਮਰਦਾਸ ਜੀ*, 105[11].
59. *ਕਲਿਜੁਗ ਬਾਬੇ ਤਾਰਿਆ*, 106.
60. *ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਵਿਚ ਤਿਆਗ ਦਾ ਸੰਕਲਪ*, 107.
61. *ਸਤਿ ਤੇ ਅਸਤਿ ਦੇ ਘੋਲ ਵਿਚ ਖਾਲਸੇ ਦਾ ਰੋਲ*, 108.
62. *ਖਾਲਸਾ ਸੋਇ ਜੁ ਚੜ੍ਹੈ ਤੁਰੰਗ, ਖਾਲਸਾ ਸੋਇ ਕਰੈ ਨਿਤ ਜੰਗ*, 109.
63. *ਪੰਥਕ ਏਕਤਾ ਦੇ ਮੂਲ ਤਤ*, 111.
64. *ਅਮੋਲਕ ਰਤਨ (ੳ)*, 112.
65. *ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਕੁਝ ਅਮੋਲਕ ਰਤਨ*, 114.
66. *ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਜੀਵਨ ਦਰਸ਼ਨ*, 118.
67. *ਆਤਮ ਬਲ ਅਤੇ ਲੋਹ ਬਲ*, 119.
68. *ਹਲੂਣਾ* (ਕ), 122.
69. *ਗੁਰਮਤਿ ਅਤੇ ਰੰਗ ਮੰਚ*, 123.
70. *ਖਾਲਸਾ ਕਾਲਜ ਕਿਉਂ ਤੇ ਕਿਵੇਂ ?*, 124.
71. *ਆਤਮ ਬਲ ਦਾਨੀ ਗੁਰੂ ਤੇਗ ਬਹਾਦਰ*, 129.
72. *ਕਾਮਲ ਪੁਰਖ*, 130.
73. *ਵਰਤਮਾਨ ਜੁਗ ਅੰਦਰ ਸਿੱਖ ਸਥਿਤੀ*, 131.
74. *ਸਿਧ ਗਸ਼ਟ ਦਾ ਪਿਛੋਕੜ*, 132.
75. *ਵੈਸਾਖੁ ਭਲਾ*, 134[12].
76. *ਸਿੱਖ ਦਾ ਨਿਆਰਾਪਨ*, 135.
77. *ਪਾਕਿਸਤਾਨ ਅੰਦਰ ਰਹੇ ਗੁਰਦੁਆਰੇ*, 138[13].
78. *ਪੰਚ ਪਰਧਾਨੀ ਖਾਲਸਾ*, 139.
79. *Concept of God & Guru in Sikhism*, 140.
80. *ਗੁਰ ਬਾਣੀ ਅਤੇ ਗੁਰਮੁਖੀ*, 141.

---

11. ਅੰਗਰੇਜ਼ੀ ਅਨੁਵਾਦ ਲਈ ਵੇਖੋ : *Selected Sayings of Guru Amardass Ji*, ਟ੍ਰੈਕਟ ਨੰ. 182.
12. ਹਿੰਦੀ ਅਨੁਵਾਦ ਲਈ ਵੇਖੋ : *बैसाखी*, ਟ੍ਰੈਕਟ ਨੰ. 86.
13. ਅੰਗਰੇਜ਼ੀ ਅਨੁਵਾਦ ਲਈ ਵੇਖੋ : *Historical Sikh Temples in Pakistan*, ਟ੍ਰੈਕਟਨੰ. 374.

81. ਹੁਕਮਿ ਰਜਾਈ ਚਲਣਾ, 142.
82. ਸਿੱਖ ਵੀਰਾਂ ਪ੍ਰਤੀ ਹਲੂਣਾ (ਭਾਗ II), 150.
83. ਗੁਰੂ ਅਰਜਨ ਵਿਟਹੁ ਕੁਰਬਾਨੀ, 152.
84. ਗੁਰੂ ਬਾਣੀ ਨਾਮ ਹੈ, 155.
85. ਸਿੱਖ ਕਲਾ, 156.
86. ਨਾਨਕ ਝੀਰਾ ਅਤੇ ਗੁਰਮਤਿ ਸ਼ਾਹ ਰਾਹ, 159.
87. ਰਾਜ ਕਰੇਗਾ ਖਾਲਸਾ, 160.
88. ਸੰਨ 1978 ਵਿਚ ਹੋਏ ਸਿੱਖਾਂ ਦੇ ਕਤਲਾਂ ਦਾ ਪਿਛੋਕੜ, 161
89. ਅਨੰਦੁ ਸਾਹਿਬ, 163.
90. ਸ੍ਰੀ ਗੁਰੂ ਅਰਜਨ ਦੇਵ ਜੀ ਦਾ ਵਿਸ਼ਵ ਪ੍ਰਤੀ ਰਿਣ, 165.
91. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਪਰਥਾਏ, 168.
92. ਸਿੱਖ ਅਦਾਰਿਆਂ ਦੇ ਪ੍ਰਬੰਧਕ ਚੁਣਨ ਬਾਰੇ ਗੁਰਮਤਿ ਨਿਰਣਾ, 169.
93. ਕਾਲ ਅਕਾਲ, 170.
94. ਨਉਨਿਧ ਨਾਮ ਗਰੀਬੀ ਪਾਈ, 172.
95. ਸਿੱਖੀ ਆਚਰਣ ਦੇ ਕੁਝ ਭੇਦ, 174[14].
96. ਨਨਕਾਣਾ ਸਾਹਿਬ ਦਰਸ਼ਨ, 175[15].
97. ਹਮ ਕਰਜ ਗੁਰੂ ਬਹੁ ਸਾਢੇ, 176.
98. ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ, 179.
99. ਕੇਸ ਅਤੇ ਸਿੱਖੀ ਰਹਿਤ, 181.
100. ਜਾਤ ਅਭਿਮਾਨ, 183.
101. ਜੇ ਤਿਸੁ ਭਾਵਾ, 186.
102. ਗੁਰੂ ਨਾਨਕ ਜੀਵਨ 'ਚੋਂ ਝਾਕੀਆਂ, 190.
103. ਸਿੱਖੀ ਗੌਰਵ ਦੀ ਘਾਟ, 192.
104. ਸ੍ਰੀ ਨਨਕਾਣਾ ਸਾਹਿਬ ਦਾ ਸ਼ਹੀਦੀ ਸਾਕਾ, 196.
105. ਸਿੱਖੀ ਗੌਰਵ ਕਿਵੇਂ ਬਹਾਲ ਹੋਵੇ, 198.
106. ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਖ਼ਸੀਅਤ, 199.
107. ਵਾਹਿਗੁਰੂ ਦੀ ਸਰਬਗਤਾ ਮੂਹਰੇ ਮਨੁਖ ਸਥਿਤੀ, 201.
108. ਸਿੱਖ ਪੰਥ ਪ੍ਰਤੀ ਭਾਰਤ ਸਰਕਾਰ ਦੀ ਨੀਤੀ, 203.
109. ਗੁਰੂ ਨਾਨਕ ਦੀਖਿਆ, 204.

---

14. ਅੰਗਰੇਜ਼ੀ ਅਨੁਵਾਦ ਲਈ ਵੇਖੋ : *Some Fundamentals of Sikh Way of Life*, ਟ੍ਰੈਕਟ ਨੰ. 367.
15. ਇਸ ਟ੍ਰੈਕਟ ਦੀ ਪੁਨਰ ਪ੍ਰਕਾਸ਼ਨਾ ਵੀ ਕੀਤੀ ਗਈ, ਵੇਖੋ : ਨਨਕਾਣਾ ਸਾਹਿਬ ਦਰਸ਼ਨ, ਟ੍ਰੈਕਟ ਨੰ. 356.

110. *ਸੰਨ 1709 ਤੋਂ 1760 ਸਮੇਂ ਸਿੱਖਾਂ ਦਾ ਆਚਾਰ ਤੇ ਰਹਿਣੀ ਬਹਿਣੀ*, 206.
111. ਸਿੱਖ ਯੋਜਨਾ ਅਤੇ ਇਸ ਦੀ ਸਫਲਤਾ ਦੇ ਉਪਾਉ, 209.
112. *ਗੁਰਦੁਆਰਾ ਪੰਜਾ ਸਾਹਿਬ ਤੇ ਪੰਥ ਦਾ ਕਬਜ਼ਾ ਅਤੇ ਮੇਲਾ ਕੋਟ ਭਾਈ ਥਾਨ ਸਿੰਘ*, 210.
113. *The Politics of Passion*, 211.
114. *A Rejoinder*, 215.
115. *ਸਿੱਖ ਬੱਚਿਆਂ ਦਾ ਮਨੋਰੰਜਨ*, 219.
116. *The Great Betrayal and The Panjab Tangle*, 224.
117. *ਧਰਮਾਂ ਅੰਦਰ ਚਿੰਨ੍ਹਾਂ ਦਾ ਮਹੱਤਵ ਤੇ ਖਾਲਸਾ ਸਰੂਪ*, 225.
118. *ਵਾਹਿਗੁਰੂ ਕੀ ਤੇ ਕਿਥੇ ਹੈ ਅਤੇ ਕਿਵੇਂ ਮਿਲਦਾ ਹੈ ?*, 226.
119. *ਨਿਕਸੁ ਰੇ ਪੰਖੀ ਸਿਮਰਿ ਹਰਿ ਪਾਂਖ*, 234.
120. *ਭਾਈ ਕਰਤਾਰ ਸਿੰਘ ਝੱਬਰ*, 236.
121. *ਭਾਈ ਕਰਤਾਰ ਸਿੰਘ ਝੱਬਰ*-II, 241.
122. *ਸ੍ਰੀ ਦਸ਼ਮੇਸ਼ ਦਰਸ਼ਨ*, 246.
123. *ਸਤਿਗੁਰ ਨਾਨਕ ਦੇਵ ਜੀ ਦਾ ਆਗਮਨ ਤੇ ਸੰਦੇਸ਼*, 249.
124. *ਭਾਈ ਕਰਤਾਰ ਸਿੰਘ ਝੱਬਰ*-III, 250.
125. *ਸ਼ਹੀਦ ਭਾਈ ਮਨੀ ਸਿੰਘ ਜੀ*, 256.
126. *ਹਰਿ ਜਸ ਤੁਮ ਸੰਗਿ ਗਾਵਨਾ*, 261.
127. *ਕਿਉਂ ਕੀਤੋ ਵੇਸਾਹੁ*-I, 264.
128. *ਗੁਰੂ ਨਾਨਕ ਦੇਵ ਜੀ ਦਾ ਸੰਗਤਿ ਦਾ ਸੰਕਲਪ*, 265.
129. *ਏਕੋ ਸਹਾਈ ਰਾਮ ਹੇ, ਕਿਵੇਂ ?*, 271.
130. *ਕਿਉਂ ਕੀਤੋ ਵੇਸਾਹੁ*-II, 272.
131. *ਕਿਉਂ ਕੀਤੋ ਵੇਸਾਹੁ*-III, 273
132. *ਭਾਈ ਕਰਤਾਰ ਸਿੰਘ ਝੱਬਰ*-IV, 274.
133. *ਕਿਉਂ ਕੀਤੋ ਵੇਸਾਹੁ* -IV, 277[16].
134. *ਗੁਰੂ ਬਾਣੀ ਅਤੇ ਭਗਤ ਬਾਣੀ*, 282.
135. *ਮਨ*, 284.
136. *ਗੁਰੂ ਨਾਨਕ ਬਾਣੀ ਦੀ ਵਡਿਆਈ*, 285.
137. *ਵਿਸ਼ਵ ਧਰਮਾਂ ਅੰਦਰ ਸਿੱਖ ਮਤ ਦੀ ਥਾਂ ਅਤੇ ਗੁਰੂ ਨਾਨਕ ਦੇਵ ਜੀ ਦੀ ਧਰਮ ਨੂੰ ਦੇਣ*, 291.
138. *ਝੂਠਾ ਮਦੁ ਮੂਲਿ ਨ ਪੀਚਈ*, 293.

16. ਇਨ੍ਹਾਂ ਚਾਰਾਂ ਭਾਗਾਂ ਨੂੰ ਮਿਲਾ ਕੇ ਬਾਅਦ ਵਿਚ ਪੁਸਤਕ ਰੂਪ ਵੀ ਦਿਤਾ ਗਿਆ, ਵੇਖੋ : *ਕਿਉਂ ਕੀਤੋ ਵੇਸਾਹੁ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1986.

139. ਖਾਲਸਾ ਸੰਭਾਲ ਆਪਣਾ ਵਿਰਸਾ, 300.
140. ਅੰਤਰਿ ਪ੍ਰੇਮ ਪਰਾਪਤਿ ਦਰਸ਼ਨ, 301.
141. A Case for The Originality and Uniqueness of Sikh Religion, 302.
142. ਖਾਲਸਾ ਪੰਥ ਦੇ ਇਤਿਹਾਸਕ ਗੁਰਦੁਆਰੇ, 305.
143. ਭਰਮ ਵਹਿਮ ਅਤੇ ਰਬ, 307.
144. ਮਨ ਤਨ ਭਏ ਅਰੋਗਾ, 308.
145. ਨ ਕੋ ਬੈਰੀ ਨਹੀ ਬਿਗਾਨਾ, 312.
146. ਮਨ ਨ ਡਿਗੈ ਤਨੁ ਕਾਹੇ ਕਉ ਡਰਾਇ, 314.
147. ਪੰਜਾਬ ਲੀਰੋ ਲੀਰ, 318.
148. ਮਨ ਦੇ ਰਾਮ ਲੀਆ ਹੈ ਮੋਲਿ, 320.
149. ਸੇ ਕੰਠਿ ਲਾਏ ਜਿ ਭੰਨਿ ਘੜਾਇ, 323.
150. ਗੁਰੂ ਗੋਬਿੰਦ ਸਿੰਘ ਸਾਹਿਬ ਦਾ ਧਰਮ ਨਿਰੂਪਨ, 324.
151. ਸਿੱਖ ਦਾ ਕਿਰਦਾਰ, 325[17].
152. ਅਰਦਾਸ ਦੀ ਵਡਿਆਈ, 327.
153. ਕਿਵ ਸਚਿਆਰਾ ਹੋਈਐ ਅਤੇ ਇਹੁ ਮਨ ਆਰਸੀ, 328.
154. ਵਰਤਮਾਨ ਕਾਲ ਦੇ ਕੁਝ ਸਿੱਖ ਇਤਿਹਾਸਕ ਤਥ, 330.
155. ਗੁਰੂ ਨਾਨਕ ਦੇਵ ਜੀ ਦੀ ਲੋਕ ਲਹਿਰ - I, 331.
156. ਗੁਰੂ ਨਾਨਕ ਦੇਵ ਜੀ ਦੀ ਲੋਕ ਲਹਿਰ - II, 333.
157. ਮਨੁੱਖੀ ਜੀਵਨ ਲਈ ਕੁਝ ਗੁਰਮਤਿ ਸੇਧਾਂ, 336.
158. ਅਗੈ ਕਿਆ ਜਾਣਾ ਨਾਹਿ ਮੈ, 338.
159. ਕੀ ਸਿੱਖ ਧਰਮ ਹਿੰਦੂ ਮਤ ਤੇ ਇਸਲਾਮ ਦਾ ਏਕੀਕਰਨ ਹੈ?, 339[18].
160. ਖਾਲਸਾ ਅਤੇ ਖਾਲਸਈ ਕਿਰਦਾਰ ਦੀ ਸੰਭਾਲ, 340.
161. ਅਕਲੀ ਸਾਹਿਬੁ ਸੇਵੀਐ, 341.
162. ਸਰਗੁਨ ਨਿਰਗੁਨ ਨਿਰੰਕਾਰ, 342.
163. Some Fundamentals to stop worrying, 344.
164. ਕੀ ਧਰਮ ਉਨਤੀ ਦੇ ਰਸਤੇ ਵਿਚ ਰੁਕਾਵਟ ਹੈ?, 345.
165. ਅਕਾਲੀ ਲਹਿਰ ਤੇ ਇਕ ਬਾਲਕ ਸ਼ਹੀਦ, 346.
166. ਅਰੋਗਤਾ ਵਿਧੀ ਅਤੇ ਇਸ ਦਾ ਗੁਰਮਤਿ ਆਧਾਰ, 347.
167. ਕਿਵੇਂ ਪਲਟਿਆ ਗਿਆ ਤਿਆਗੀ ਵੈਰਾਗੀ ਸਾਧ ਰਾਜ ਯੋਗੀ ਸੂਰਮੇ ਵਿਚ, 348.

---

17. ਅੰਗਰੇਜ਼ੀ ਅਨੁਵਾਦ ਲਈ ਵੇਖੋ : *The Sikh Character*, ਟ੍ਰੈਕਟ ਨੰ. 337.
18. ਅੰਗਰੇਜ਼ੀ ਅਨੁਵਾਦ ਲਈ ਵੇਖੋ : *Is Sikhism Synthesis of Islam & Hinduism?*, ਟ੍ਰੈਕਟ ਨੰ. 326.

168. ਵਾਹੁ ਖਸਮ ਤੂ ਵਾਹੁ, 350.
169. Singularity Versus Plurality, 351.
170. ਜਿਨਿ ਬੁਝਿਆ ਤਿਸੁ ਆਇਆ ਸ੍ਵਾਦ, 351[19].
171. ਖਾਲਸਾ ਇਕ ਪ੍ਰਵਾਰ, 353.
172. ਅਕ੍ਰਿਤਘਣਤਾ ਦਾ ਦੋਸ਼, 355.
173. ਸੁਰਤ ਦੀ ਕਰਾਮਾਤ, 357.
174. ਸ੍ਰੀ ਗੁਰੂ ਅਰਜਨ ਦੇਵ ਜੀ ਦੇ ਆਤਮਕ ਦਰਸ਼ਨ, 358.
175. A Gala of Sikh Killings and Sacrifices, 360.
176. ਕਿਆ ਥੋੜੜੀ ਬਾਤ ਗੁਮਾਨੁ, 361.
177. ਸੰਤ ਸਿਪਾਹੀ ਭਾਈ ਮਹਾਰਾਜ ਸਿੰਘ ਜੀ, 365.
178. ਫਰਾਖ ਦਿਲੀ, 366.
179. ਗੁਰੂ ਗੋਬਿੰਦ ਸਿੰਘ ਸਾਹਿਬ, 370.
180. ਜਾਗੋ ਜਾਗੋ ਸੁਤਿਓ, 371.
181. ਗੁਰੂ ਗੋਬਿੰਦ ਸਿੰਘ ਤੇ ਬੰਦਾ ਸਿੰਘ ਬਹਾਦਰ, 372.
182. ਗੁਰਸਿੱਖਾਂ ਦੀ ਦਿਤੀ ਬਲੀ, 373.
183. ਭਗਤੀ ਅਤੇ ਸ਼ਕਤੀ, 375.
184. Sikh Culminates in Khalsa, 376.
185. ਸ੍ਰੀ ਨਾਮਦੇਵ ਅਤੇ ਭਗਤ ਰਵਿਦਾਸ ਜੀ, 378.
186. ਸੰਸਾਰ ਰੋਗੀ ਨਾਮੁ ਦਾਰੂ, 379.
187. ਗੁਰੂ ਨਾਨਕ ਦੇਵ ਦਾ ਕ੍ਰਾਂਤੀਕਾਰੀ ਅੰਦੋਲਨ, 380.
188. ਸ੍ਰ. ਹਰੀ ਸਿੰਘ ਨਲਵਾ, 385[20].
189. ਬਾਬਾ ਸ਼ੇਖ ਫਰੀਦ ਸ਼ਕਰਗੰਜ, 386.
190. ਕੀ ਸ੍ਰੀ ਗੁਰੂ ਅਰਜਨ ਦੇਵ ਜੀ ਦੁਰਗਾ ਦੇ ਪੁਜਾਰੀ ਸਨ?, 388.
192. Guru Nanak Jhira, 389.
193. Betrayal of Trust! The Sikh Tragedy in Free India, 390.
194. ਸੰਤ ਬਾਬਾ ਅਤਰ ਸਿੰਘ ਜੀ ਦੇ 'ਅੰਦਰਿ ਨਾਮੁ ਨਿਧਾਨੁ ਹਰਿ' ਦੀ ਵਾਰਤਾ, 391.
195. ਨਨਕਾਣਾ ਸਾਹਿਬ ਦੇ ਬੀਤੇ ਸਮੇਂ ਤੇ ਇਕ ਝਾਤ, 395.
196. ਏਕਲੜੀ ਬਨ ਮਾਹਿ, 396.
197. ਮਨ ਹਰਿ ਜੀ ਤੇਰੇ ਨਾਲਿ ਹੈ, 397.
198. ਹਉਮੈ ਦਾ ਪੈਖੜ ਕਿਵੇਂ ਖੁਲ੍ਹੇ?, 400.

---

19. ਇਸ ਟ੍ਰੈਕਟ ਦੇ ਸਿਰਲੇਖ ਵਾਲੇ ਪੰਨੇ 'ਤੇ ਪਰੂਫ ਦੀ ਗਲਤੀ ਨਾਲ ਟ੍ਰੈਕਟ ਨੰ. 351 ਛਪਿਆ ਹੈ, ਜਦੋਂ ਕਿ ਇਸ ਦਾ ਲੜੀ ਅਨੁਸਾਰ ਨੰਬਰ 352 ਬਣਦਾ ਹੈ।
20. ਅੰਗਰੇਜ਼ੀ ਅਤੇ ਹਿੰਦੀ ਅਨੁਵਾਦ ਲਈ ਵੇਖੋ : *Hari Singh Nalwa*, ਟ੍ਰੈਕਟ ਨੰ. 392, *स. हरी सिंह नलवा,* ਟ੍ਰੈਕਟ ਨੰ. 393.

199. *ਰੰਗਲਾ ਪੰਜਾਬ ਲੀਰੋ ਲੀਰ ਕਿਵੇਂ ਹੋਇਆ*, 401.
200. *ਗੁਰੂ ਬਾਣੀ ਦੇ ਕੁਝ ਵਿਸ਼ੇਸ਼ ਫੁਰਮਾਨ*, 406.
201. *ਮਨ ਰੇ ਕਿਉ ਛੂਟਹਿ ਬਿਨੁ ਪਿਆਰ*, 410.
202. *ਸਿੱਖੀ ਪਿਆਰੀ ਕਿ ਜਾਤ ਪਿਆਰੀ*, 411.
203. *ਨਦਰ ਕਰਮ ਤੇ ਭਾਗ*, ਟ੍ਰੈਕਟ ਨੰ. 415.
204. *ਸ਼ਹੀਦੀ*, 417.
205. *ਗੁਰਸਿਖੀ ਦੀ ਵਡਿਆਈ*, 428.
206. *ਹੁਕਮੁ ਅਤੇ ਹਉਮੈ*, 433.
207. *ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਕਿਵੇਂ ਦਿਤੀ ਜਾਵੇ*

ਸਰਦਾਰ ਨਰੈਣ ਸਿੰਘ ਦੇ ਵਖ-ਵਖ ਉਪਲਬਧ ਰਸਾਲਿਆਂ/ਪਤ੍ਰਿਕਾਵਾਂ ਵਿਚ ਪ੍ਰਕਾਸ਼ਿਤ ਹੋਏ ਲੇਖ :

ਜੀਵਨ ਪ੍ਰੀਤੀ, ਪਟਿਆਲਾ

1. *ਪਿੰਡ ਦਾ ਸੁਧਾਰ*, ਮਾਰਚ, 1959, ਪੰਨਾ 20.
2. *ਸਭਿ ਮਹਿ ਜੋਤਿ ਜੋਤਿ ਹੈ ਸੋਇ*, ਅਪ੍ਰੈਲ, 1959, ਪੰਨਾ 33.
3. *ਜਿਨਿ ਚਾਖਿਆ ਸੇਈ ਸਾਦੁ ਜਾਣਨਿ*, ਜੁਲਾਈ, 1959, ਪੰਨਾ 23.
4. *ਇਹੁ ਮਨੁ ਆਰਸੀ*, ਅਗਸਤ, 1959, ਪੰਨਾ 27.
5. *ਪਿਆਰ*, ਸਤੰਬਰ, 1959, ਪੰਨਾ 27.
6. *ਜਪੁ ਜੀ ਸਾਹਿਬ*, ਅਕਤੂਬਰ, 1959, ਪੰਨਾ 26[21].
7. *ਆਸਾ ਦੀ ਵਾਰ*, ਨਵੰਬਰ, 1959, ਪੰਨਾ 23[22].
8. *ਆਸਾ ਦੀ ਵਾਰ*, ਦਸੰਬਰ, 1959, ਪੰਨਾ 24.
9. *ਆਸਾ ਦੀ ਵਾਰ*, ਜਨਵਰੀ, 1960, ਪੰਨਾ 23.
10. *ਆਪਨ ਕਰਮ ਆਪੇ ਹੀ ਬੰਧ*, ਫਰਵਰੀ, 1960, ਪੰਨਾ 27.
11. *ਔਲਿੰਪਿਕ ਜੋਤ*, ਮਾਰਚ, 1960, ਪੰਨਾ 10.
12. *ਵੈਰਾਗ ਤੋਂ ਖੇੜਾ*, ਮਾਰਚ, 1960, ਪੰਨਾ 27.
13. *ਬਾਰਹ ਮਾਹ*, ਅਪ੍ਰੈਲ, 1960, ਪੰਨਾ 27[23].
14. *ਅਨੰਦ ਵਿਆਹ*, ਜੂਨ, 1960, ਪੰਨਾ 23.
15. *ਅਨੰਦ ਵਿਆਹ*, ਜੁਲਾਈ, 1960, ਪੰਨਾ 21.
16. *ਕੁਰਕੂਸ਼ੇਤਰ ਦੇ ਕੰਢੇ ਤੋਂ*, ਅਪ੍ਰੈਲ, 1960, ਪੰਨਾ 11.
17. *ਜੇ ਮੈਂ ਬੱਚਾ ਹੁੰਦਾ*, ਅਕਤੂਬਰ, 1960, ਪੰਨਾ 23.

---

21. ਇਹ ਲੇਖ ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ ਵਲੋਂ ਟ੍ਰੈਕਟ ਰੂਪ ਵਿਚ ਵੀ ਪ੍ਰਕਾਸ਼ਿਤ ਹੋਇਆ ਹੈ, ਵੇਖੋ- ਟ੍ਰੈਕਟ ਨੰ. 56.
22. ਇਹ ਲੇਖ ਲੜੀ ਵਾਰ ਤਿੰਨ ਹਿਸਿਆਂ ਵਿਚ ਪ੍ਰਕਾਸ਼ਿਤ ਹੋਇਆ ਹੈ. ਵੇਖੋ : ਲੜੀ ਨੰ. 7, 8, 9.
23. ਇਹ ਲੇਖ *ਆਲੋਚਨਾ* ਦੇ ਅੰਕ ਜਨਵਰੀ, 1960 ਤੇ *ਸਾਹਿਤ ਸਮਾਚਾਰ* ਦੇ ਅੰਕ ਨਵੰਬਰ, 1972 ਵਿਚ ਵੀ ਪ੍ਰਕਾਸ਼ਿਤ ਹੋਇਆ ਹੈ।

18. ਘਰਿ ਮਹਿ ਸੁਖ, ਜੂਨ, 1961, ਪੰਨਾ 15.
19. ਮੈਨੂੰ ਕੋਈ ਆਖੇ ਨਾ, ਅਗਸਤ, 1961, ਪੰਨਾ 25.
20. ਇਸਤਰੀ ਦੀ ਯੋਗਤਾ, ਅਕਤੂਬਰ, 1961.
21. ਮਰਣੁ ਮੁਣਸਾ ਸੂਰਿਆ ਹਕੁ ਹੈ, ਮਾਰਚ, 1962, ਪੰਨਾ 15.
22. ਸ਼ਹੀਦਾਂ ਦੀ ਯਾਦ, ਮਾਰਚ, 1962, ਪੰਨਾ 41.
23. ਦੇਗ ਤੇਗ, ਅਪ੍ਰੈਲ, 1962, ਪੰਨਾ 35.
24. ਮਹੀਆਂ ਦੋ ਛੇੜ, ਜੂਨ, 1962, ਪੰਨਾ 23.
25. ਆਪਣਾ ਕੌਣ ਤੇ ਪਰਾਇਆ ਕੌਣ, ਅਕਤੂਬਰ, 1962, ਪੰਨਾ 14.
26. ਸਰਦਾਰ ਕਰਤਾਰ ਸਿੰਘ ਝੱਬਰ, ਜਨਵਰੀ, 1963, ਪੰਨਾ 19[24].
27. ਬਚਨ ਦੇ ਬਲੀ, ਮਾਰਚ, 1963, ਪੰਨਾ 43.
28. ਇਨਕਲਾਬੀ ਵੈਸਾਖੀ, ਅਪ੍ਰੈਲ, 1963, ਪੰਨਾ 31[25].
29. ਸਤਿਗੁਰੂ, ਅਪ੍ਰੈਲ, 1963, ਪੰਨਾ 35.
30. ਪ੍ਰਚਾਰ ਦੀ ਘਾਟ, ਅਪ੍ਰੈਲ, 1963, ਪੰਨਾ 71.
31. ਪ੍ਰਚਾਰ ਦੀ ਘਾਟ, ਜੁਲਾਈ, 1963, ਪੰਨਾ 17.
32. ਇਕ ਚਿੱਠੀ, ਜੁਲਾਈ, 1963, ਪੰਨਾ 46.
33. ਅਧਿਆਪਕਾਂ ਦੇ ਧਿਆਨ ਯੋਗ, ਅਗਸਤ, 1963, ਪੰਨਾ 21.
34. ਮੈਂ ਸਿੱਖ ਕਿਉਂ ਹਾਂ, ਨਵੰਬਰ, 1963, ਪੰਨਾ 15[26].
35. ਅਸੀਂ ਕਿਧਰ ਨੂੰ, ਜੂਨ, 1964, ਪੰਨਾ 26.
36. ਅਸੀਂ ਕਿਧਰ ਨੂੰ, ਜੁਲਾਈ, 1964, ਪੰਨਾ 19.
37. ਅਸੀਂ ਕਿਧਰ ਨੂੰ, ਅਗਸਤ, 1964, ਪੰਨਾ 16.
38. ਤੀਨਿ ਸੇਰ ਕਾ ਦਿਹਾੜੀ ਮਿਹਮਾਨੁ, ਅਪ੍ਰੈਲ-ਮਈ, 1986, ਪੰਨਾ 9.
39. ਗੁਰਦੁਆਰੇ : ਉਨ੍ਹਾਂ ਦਾ ਪ੍ਰਬੰਧ, ਜੁਲਾਈ, 1987, ਪੰਨਾ 3.
40. ਅਕਲੀ ਸਾਹਿਬੁ ਸੇਵੀਐ, ਅਪ੍ਰੈਲ, 1989, ਪੰਨਾ 5[27].
41. ਅਕ੍ਰਿਤਘਣਤਾ ਦਾ ਦੋਸ਼, ਜੁਲਾਈ, 1989, ਪੰਨਾ 3[28].

ਪੰਜਾਬੀ ਦੁਨੀਆ, ਪਟਿਆਲਾ

42. ਗੁਰੂ ਅੰਗਦ ਦੇਵ ਜੀ ਦੀ ਬਾਣੀ, ਜੂਨ, 1960, ਪੰਨਾ 12.
43. ਭਗਤ ਰਵਿਦਾਸ ਜੀ ਦੀ ਰਚਨਾ, ਦਸੰਬਰ, 1960, ਪੰਨਾ 26.

---

24. ਇਹ ਲੇਖ ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ ਵਲੋਂ ਟ੍ਰੈਕਟ ਰੂਪ ਵਿਚ ਵੀ ਪ੍ਰਕਾਸ਼ਿਤ ਹੋਇਆ ਹੈ, ਵੇਖੋ : ਟ੍ਰੈਕਟ ਨੰ. 236, 241, 250, 274.
25. ਉਹੀ, ਵੇਖੋ : ਟ੍ਰੈਕਟ ਨੰ. 134.
26. ਉਹੀ, ਵੇਖੋ : ਟ੍ਰੈਕਟ ਨੰ. 2.
27. ਉਹੀ, ਵੇਖੋ : ਟ੍ਰੈਕਟ ਨੰ. 341.
28. ਉਹੀ, ਵੇਖੋ : ਟ੍ਰੈਕਟ ਨੰ. 355.

44. *ਗੁਰਬਾਣੀ ਤੇ ਕੁਦਰਤ*, ਅਪ੍ਰੈਲ, 1961, ਪੰਨਾ 46.
45. *ਗੁਰੂ ਅਮਰਦਾਸ ਜੀ ਦੀ ਰਚਨਾ*, ਅਕਤੂਬਰ, 1961, ਪੰਨਾ 64.
46. *ਗੁਰੂ ਰਾਮਦਾਸ ਜੀ ਦਾ ਗੁਰੂ*, ਅਕਤੂਬਰ-ਨਵੰਬਰ, 1962, ਪੰਨਾ 19.
47. *ਗੁਰਬਾਣੀ ਪਾਠ*, ਅਗਸਤ, 1963, ਪੰਨਾ 1.
48. *ਵਾਰਿਸ ਤੇ ਗੁਰੂ ਬਾਣੀ*, ਜਨਵਰੀ-ਫਰਵਰੀ, 1964, ਪੰਨਾ 255.
49. *ਗੁਰਬਾਣੀ ਅੰਦਰ ਰਹੱਸ ਤੇ ਯਥਾਰਥਕਤਾ*, ਅਕਤੂਬਰ, 1964, ਪੰਨਾ 28.
50. *ਗੁਰਮਤਿ ਤੇ ਭਗਤੀ*, ਸਤੰਬਰ-ਅਕਤੂਬਰ, 1965, ਪੰਨਾ 154.
51. *ਗੁਰਬਾਣੀ ਦੀ ਅਲੋਚਨਾ*, ਅਗਸਤ, 1966, ਪੰਨਾ 36.
52. *ਗੁਰੂ ਨਾਨਕ ਦੇਵ ਬਾਣੀ ਦਾ ਵਿਸ਼ਾ*, ਜਨਵਰੀ-ਫਰਵਰੀ, 1970, ਪੰਨਾ 41[29].

ਆਲੋਚਨਾ, ਲੁਧਿਆਣਾ

53. *ਕਬੀਰ ਜੀ ਦੀ ਰਚਨਾ*, ਦਸੰਬਰ, 1960.
54. *ਬਾਰਹ ਮਾਹਾ (ਤੁਖਾਰੀ ਤੇ ਮਾਝ)*, ਜਨਵਰੀ, 1960[30].

ਗੁਰਮਤਿ ਪ੍ਰਕਾਸ਼, ਅੰਮ੍ਰਿਤਸਰ

55. *ਕੀ ਸਿੱਖ ਧਰਮ ਇਸਲਾਮ ਅਤੇ ਹਿੰਦੂ ਮਤ ਦਾ ਏਕੀਕਰਨ ਹੈ*, ਫਰਵਰੀ, 1989[31].
56. *ਸ਼ਹੀਦੀ ਸਾਕਾ ਸ੍ਰੀ ਨਨਕਾਣਾ ਸਾਹਿਬ*, ਫਰਵਰੀ, 1990[32].
57. *ਗੁਰੂ ਨਾਨਕ ਬਾਣੀ ਦਾ ਵਿਸ਼ਾ*, ਨਵੰਬਰ, 1990[33].
58. *ਮੋਰਚਾ ਗੰਗਸਰ ਜੈਤੋਂ : ਇਤਿਹਾਸਕ ਪੱਖ*, ਜੁਲਾਈ, 1992[34].

ਸਾਹਿਤ ਸਮਾਚਾਰ, ਲੁਧਿਆਣਾ

59. *ਬਾਰਹ ਮਾਹਾ (ਤੁਖਾਰੀ ਤੇ ਮਾਝ)*, ਨਵੰਬਰ, 1972[35].

ਗੁਰਮਤਿ, ਲੁਧਿਆਣਾ

60. *ਜਪੁ ਸੰਦੇਸ਼*, ਸਤੰਬਰ, 1956[36].

---

29. ਇਹ ਲੇਖ *ਗੁਰਮਤਿ ਪ੍ਰਕਾਸ਼* ਦੇ ਅੰਕ ਨਵੰਬਰ, 1990 ਵਿਚ ਵੀ ਪ੍ਰਕਾਸ਼ਿਤ ਹੋਇਆ ਹੈ।
30. ਇਹ ਲੇਖ *ਜੀਵਨ ਪ੍ਰੀਤੀ* ਦੇ ਅੰਕ ਅਪ੍ਰੈਲ, 1960 ਅਤੇ *ਸਾਹਿਤ ਸਮਾਚਾਰ* ਦੇ ਅੰਕ ਨਵੰਬਰ, 1972 ਵਿਚ ਵੀ ਪ੍ਰਕਾਸ਼ਿਤ ਹੋਇਆ ਹੈ।
31. ਇਹ ਲੇਖ ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ ਵਲੋਂ ਟ੍ਰੈਕਟ ਰੂਪ ਵਿਚ ਵੀ ਪ੍ਰਕਾਸ਼ਿਤ ਹੋਇਆ ਹੈ, ਵੇਖੋ ਟ੍ਰੈਕਟ ਨੰ. 339.
32. ਇਹ ਲੇਖ *ਸੂਰਾ* ਦੇ ਅੰਕ ਫਰਵਰੀ, 1980 ਅਤੇ ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ ਵਲੋਂ ਟ੍ਰੈਕਟ ਰੂਪ ਵਿਚ ਵੀ ਪ੍ਰਕਾਸ਼ਿਤ ਹੋਇਆ ਹੈ, ਵੇਖੋ : ਟ੍ਰੈਕਟ ਨੰ. 196.
33. ਇਹ ਲੇਖ *ਪੰਜਾਬੀ ਦੁਨੀਆ* ਦੇ ਅੰਕ ਜਨਵਰੀ-ਫਰਵਰੀ, 1970 ਵਿਚ ਵੀ ਪ੍ਰਕਾਸ਼ਿਤ ਹੋਇਆ ਹੈ।
34. ਇਹ ਲੇਖ ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ ਵਲੋਂ ਟ੍ਰੈਕਟ ਰੂਪ ਵਿਚ ਵੀ ਪ੍ਰਕਾਸ਼ਿਤ ਹੋਇਆ ਹੈ, ਵੇਖੋ : ਟ੍ਰੈਕਟ ਨੰ. 96.
35. ਇਹ ਲੇਖ ਪਿਛੇ ਦਸੇ ਅਨੁਸਾਰ *ਆਲੋਚਨਾ* ਤੇ *ਜੀਵਨ ਪ੍ਰੀਤੀ* ਵਿਚ ਵੀ ਪ੍ਰਕਾਸ਼ਿਤ ਹੋਇਆ ਹੈ।
36. ਇਹ ਲੇਖ *ਜੀਵਨ ਪ੍ਰੀਤੀ* ਦੇ ਅੰਕ ਅਕਤੂਬਰ, 1959 ਅਤੇ ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ ਵਲੋਂ ਟ੍ਰੈਕਟ ਰੂਪ ਵਿਚ ਵੀ ਪ੍ਰਕਾਸ਼ਿਤ ਹੋਇਆ ਹੈ, ਵੇਖੋ : ਟ੍ਰੈਕਟ ਨੰ. 56.

61. *ਪੰਥ ਦੀ ਵਰਤਮਾਨ ਦਸ਼ਾ*, ਅਕਤੂਬਰ, 1956.
62. *ਪੰਥ ਦੀ ਵਰਤਮਾਨ ਦਸ਼ਾ*, ਨਵੰਬਰ, 1956.
63. *ਪੰਥ ਦੀ ਵਰਤਮਾਨ ਦਸ਼ਾ*, ਦਸੰਬਰ, 1956.

ਸਿੰਘ ਸਭਾ ਪਤ੍ਰਿਕਾ, ਅੰਮ੍ਰਿਤਸਰ

64. *ਧਰਮਾਂ ਅੰਦਰ ਚਿੰਨ੍ਹਾਂ ਦਾ ਮਹੱਤਵ*, ਜੂਨ, 1976[37].
65. *ਗੁਰਬਾਣੀ ਦਾ ਸ਼ੁਧ ਪਾਠ*, ਅਗਸਤ, 1977.
66. *ਭਾਈ ਹੀਰਾ ਸਿੰਘ ਜੀ ਦੀ ਯਾਦ*, ਦਸੰਬਰ, 1979.
67. *ਭਾਈ ਜਵਾਲਾ ਸਿੰਘ ਰਾਗੀ*, ਜਨਵਰੀ-ਫਰਵਰੀ, 1986.

ਸੂਰਾ, ਅੰਮ੍ਰਿਤਸਰ

68. *ਨਨਕਾਣਾ ਸਾਹਿਬ ਦਾ ਸ਼ਹੀਦੀ ਸਾਕਾ*, ਫਰਵਰੀ, 1980[38].
69. *ਸਿੱਖੀ ਗੌਰਵ ਕਿਵੇਂ ਬਹਾਲ ਹੋਵੇ*, ਅਗਸਤ, 1981[39].
70. *ਦੋ ਹੰਝੂ ਭਰੇ ਸ਼ਬਦ*, ਮਈ, 1982.
71. *ਜਬੈ ਬਾਣ ਲਾਗਯੋ ਤਬੈ ਰੋਸ ਜਾਗਯੋ*, ਫਰਵਰੀ, 1986.
72. *ਭਾਰਤ ਅੰਦਰ ਮੌਜੂਦਾ ਸਿੱਖ ਸਥਿਤੀ*, ਮਾਰਚ, 1986.
73. *ਸਿੱਖਾਂ ਦੀ ਮਾਰਸ਼ਲ ਸਪੀਰਿਟ ਤੇ ਕੁਰਬਾਨੀ ਦਾ ਜਜ਼ਬਾ*, ਜੂਨ, 1986.
74. *ਕਾਂਗਰਸ ਅਤੇ ਨੇਤਾਵਾਂ ਵਲੋਂ ਸਿੱਖਾਂ ਨਾਲ ਵਾਹਿਦੇ*, ਜੁਲਾਈ, 1986.
75. *ਸਿੱਖਾਂ ਪ੍ਰਤੀ ਹਿੰਦੂ-ਬ੍ਰਾਹਮਣ ਵਿਰੋਧੀ ਰੋਲ*, ਅਗਸਤ, 1986.
76. *ਵੇਖ ਕੇ ਅਣਡਿਠ ਕੀਤਾ*, ਸਤੰਬਰ, 1986.
77. *ਭਾਰਤ ਸਰਕਾਰ ਦੇ ਧਰਮ ਨਿਰਪਖਤਾ ਦੇ ਦਾਅਵੇ*, ਨਵੰਬਰ, 1986.
78. *ਗੁਰਦੁਆਰਾ ਐਕਟ*, ਦਸੰਬਰ, 1986.
79. *ਗੁਰੂ, ਗੁਰਦੁਆਰਾ, ਸੰਗਤ ਅਤੇ ਸਿੱਖ*, ਫਰਵਰੀ, 1987.
80. *ਆਪਸੀ ਵਿਰੋਧ ਦਾ ਮੁਖ ਕਾਰਨ*, ਮਾਰਚ, 1987.
81. *ਗੁਰਸਿਖੀ ਜ਼ਬਤ*, ਅਪ੍ਰੈਲ, 1987.
82. *ਦੇਖਾ ਦੇਖੀ ਫੈਸ਼ਨ, ਸਿਨੇਮਾ ਤੇ ਟੈਲੀਵਿਯਨ*, ਮਈ, 1987[40].

---

37. ਇਹ ਲੇਖ ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ ਵਲੋਂ ਟ੍ਰੈਕਟ ਰੂਪ ਵਿਚ ਵੀ ਪ੍ਰਕਾਸ਼ਿਤ ਹੋਇਆ ਹੈ, ਵੇਖੋ : ਟ੍ਰੈਕਟ ਨੰ. 225.
38. ਇਹ ਲੇਖ *ਗੁਰਮਤਿ ਪ੍ਰਕਾਸ਼* ਦੇ ਅੰਕ ਫਰਵਰੀ, 1990 ਅਤੇ ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ ਵਲੋਂ ਟ੍ਰੈਕਟ ਰੂਪ ਵਿਚ ਵੀ ਪ੍ਰਕਾਸ਼ਿਤ ਹੋਇਆ ਹੈ, ਵੇਖੋ : ਟ੍ਰੈਕਟ ਨੰ. 196, ਇਸ ਤੋਂ ਬਿਨ੍ਹਾਂ ਇਹ ਇਸੇ ਪਤ੍ਰਿਕਾ ਦੇ ਅੰਕ ਫਰਵਰੀ,1988 ਵਿਚ ਵੀ ਪ੍ਰਕਾਸ਼ਿਤ ਹੋਇਆ ਹੈ।
39. ਇਹ ਲੇਖਕ ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ ਵਲੋਂ ਟ੍ਰੈਕਟ ਰੂਪ ਵਿਚ ਵੀ ਪ੍ਰਕਾਸ਼ਿਤ ਹੋਇਆ ਹੈ, ਵੇਖੋ : ਟ੍ਰੈਕਟ ਨੰ. 198.
40. ਇਹ ਲੇਖ ਸਰਦਾਰ ਨਰੈਣ ਸਿੰਘ ਦੀ ਪੁਸਤਕ *ਸਿੱਖ ਵੀਰਾਂ ਨੂੰ ਹਲੂਣਾ* ਵਿਚ ਵੀ ਮੌਜੂਦ ਹੈ।

84. *ਸਿੱਖ ਦੇ ਨਿਆਰੇਪਣ ਨੂੰ ਵੰਗਾਰਣ ਦਾ ਸਿੱਟਾ*, ਸਤੰਬਰ, 1987.
85. *ਮਿਸ਼ਰਾ ਕਮਿਸ਼ਨ ਦੀ ਕਾਰਗੁਜ਼ਾਰੀ*, ਅਕਤੂਬਰ, 1987.
86. *ਨਾ ਕੋ ਬੈਰੀ ਨਹੀ ਬਿਗਾਨਾ*, ਅਕਤੂਬਰ, 1987.
87. *ਨਨਕਾਣਾ ਸਾਹਿਬ ਦਾ ਸ਼ਹੀਦੀ ਸਾਕਾ*, ਫਰਵਰੀ, 1988[41].
88. *ਨਨਕਾਣਾ ਸਾਹਿਬ ਦਾ ਸ਼ਹੀਦੀ ਸਾਕਾ–2*, ਮਾਰਚ, 1988.
89. *ਨਨਕਾਣਾ ਸਾਹਿਬ ਦਾ ਸ਼ਹੀਦੀ ਸਾਕਾ–3*, ਅਪ੍ਰੈਲ, 1988.
90. *ਨਨਕਾਣਾ ਸਾਹਿਬ ਦਾ ਸ਼ਹੀਦੀ ਸਾਕਾ–4*, ਮਈ, 1988.
91. *ਗੁਰੂ ਅਰਜਨ ਵਿਟਹੁ ਕੁਰਬਾਨੀ*, ਜੂਨ, 1988[42].
92. *ਅਨੋਖਾ ਜੋੜਾ (ਬਾਬਣੀਆਂ ਕਹਾਣੀਆਂ)*, ਜੁਲਾਈ 1988.
93. *ਸ੍ਰੀ ਹਰਿਮੰਦਰ ਸਾਹਿਬ ਤੇ ਪੰਥਕ ਕਬਜ਼ਾ*, ਅਗਸਤ, 1988.
94. *ਸ੍ਰੀ ਹਰਿਮੰਦਰ ਸਾਹਿਬ ਤੇ ਪੰਥਕ ਕਬਜ਼ਾ*, ਸਤੰਬਰ, 1988.
95. *ਸ੍ਰੀ ਅਕਾਲ ਤਖ਼ਤ ਸਾਹਿਬ ਤੇ ਨਿਹੰਗ ਸਿੰਘਾਂ ਦੀ ਬੁਰਛਾਗਰਦੀ*, ਅਕਤੂਬਰ, 1988.
96. *ਗੁਰੂ ਗੋਬਿੰਦ ਸਿੰਘ ਜੀ ਦਾ ਖਾਲਸਾ ਪਰਿਵਾਰ*, ਜਨਵਰੀ, 1989.
97. *ਗੁਰਦੁਆਰਾ ਪੰਜਾ ਸਾਹਿਬ 'ਤੇ ਕਬਜ਼ਾ*, ਮਾਰਚ, 1989.
98. *ਗੁਰਦੁਆਰਾ ਪੰਜਾ ਸਾਹਿਬ 'ਤੇ ਕਬਜ਼ਾ –II*, ਮਈ, 1989.
99. *ਮਹਾਨ ਸ਼ਹੀਦੀ ਸਮੇਂ ਅਡੋਲਤਾ ਦਾ ਆਧਾਰ*, ਜੂਨ, 1989.
100. *ਖਾਲਸਾ ! ਆਪਣੀ ਜੀਵਨ ਜੁਗਤਿ ਸੰਭਾਲ*, ਦਸੰਬਰ, 1989.
101. *ਬਖਸ਼ੰਦ ਸਤਿਗੁਰੂ*, ਜਨਵਰੀ, 1990.
102. *ਅੰਮ੍ਰਿਤ ਦਾਤਾ ਦਾ ਖਾਲਸੇ ਨੂੰ ਉਪਦੇਸ਼*, ਅਪ੍ਰੈਲ, 1990.
103. *ਕਾਨਵੈਂਟ ਸਕੂਲਾਂ 'ਚ ਪੜ੍ਹਦੇ ਸਿੱਖ ਬੱਚੇ*, ਜੁਲਾਈ, 1990.
104. *ਸਿੱਖ ਕਰਨ ਤਾਂ ਕੀ ਕਰਨ?* ਸਤੰਬਰ, 1990.
105. *ਖਾਲਸਾ ਸੰਭਾਲ ਆਪਣਾ ਵਿਰਸਾ*, ਅਕਤੂਬਰ, 1990[43].
106. *ਖਾਲਸੇ ਦੀ ਚੜ੍ਹਦੀ ਕਲਾ ਕਿਵੇਂ ਹੋਵੇ*, ਮਾਰਚ, 1991.
107. *ਗੁਰੂ ਨਾਨਕ ਦੇਵ ਜੀ ਦਾ ਆਗਮਨ*, ਨਵੰਬਰ, 1991.

ਰੋਜ਼ਾਨਾ ਚੜ੍ਹਦੀਕਲਾ, ਪਟਿਆਲਾ

108. *ਗੁਰਮਤਿ ਦੀ ਵਿਸ਼ੇਸ਼ਤਾ*, 1, ਦਸੰਬਰ, 1993, ਪੰਨਾ 5.

---

41. ਇਹ ਲੇਖ ਕਈ ਰਸਾਲਿਆਂ ਵਿਚ ਪ੍ਰਕਾਸ਼ਿਤ ਕੀਤਾ ਗਿਆ ਹੈ, ਜਿਵੇਂ *ਗੁਰਮਤਿ ਪ੍ਰਕਾਸ਼* ਦੇ ਅੰਕ ਫਰਵਰੀ, 1990 ਵਿਚ। ਇਸ ਤੋਂ ਬਿਨਾਂ ਇਹ ਲੇਖ ਇਸੇ ਪਤ੍ਰਿਕਾ ਦੇ ਅੰਕ ਫਰਵਰੀ, 1980 ਵਿਚ ਵੀ ਪ੍ਰਕਾਸ਼ਿਤ ਹੋਇਆ ਹੈ।
42. ਇਹ ਲੇਖ ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ ਵਲੋਂ ਟ੍ਰੈਕਟ ਰੂਪ ਵਿਚ ਵੀ ਪ੍ਰਕਾਸ਼ਿਤ ਹੋਇਆ ਹੈ, ਵੇਖੋ: ਟ੍ਰੈਕਟ ਨੰ. 152.
43. ਉਹੀ, ਵੇਖੋ : ਟ੍ਰੈਕਟ ਨੰ. 300.

ਸਿੱਖ ਵਿਸ਼ਵਕੋਸ਼ ਵਿਚ ਅੰਦਰਾਜ਼[44]

109. *ਨਨਕਾਣਾ ਸਾਹਿਬ*, ਜਿਲਦ-3, ਪੰਨੇ 199-202.

ਮੁਖ ਬੰਦ (ਕਿਤਾਬ)

110. ਜਗਤ ਸਿੰਘ ਮੇਜਰ, *ਅਰਦਾਸ*, ਇੰਸਟੀਚਿਊਟ ਆਫ ਗੁਰਮਤਿ ਸਟੀਡੀਜ਼, ਨਵੀਂ ਦਿੱਲੀ, 1980.

ਵਰਗੀਕਰਨ

ਕਿਸੇ ਵੀ ਸਾਹਿਤਕਾਰ ਦੀਆਂ ਰਚਨਾਵਾਂ ਦਾ ਵਰਗੀਕਰਨ ਕਰਨਾ ਉਸ ਦੀ ਸਾਹਿਤਕ ਰੁਚੀ ਤੇ ਪ੍ਰਤਿਭਾ ਦੀ ਦੇਣ ਦੇ ਖੇਤਰ ਨੂੰ ਜਾਣਨ ਵਿਚ ਸਹਾਈ ਹੁੰਦਾ ਹੈ। ਵਿਗਿਆਨਿਕ ਵਿਧੀ ਅਨੁਸਾਰ ਵਰਗੀਕਰਨ ਕਰਨ ਦੀਆਂ ਚਾਰ ਮੁਖ ਕਿਸਮਾਂ ਮੰਨੀਆਂ ਜਾਂਦੀਆਂ ਹਨ :

(i) ਕਾਲ ਕ੍ਰਮਾਨੁਸਾਰ
(ii) ਵਿਸ਼ਾ ਕ੍ਰਮਾਨੁਸਾਰ
(iii) ਆਕਾਰ/ਬਣਤਰ ਅਨੁਸਾਰ
(iv) ਭੂਗੋਲ ਅਨੁਸਾਰ

ਸਰਦਾਰ ਨਰੈਣ ਸਿੰਘ ਦੇ ਸਮੁਚੇ ਸਿਰਜਣਾਤਮਕ ਕਾਰਜ ਨੂੰ ਸੌਖੀ ਤਰ੍ਹਾਂ ਸਮਝਣ ਲਈ ਉਨ੍ਹਾਂ ਦੀਆਂ ਰਚਨਾਵਾਂ ਦਾ ਵਰਗੀਕਰਨ ਮੁਖ ਤੌਰ 'ਤੇ ਦੋ ਢੰਗਾਂ-**ਕਾਲ ਤੇ ਵਿਸ਼ਾ ਕ੍ਰਮਾਨੁਸਾਰ** ਕੀਤਾ ਗਿਆ ਹੈ। **ਕਾਲ ਕ੍ਰਮਾਨੁਸਾਰ** ਵਰਗੀਕਰਨ ਕਰਨ ਲਗਿਆਂ ਕੇਵਲ ਉਨ੍ਹਾਂ ਦੁਆਰਾ ਲਿਖੇ ਵਖ-ਵਖ ਟ੍ਰੈਕਟਾਂ ਦੇ ਲੜੀ ਨੰਬਰ ਨੂੰ ਆਧਾਰ ਬਣਾਇਆ ਹੈ, ਕਿਉਂਕਿ ਜਿਆਦਾਤਰ ਇਨ੍ਹਾਂ ਟ੍ਰੈਕਟਾਂ ਦੀ ਪ੍ਰਕਾਸ਼ਨ ਮਿਤੀ ਨਹੀਂ ਮਿਲਦੀ। ਇਸੇ ਤਰ੍ਹਾਂ **ਵਿਸ਼ਾ ਕ੍ਰਮਾਨੁਸਾਰ** ਕੀਤੀ ਵੰਡ ਜ਼ਰੂਰੀ ਨਹੀਂ ਕਿ ਪੂਰੀ ਤਰ੍ਹਾਂ ਇਸ 'ਤੇ ਲਾਗੂ ਹੋਵੇ, ਕਿਉਂਕਿ ਸਰਦਾਰ ਨਰੈਣ ਸਿੰਘ ਦਾ ਇਹ ਰਚਨਾਵਾਂ ਲਿਖਣ ਸਮੇਂ ਉਦੇਸ਼ ਕਿਸੇ ਕਿਸਮ ਦੇ ਅਕਾਦਮਿਕ ਖੋਜ-ਪ੍ਰਬੰਧ ਨੂੰ ਸਿਰੇ ਚਾੜ੍ਹਨਾ ਨਹੀਂ ਸੀ, ਜਿਸ ਤਹਿਤ ਉਹ ਸਿਰਲੇਖ ਦੀ ਹਦਬੰਦੀ ਵਿਚ ਰਹਿੰਦੇ। ਇਸ ਕਰਕੇ ਉਨ੍ਹਾਂ ਦੀ ਇਕੋ ਰਚਨਾ ਵਿਚ ਸਿਧਾਂਤ ਦੇ ਨਾਲ-ਨਾਲ ਰਹਿਤ-ਮਰਯਾਦਾ ਆਦਿ ਦੇ ਗੁਣ/ਲਛਣ ਵੀ ਲਭੇ ਜਾ ਸਕਦੇ ਹਨ। ਇਸੇ ਤਰ੍ਹਾਂ ਉਹ ਰਾਜਨੀਤਕ ਵਿਸ਼ਿਆਂ ਬਾਰੇ ਲਿਖਦੇ-ਲਿਖਦੇ ਸਮਾਜਿਕ ਭਲਾਈ ਦੇ ਉਪਦੇਸ਼ ਵੀ ਦੇ ਜਾਂਦੇ ਹਨ। ਕਿਤੇ-ਕਿਤੇ ਉਹ ਵਿਸ਼ੇ ਤੋਂ ਟੁਟ ਕੇ ਸਿੱਖੀ ਪ੍ਰਚਾਰ ਦੀ ਭਾਵਨਾ ਤਹਿਤ ਸੰਸਥਾਵਾਂ ਵਿਚ ਆਏ ਨਿਘਾਰਾਂ ਤੇ ਉਨ੍ਹਾਂ ਨੂੰ ਉਸਾਰੂ ਬਣਾਉਣ ਦਾ ਜ਼ਿਕਰ ਵੀ ਕਰ ਜਾਂਦੇ ਹਨ। ਉਨ੍ਹਾਂ ਦੀਆਂ ਸਾਰੀਆਂ ਲਿਖਤਾਂ ਦਾ ਇਕ ਸਾਂਝਾ ਸੂਤਰ ਗੁਰਮਤਿ ਹੈ। ਉਨ੍ਹਾਂ ਦੀਆਂ

---

44. Harbans Singh (ed.), *The Encyclopaedia of Sikhism* (4 Vols.), Punjabi University, Patiala, 1992.

ਰਚਨਾਵਾਂ ਦਾ ਵਰਗੀਕਰਨ ਕਰਨ ਲਗਿਆਂ ਸੰਬੰਧਿਤ ਲਿਖਤ ਦੇ ਪ੍ਰਧਾਨ ਵਿਸ਼ੇ ਨੂੰ ਹੀ ਸਾਹਮਣੇ ਰਖਿਆ ਗਿਆ ਹੈ। ਇਸ ਤਹਿਤ ਉਨ੍ਹਾਂ ਦੁਆਰਾ ਲਿਖੀਆਂ ਪੁਸਤਕਾਂ ਨੂੰ ਮੋਟੇ ਤੌਰ 'ਤੇ ਚਾਰ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ :

(ੳ) **ਸਿਧਾਂਤਕ**
- (i) *ਬੇਗਮਪੁਰੇ ਦੇ ਰਾਹ 'ਤੇ*
- (ii) *ਨਾਨਕ ਨਿਰਮਲ ਪੰਥ ਚਲਾਇਆ*
- (iii) *ਗੁਰੂ ਨਾਨਕ ਮਾਰਗ*

(ਅ) **ਇਤਿਹਾਸਕ**
- (i) *ਅਕਾਲੀ ਮੋਰਚੇ ਅਤੇ ਝੱਬਰ*
- (ii) *ਸ੍ਰੀ ਨਨਕਾਣਾ ਸਾਹਿਬ ਦਾ ਸ਼ਹੀਦੀ ਸਾਕਾ*
- (iii) *ਵਰਿਆਮ ਇਕੇਲਾ*
- (iv) *ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ*
- (v) *ਅਕਾਲੀ ਲਹਿਰ ਦਾ ਨਾਇਕ ਜਥੇਦਾਰ : ਭਾਈ ਕਰਤਾਰ ਸਿੰਘ ਝੱਬਰ*
- (vi) *ਬਾਬਾਣੀਆਂ ਕਹਾਣੀਆਂ*

(ੲ) **ਰਾਜਨੀਤਕ**
- (i) *ਕਿਉਂ ਕੀਤੋ ਵੇਸਾਹੁ*
- (ii) *ਸਿੱਖ ਵੀਰਾਂ ਨੂੰ ਹਲੂਣਾ*

(ਸ) **ਸਾਹਿਤਕ**
- (I) ਸ੍ਵੈ ਜੀਵਨੀ
  - (i) *ਮੇਰਾ ਜੀਵਨ ਪੰਧ ਤੇ ਸਾਹਿਤ ਰੁਚੀ*
- (II) ਅਨੁਵਾਦ
  - (i) *ਲਾਲ ਬਾਦਸ਼ਾਹ*

ਸਰਵੇਖਣ

ਸਰਦਾਰ ਨਰੈਣ ਸਿੰਘ ਦੀਆਂ ਰਚਨਾਵਾਂ ਦੀ ਮੁਢਲੀ ਜਾਣ-ਪਛਾਣ ਕਰਨ ਹਿਤ ਉਪਰੋਕਤ ਵਰਗੀਕਰਨ ਦੇ ਆਧਾਰ 'ਤੇ ਵਿਵਰਣਾਤਮਕ ਤੇ ਆਲੋਚਨਾਤਮਕ ਸਰਵੇਖਣ ਇਸ ਪ੍ਰਕਾਰ ਹੈ :

ਬੇਗਮਪੁਰੇ ਦੇ ਰਾਹ 'ਤੇ

ਇਹ ਪੁਸਤਕ ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ ਵਲੋਂ 1960 ਈ. ਵਿਚ ਪ੍ਰਕਾਸ਼ਿਤ ਹੋਈ। ਪੁਸਤਕ ਵਿਚ ਲੇਖਕ ਦੀ ਮੂਲ ਭਾਵਨਾ ਭਗਤ ਰਵਿਦਾਸ ਜੀ ਦੇ ਸ਼ਬਦ *'ਬੇਗਮਪੁਰਾ ਸਹਰ ਕੋ ਨਾਉ'* [45] ਵਾਲੇ ਸ਼ਬਦ ਅਨੁਸਾਰ ਮਨੁਖੀ

45. ਸ੍ਰੀ ਗੁਰੂ ਗ੍ਰੰਥ ਸਾਹਿਬ, ੩੪੫.

ਜੀਵਨ ਢਾਲਣ ਦੀ ਪ੍ਰੇਰਨਾ ਦੇਣਾ ਹੈ। ਪੁਸਤਕ ਗਿਆਰਾਂ ਲੇਖਾਂ ਦਾ ਸੰਗ੍ਰਹਿ ਹੈ।

ਪਹਿਲੇ ਲੇਖ, *ਜਿਨਿ ਚਾਖਿਆ ਸੇਈ ਸਾਦੁ ਜਾਣਨਿ* ਵਿਚ ਲੇਖਕ ਕਹਿੰਦਾ ਹੈ ਕਿ ਮਨੁਖ ਦੇ ਹਰ ਖਿਆਲ, ਕਥਨ ਅਤੇ ਹਰੇਕ ਕੰਮ ਦਾ ਕੁਝ ਨਾ ਕੁਝ ਪਿਛੋਕੜ ਜ਼ਰੂਰ ਹੁੰਦਾ ਹੈ। ਕਈ ਮਨੁਖ ਇਹ ਪਿਛੋਕੜ ਲੱਭਣ ਦੀ ਕੋਸ਼ਿਸ਼ ਕਰਦੇ ਹਨ, ਜਿਸ ਨੂੰ ਉਹ ਖੋਜ ਕਹਿੰਦੇ ਹਨ। ਦੁਨਿਆਵੀ ਖੋਜ ਤਾਂ ਕਈ ਖੋਜੀ ਕਰ ਲੈਂਦੇ ਹਨ ਪਰੰਤੂ ਆਤਮਕ ਖੋਜ ਕੋਈ ਵਿਰਲਾ ਹੀ ਕਰਦਾ ਹੈ।

ਦੂਜੇ ਲੇਖ, *ਥਾਲ ਵਿਚ ਤਿੰਨ ਵਸਤੂ ਪਈਓ* ਵਿਚ ਲੇਖਕ ਤਿੰਨ ਵਸਤੂਆਂ-ਸਤਿ, ਸੰਤੋਖ ਤੇ ਵਿਚਾਰ ਬਾਰੇ ਭਰਪੂਰ ਜਾਣਕਾਰੀ ਦਿੰਦਾ ਹੈ। ਗੁਰਬਾਣੀ ਦੇ ਹਵਾਲੇ ਨਾਲ ਲੇਖਕ ਕਹਿੰਦਾ ਹੈ ਕਿ ਜਿਹੜੇ ਪ੍ਰਾਣੀ ਇਨ੍ਹਾਂ ਪਦਾਰਥਾਂ (ਸਤਿ, ਸੰਤੋਖ ਤੇ ਵਿਚਾਰ) ਨੂੰ 'ਭੁੰਚਦੇ' ਹਨ, ਉਨ੍ਹਾਂ ਦਾ ਪਾਰ ਉਤਾਰਾ ਹੁੰਦਾ ਹੈ।

ਤੀਜੇ ਲੇਖ *ਇਹੁ ਮਨੁ ਆਰਸੀ* ਵਿਚ ਲੇਖਕ ਕਹਿੰਦਾ ਹੈ ਕਿ ਮਨ ਰੂਪੀ ਆਰਸੀ ਵਿਚ ਆਪਣੇ ਆਪ ਨੂੰ ਵੇਖਣਾ ਆਪੇ ਦੀ ਸੂਝ ਦਾ ਅਸਲ ਰਸਤਾ ਹੈ। ਕਬੀਰ ਸਾਹਿਬ ਦੇ ਬਚਨਾਂ...

ਬੰਦੇ ਖੋਜੁ ਦਿਲ ਹਰ ਰੋਜ ਨਾ ਫਿਰੁ ਪਰੇਸਾਨੀ ਮਾਹਿ॥[46]

ਰਾਹੀਂ ਲੇਖਕ ਦਸਦਾ ਹੈ ਕਿ ਸੰਸਾਰ ਭਰ ਦੀਆਂ ਕਾਢਾਂ ਇਸੇ ਮਨ ਦੀ ਖੋਜ ਦੇ ਸਿਟੇ ਹਨ, ਫਰਕ ਕੇਵਲ ਦ੍ਰਿਸ਼ਟੀਕੋਣ ਦਾ ਹੈ। ਕਿਸੇ ਨੇ ਇਸ ਦੀ ਖੋਜ ਤੋਂ ਮਾਇਕ ਮੰਡਲ ਵਿਚ ਤਾਰੀਆਂ ਲਾਈਆਂ ਹਨ ਅਤੇ ਕਿਸੇ ਨੇ ਉਚੇਰੇ ਆਤਮਕ ਮੰਡਲਾਂ ਦੇ ਸੁਖ ਮਾਨਣ ਦੇ ਜਤਨ ਕੀਤੇ ਹਨ, ਪਰ ਸਾਧਨ ਸਭ ਦਾ 'ਦਿਲ ਦੀ ਖੋਜ' ਹੀ ਹੈ।

ਚੌਥੇ ਲੇਖ, *ਹੁਕਮੈ ਜੇ ਬੂਝੈ* ਵਿਚ ਲੇਖਕ ਗੁਰਬਾਣੀ ਵਿਚਲੀ ਤੁਕ...

ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮਿ ਨ ਕੋਇ॥[47]

ਦੀ ਵਿਆਖਿਆ ਕਰਦਾ ਹੋਏ ਕਹਿੰਦਾ ਹੈ ਕਿ ਸੰਸਾਰ ਦੀ ਰਚਨਾ ਸਰਬ ਸ਼ਕਤੀਮਾਨ ਪ੍ਰਭੂ ਦੇ ਹੁਕਮ ਅਧੀਨ ਹੋਈ, ਹੁਕਮ ਦੇ ਤਾਬੇ ਜਾਰੀ ਹੈ ਅਤੇ ਹੁਕਮ ਦੇ ਅਧੀਨ ਹੀ ਇਸ ਦਾ ਅੰਤ ਹੋਵੇਗਾ। ਕਈ ਵਾਰ ਮਨੁਖ ਇਸ ਹੁਕਮ ਤੋਂ ਇਨਕਾਰੀ ਹੁੰਦਾ ਹੋਇਆ ਹਉਮੈ ਵਸ ਹੋ ਕੇ ਇਸ ਰੱਬੀ ਰਜ਼ਾ 'ਤੇ ਝੋਰਾ ਤੇ ਗਿਲਾ-ਸ਼ਿਕਵਾ ਕਰਦਾ ਹੈ। ਇਸ ਰਜ਼ਾ ਦੀ ਸੂਝ ਕੇਵਲ ਤੇ ਕੇਵਲ ਹੁਕਮ ਵਿਚ ਚਲਣ ਨਾਲ ਹੀ ਆਉਂਦੀ ਹੈ।

ਪੰਜਵੇਂ ਲੇਖ, *ਪਿਆਰ* ਵਿਚ ਮਾਂ ਤੇ ਪੁਤਰ ਦੇ ਪਿਆਰ ਦੇ ਉਦਾਹਰਣ ਰਾਹੀਂ ਮਨੁਖ ਤੇ ਪ੍ਰਭੂ ਦਾ ਸੰਬੰਧ ਦਰਸਾਇਆ ਗਿਆ ਹੈ। ਕਰਤਾ ਅਨੁਸਾਰ ਜੇ ਮਨੁਖ ਦੇ ਚੇਤੇ ਵਿਚ ਮਾਂ ਦੇ ਪਿਆਰ ਵਾਂਗ ਪ੍ਰਭੂ ਪਿਤਾ ਦਾ ਪਿਆਰ ਵਸ ਜਾਵੇ ਅਤੇ ਮਨੁਖ ਪ੍ਰਭੂ ਨੂੰ ਚੇਤੇ ਕਰ-ਕਰ ਜੀਵੇ, ਮਨੁਖ ਦੀ ਭੁਖ, ਪਿਆਸ ਤੇ ਨੀਂਦ ਇਸ ਚੇਤੇ ਅੰਦਰ ਵਹਿ ਜਾਣ, ਮਨੁਖ ਸੁਤਾ ਹੋਇਆ ਵੀ ਬਰੜਾਅ-ਬਰੜਾਅ ਕੇ ਪ੍ਰਭੂ ਪਿਤਾ ਨੂੰ ਵਾਜਾਂ

---

46. ਸ੍ਰੀ ਗੁਰੂ ਗ੍ਰੰਥ ਸਾਹਿਬ, ੭੨੭.
47. ਉਹੀ, ੧.

ਮਾਰੇ ਤਾਂ ਪ੍ਰਭੂ ਪਿਤਾ ਉਸੇ ਤਰ੍ਹਾਂ ਤੀਬਰਤਾ ਨਾਲ ਉਠੇਗਾ ਜਿਸ ਤਰ੍ਹਾਂ ਮਾਂ ਦਾ ਦਿਲ ਪੁਤਰ ਦੇ ਪਿਆਰ ਵਿਚ ਪੰਘਰਦਾ ਹੈ।

ਗੁਰਮਤਿ ਅਨੁਸਾਰ ਰੱਬੀ ਗੁਣਾਂ ਦੇ ਚਿਤਵਨ ਅਤੇ ਅਜਿਹੇ ਚਿਤਵਨ ਰਾਹੀਂ ਰਸ ਲੀਨ ਹੋਣ ਨੂੰ 'ਸਿਮਰਨ' ਕਿਹਾ ਗਿਆ ਹੈ। ਪ੍ਰਭੂ ਦੇ ਅਜਿਹੇ ਗੁਣ ਪਾਵਨ ਬਾਣੀ ਵਿਚ ਸਮੋਏ ਹੋਏ ਹਨ ਜਿਨ੍ਹਾਂ ਦੇ ਚਿਤਵਨ ਰਾਹੀਂ ਪ੍ਰਭੂ (ਵਾਹਿਗੁਰੂ) ਦੀ ਪ੍ਰਾਪਤੀ ਹੋ ਸਕਦੀ ਹੈ। ਪਿਆਰ ਅਧੀਨ ਹੀ ਮਨੁਖ ਦੁਨਿਆਵੀ ਔਕੜਾਂ 'ਚੋਂ ਲੰਘ ਕੇ ਪ੍ਰਭੂ ਪਿਆਰੇ ਦੇ ਦੇਸ 'ਬੇਗਮਪੁਰਾ' ਪਹੁੰਚਦਾ ਹੈ।

ਅਗਲੇਰੇ ਲੇਖਾਂ ਵਿਚ ਕਰਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀਆਂ ਬਾਣੀਆਂ-*ਜਪੁਜੀ ਸਾਹਿਬ*, *ਆਸਾ ਕੀ ਵਾਰ* ਤੇ ਬਾਰਹਮਾਹਾ ਵਿਚ ਆਏ ਵਿਚਾਰਾਂ ਦੀ ਵਿਆਖਿਆ ਕਰਦਾ ਹੈ।

ਆਪਨ ਕਰਮ ਆਪੇ ਹੀ ਬੰਧ ਲੇਖ ਅੰਦਰ ਲੇਖਕ ਕਹਿੰਦਾ ਹੈ ਕਿ ਮਨੁਖ ਦੁਆਰਾ ਕੀਤੇ ਹਰੇਕ ਕੰਮ ਦਾ ਕੁਝ ਨਾ ਕੁਝ ਫਲ ਜ਼ਰੂਰ ਹੁੰਦਾ ਹੈ, ਜਿਸ ਦਾ ਭੋਗ ਵੀ ਅਵਸ਼ ਹੈ। ਜਿਹੜੇ ਵਿਅਕਤੀ ਪ੍ਰਭੂ ਦੀ ਆਰਾਧਨਾ ਕਰਦੇ ਹੋਏ ਉਸ ਦੇ ਸਿਮਰਨ ਵਿਚ ਜੁੜ ਕੇ ਨਾਮ ਦੀ ਕਮਾਈ ਕਰਦੇ ਹਨ, ਉਹ ਕਰਮਾਂ ਦੀ ਰੇਖਾ ਪਾਰ ਕਰਕੇ ਜਨਮ-ਮਰਨ ਦੇ ਗੇੜ 'ਚੋਂ ਸਦਾ ਲਈ ਛੁਟਕਾਰਾ ਪਾ ਲੈਂਦੇ ਹਨ।

ਵੈਰਾਗ ਤੋਂ ਖੇੜਾ ਲੇਖ ਵਿਚ ਬਾਬਾ ਫਰੀਦ ਜੀ ਦੇ ਸਲੋਕਾਂ ਨੂੰ ਆਧਾਰ ਬਣਾ ਕੇ ਮਨੁਖ ਦੀ ਸੰਸਾਰਕ ਯਾਤਰਾ ਦੇ ਦੁਖ ਦੀ ਗੱਲ ਕਰਕੇ ਮਨੁਖ ਨੂੰ ਇਹ ਦੁਖ ਖੇੜੇ ਵਿਚ ਤਬਦੀਲ ਕਰਨ ਦੀ ਪ੍ਰੇਰਨਾ ਦਿਤੀ ਗਈ ਹੈ।

ਅੰਤਲੇ ਲੇਖ *ਸ਼ਾਹ ਰਾਹ* ਵਿਚ ਸੰਸਾਰ ਦੀ ਦੁਨਿਆਵੀ ਸ਼ਾਹ ਰਾਹ ਨਾਲ ਤੁਲਨਾ ਹੈ, ਜਿਥੋਂ ਪੂਰਾਂ ਦੇ ਪੂਰ ਲੰਘਦੇ ਜਾ ਰਹੇ ਹਨ :

ਆਵਨਿ ਵੰਵਨਿ ਨਾ ਰਹਨਿ ਪੂਰ ਭਰੇ ਪਹੀਆਹ॥[48]

ਆਪਣੇ ਆਪ ਨੂੰ ਇਸ ਸ਼ਾਹ ਰਾਹ ਦੇ ਰਾਹਗੀਰਾਂ ਵਿਚ ਸ਼ਾਮਿਲ ਕਰਦਾ ਹੋਇਆ ਲੇਖਕ ਪਾਠਕਾਂ ਨੂੰ ਇਹ ਗੱਲ ਦ੍ਰਿੜ ਕਰਵਾਉਂਦਾ ਹੈ ਕਿ ਜੇਕਰ ਮਨੁਖ ਆਪਣੇ ਮਨ ਨੂੰ ਦੁਨਿਆਵੀ ਜੰਜਾਲਾਂ ਤੋਂ ਵਿਹਲਾ ਕਰਕੇ ਸ਼ਾਹ ਰਾਹ ਦੇ ਮਾਲਕ (ਪਰਮਾਤਮਾ) ਵਿਚ ਜੋੜੇ ਤਾਂ ਉਸ ਨੂੰ ਪਿਆਰੇ ਪ੍ਰੀਤਮ (ਵਾਹਿਗੁਰੂ) ਦਾ ਮਿਲਾਪ ਹਾਸਲ ਹੋ ਸਕਦਾ ਹੈ।

ਸਮੁਚੇ ਰੂਪ ਵਿਚ ਇਹ ਪੁਸਤਕ ਅਧਿਆਤਮਿਕ ਰਾਹ ਦੇ ਪਾਂਧੀਆਂ ਲਈ ਮਾਰਗ ਦਰਸ਼ਨ ਕਰਵਾਉਣ ਵਾਲੀ ਸਾਧਨਾ-ਪੁਸਤਕ ਹੈ।

ਨਾਨਕ ਨਿਰਮਲ ਪੰਥ ਚਲਾਇਆ

ਇਹ ਪੁਸਤਕ ਪਹਿਲਾਂ 1971 ਤੇ ਮੁੜ 1984 ਵਿਚ ਲਾਹੌਰ ਬੁਕ ਸ਼ਾਪ, ਲੁਧਿਆਣਾ ਵਲੋਂ ਪ੍ਰਕਾਸ਼ਿਤ ਹੋਈ। ਇਹ ਰਚਨਾ ਪਾਠਕਾਂ ਵਲੋਂ ਐਨੀ ਪਸੰਦ ਕੀਤੀ

48. ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੧੫.

ਗਈ ਕਿ ਸਿਖਿਆ ਵਿਭਾਗ, ਪੰਜਾਬ ਨੇ ਹਥੋਂ-ਹਥੀਂ ਇਸ ਦੀਆਂ ਕਾਪੀਆਂ ਖ਼੍ਰੀਦ ਲਈਆਂ। 1986 ਵਿਚ ਤੀਜੀ ਵਾਰ ਇਹ ਕਿਤਾਬ ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ ਵਲੋਂ ਵੀ ਪ੍ਰਕਾਸ਼ਿਤ ਕੀਤੀ ਗਈ। ਪੁਸਤਕ ਸਿਰਜਣਾਤਮਕ ਵਿਆਖਿਆ ਸਾਹਿਤ ਦੀ ਵੰਨਗੀ ਹੈ ਜਿਸ ਵਿਚ ਲੇਖਕ ਨੇ ਗੁਰਬਾਣੀ ਸਿਧਾਂਤਾਂ ਨੂੰ ਸਪਸ਼ਟ ਕੀਤਾ ਹੈ। ਪੁਸਤਕ ਦੇ ਕੁਲ 17 ਅਧਿਆਇ ਹਨ।

ਪਹਿਲੇ ਅਧਿਆਇ, *ਸਾਹਿਬ ਮੇਰਾ ਏਕੋ ਹੈ* ਵਿਚ ਕਰਤਾ ਨੇ ਗੁਰੂ ਨਾਨਕ ਸਾਹਿਬ ਦੇ ਇਸ ਧਰਤੀ 'ਤੇ ਆਗਮਨ ਦੀ ਗੱਲ ਕਰਕੇ ਸਮਾਜ ਵਿਚਲੀ ਪ੍ਰਚਲਤ ਅਨੇਕਤਾ 'ਤੇ ਚਾਨਣ ਪਾਇਆ ਹੈ। ਭਾਈ ਗੁਰਦਾਸ ਜੀ ਦੇ ਹਵਾਲੇ ...

ਆਪੋ ਧਾਪੀ ਹੋਇ ਕੈ ਨਯਾਰੇ ਨਯਾਰੇ ਧਰਮ ਚਲਾਵੈ॥ [49]

ਨਾਲ ਕਰਤਾ ਹਿੰਦੂ ਤੇ ਇਸਲਾਮ ਧਰਮ ਬਾਰੇ ਦਸਦਾ ਹੈ ਕਿ ਇਨ੍ਹਾਂ ਵਿਚਲੀ ਪ੍ਰਚਲਤ ਅਨੇਕਤਾ ਦਾ ਕਾਰਨ ਮਜ਼੍ਹਬੀ ਵਿਸ਼ਵਾਸਾਂ ਵਿਚ ਏਕਤਾ ਨਾ ਹੋਣਾ ਸੀ। ਗੁਰੂ ਨਾਨਕ ਸਾਹਿਬ ਨੇ ਖੇਰੂੰ-ਖੇਰੂੰ ਹੋਏ ਤੇ ਆਪੋ-ਧਾਪੀ ਵਿਚ ਉਲਝੇ ਸੰਸਾਰ ਨੂੰ ਸਾਂਝੀਵਾਲਤਾ ਦਾ ਸੰਦੇਸ਼ ਦਿੰਦੇ ਹੋਏ ਕਿਹਾ :

ਸਾਹਿਬੁ ਮੇਰਾ ਏਕੋ ਹੈ ਏਕੋ ਹੈ ਭਾਈ ਏਕੋ ਹੈ॥ [50]

ਵਿਚਾਰਾਂ ਦੀ ਪੁਸ਼ਟੀ ਲਈ ਕਰਤਾ ਏਕਤਾ ਦਾ ਸਿਧਾਂਤ ਦ੍ਰਿੜ ਕਰਵਾਉਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਮੂਲ ਮੰਤਰ ਦੀ ਵਿਆਖਿਆ ਪੇਸ਼ ਕਰਦਾ ਹੈ। ਇਸ ਵਿਚਲੇ 'ਪੁਰਖੁ' ਦੀ ਵਿਆਖਿਆ ਕਰਦੇ ਹੋਏ ਵਿਆਖਿਆਕਾਰ ਅਰਥਾਂ ਨਾਲੋਂ ਕੁਝ ਵਖਰੀ ਭਾਂਤ ਦੀ ਵਿਚਾਰ ਦਿੰਦਾ ਹੈ ਜਿਸ ਨਾਲ ਸਹਿਮਤ ਹੋਣਾ ਕਠਿਨ ਲਗਦਾ ਹੈ। ਉਸ ਅਨੁਸਾਰ 'ਪੁਰਖੁ' ਦੇ ਅਰਥ ਹਨ – ਸਾਰਿਆਂ ਦਾ ਸਿਰਜਣਹਾਰ 'ਪੁਰਖੁ' ਹੈ। ਭਾਵ, ਇਸਤਰੀ ਜਾਂ ਕਮਜ਼ੋਰ ਮਦੀਨ ਰੂਪ ਨਹੀਂ ਬਲਕਿ ਮਰਦਊ-ਪੁਣੇ ਵਾਲੇ ਗੁਣਾਂ ਦਾ ਧਾਰਨੀ ਸਰਬ ਸਮਰਥ 'ਪੁਰਖੁ' ਹੈ।

ਪ੍ਰੋ. ਸਾਹਿਬ ਸਿੰਘ ਅਨੁਸਾਰ ਪੁਰਖੁ ਦਾ ਅਰਥ ਹੈ, "ਉਹ ਓਅੰਕਾਰ ਜੋ ਸਾਰੇ ਜਗਤ ਵਿਚ ਵਿਆਪਕ ਹੈ, ਉਹ ਆਤਮਾ ਜੋ ਸਾਰੀ ਸ੍ਰਿਸ਼ਟੀ ਵਿਚ ਰਮ ਰਿਹਾ ਹੈ।"[51] ਇਹ ਅਰਥ ਬਾਣੀ ਸਰੂਪ ਤੇ ਪ੍ਰਬੰਧ ਦੇ ਵਧੇਰੇ ਨੇੜੇ ਹਨ।

ਸਰਦਾਰ ਨਰੈਣ ਸਿੰਘ ਅਨੁਸਾਰ ਗੁਰੂ ਸਾਹਿਬ ਨੇ ਏਕਤਾ ਦੀ ਗੱਲ ਕੇਵਲ ਸਿਧਾਂਤਕ ਤੌਰ 'ਤੇ ਹੀ ਨਹੀਂ ਕੀਤੀ ਬਲਕਿ ਇਸ ਨੂੰ ਲੋਕ ਮਾਨਸਿਕਤਾ ਦਾ ਹਿਸਾ ਬਣਾਉਣ ਲਈ ਮੂਲ ਮੰਤਰ ਵਿਚਲੇ ਪਰਮਾਤਮਾ ਦੇ ਸਰੂਪ ਨੂੰ ਹਰ ਵੇਲੇ ਚੇਤੇ ਕਰਨ ਦਾ ਹੁਕਮ ਕੀਤਾ ਹੈ। ਵਿਆਖਿਆਕਾਰ ਦਸਦਾ ਹੈ ਕਿ ਰੱਬੀ ਗੁਣਾਂ ਨੂੰ ਉਸ ਦੇ ਨਾਮ (ਵਾਹਿਗੁਰੂ) ਰਾਹੀਂ ਯਾਦ ਕੀਤਾ ਜਾ ਸਕਦਾ ਹੈ।

---

49. *ਭਾਈ ਗੁਰਦਾਸ*, ਵਾਰ/ਪਉੜੀ – ੧/੧੮.
50. ਸ੍ਰੀ ਗੁਰੂ ਗ੍ਰੰਥ ਸਾਹਿਬ, ੩੫੦.
51. ਸਾਹਿਬ ਸਿੰਘ (ਪ੍ਰੋ.) (ਟੀਕਾਕਾਰ), *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ* (ਪੋਥੀ ਪਹਿਲੀ), ਰਾਜ ਪਬਲਿਸ਼ਰਜ਼, ਜਲੰਧਰ, 1972 (ਤੀਜੀ ਵਾਰ), ਪੰਨਾ ੪੬.

ਗੁਰੂ ਸਾਹਿਬਾਨ ਵਲੋਂ ਸਥਾਪਿਤ ਕੀਤੀਆਂ ਸੰਸਥਾਵਾਂ - ਕੀਰਤਨ, ਕਥਾ ਅਤੇ ਸੰਗਤ-ਪੰਗਤ ਦੀ ਮਹਾਨਤਾ ਦਰਸਾਉਂਦੇ ਹੋਏ ਲੇਖਕ ਸਾਰੇ ਮਨੁਖਾਂ ਨੂੰ ਜਾਤ-ਪਾਤ ਦਾ ਹੰਕਾਰ ਛਡਣ ਅਤੇ ਹਥੀਂ ਸੇਵਾ ਕਰਨ ਦੀ ਪ੍ਰੇਰਨਾ ਵੀ ਦਿੰਦਾ ਹੈ।

ਦੂਜੇ ਲੇਖ, *ਜੇਤਾ ਕੀਤਾ ਤੇਤਾ ਨਾਉ* ਵਿਚ ਲੇਖਕ ਨਾਮ ਦੀ ਵਿਆਖਿਆ ਕਰਦੇ ਹੋਏ ਕਹਿੰਦਾ ਹੈ ਕਿ, "ਨਾਮ ਬੇਅੰਤ (Without limit) ਹੈ ਜਦੋਂ ਕਿ ਮਨੁਖੀ ਸੋਚ ਅੰਤ (limited) ਵਾਲੀ ਹੈ। ਅੰਤ ਵਾਲੀ ਸੋਚ, ਅਨੰਤ ਵਾਲੇ ਨਾਮ ਦਾ ਪੂਰਾ ਗਿਆਨ ਕਿਵੇਂ ਲੈ ਸਕਦੀ ਹੈ?" ਗਿਆਨ ਰਾਹੀਂ ਹੀ ਮਨੁਖੀ ਸੋਚ ਉਤਾਂਹ ਨੂੰ ਹੁੰਦੀ ਹੈ। ਇਸ ਕਰਕੇ ਹੀ ਮਨੁਖੀ ਅਨੁਭਵ ਜਾਗਦਾ ਹੈ ਅਤੇ ਜਾਗਿਆ ਹੋਇਆ ਅਨੁਭਵ ਹੀ ਵਾਹਿਗੁਰੂ ਬਾਰੇ ਸਹੀ ਗਿਆਨ ਦਿੰਦਾ ਹੈ ਜਿਸ ਨੂੰ ਅਨੁਭਵੀ ਪ੍ਰਕਾਸ਼ ਕਿਹਾ ਜਾਂਦਾ ਹੈ।[52]

ਕਰਤਾ ਅਨੁਸਾਰ ਗੁਰਮਤਿ ਵਿਚ 'ਨਾਮ' ਕਿਸੇ ਵਿਸ਼ੇਸ਼ ਨਾਂ ਨਾਲ ਸੰਬੋਧਿਤ ਨਹੀਂ ਬਲਕਿ ਇਹ *ਜੇਤਾ ਕੀਤਾ ਤੇਤਾ ਨਾਉ* ਨਾਲ ਪ੍ਰਭਾਸ਼ਿਤ ਕੀਤਾ ਗਿਆ ਹੈ। ਇਸ ਅਨੁਸਾਰ ਨਾਮ ਇਕ ਅਤਿ ਸੂਖਮ ਤੇ ਵਚਿਤਰ ਸਰਬ ਗੁਣ ਭਰਪੂਰ ਹੋਂਦ ਹੈ ਜਿਹੜਾ ਸਮੁਚੀ ਰਚਨਾ ਅੰਦਰ ਮੌਜੂਦ ਹੈ।

ਤੀਜੇ ਲੇਖ, *ਜੇਤਾ ਕੀਤਾ ਤੇਤਾ ਨਾਉ (ੳ)* ਵਿਚ ਲੇਖਕ ਨਾਮ ਅਤੇ ਬਾਣੀ ਦੇ ਆਪਸੀ ਸੰਬੰਧ ਦੀ ਵਿਸਤਾਰ ਨਾਲ ਵਿਆਖਿਆ ਕਰਦਾ ਹੈ। ਕਰਤਾ ਅਨੁਸਾਰ ਨਾਮ ਕੋਈ ਨਿਰਾ ਦੋ ਅਖਰਾਂ ਦਾ ਸ਼ਬਦ ਨਹੀਂ, ਸਗੋਂ ਵਾਹਿਗੁਰੂ ਦੀ 'ਕਉਤਕਹਾਰ' ਹੋਂਦ ਦਾ ਲਖਾਇਕ ਹੈ। ਇਸ ਦੀ ਪ੍ਰਾਪਤੀ ਦਾ ਉਤਮ ਵਸੀਲਾ ਗੁਰਬਾਣੀ ਹੈ।

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲਾ ਅਨਮੋਲ ਖ਼ਜ਼ਾਨਾ ਹੈ। ਇਸ ਲਈ ਨਾਮ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਤਖ ਮੌਜੂਦ ਹੈ। ਲੇਖਕ ਕਹਿੰਦਾ ਹੈ ਕਿ ਸਾਨੂੰ ਕੇਵਲ ਉਸ ਸਰੂਪ ਨੂੰ ਬਾਣੀ 'ਚੋਂ ਖੋਜਣ ਦੀ ਤੜਪ ਪੈਦਾ ਕਰਨ ਦੀ ਲੋੜ ਹੈ।

ਚੌਥੇ ਲੇਖ, *ਜੇਤਾ ਕੀਤਾ ਤੇਤਾ ਨਾਉ* (ਅ) ਵਿਚ ਨਾਮ ਦੀ ਹੁਕਮ ਰੂਪ ਵਿਚ ਡੂੰਘੀ ਵਿਚਾਰ ਹੈ। ਕਰਤਾ ਅਨੁਸਾਰ ਹੁਕਮ ਤਿੰਨ ਰੂਪਾਂ ਵਿਚ ਸਾਹਮਣੇ ਆਉਂਦਾ ਹੈ- ਕਾਨੂੰਨ-ਏ-ਕੁਦਰਤ (Universal Laws of Nature), ਪ੍ਰਾਲਬਧ ਦੇ ਰੂਪ ਵਿਚ ਵਰਤਾਏ ਹੁਕਮ ਅਤੇ ਵਾਹਿਗੁਰੂ ਦਾ ਕਰਮ, ਬਖਸ਼ਿਸ਼ ਤੇ ਨਦਰ। ਇਨ੍ਹਾਂ ਤਿੰਨਾਂ ਰੂਪਾਂ ਨੂੰ ਪ੍ਰਭਾਸ਼ਿਤ ਕਰਕੇ ਵਿਆਖਿਆਕਾਰ ਨਾਮ ਦੀ ਹੁਕਮ ਵਜੋਂ ਵਿਸਤਾਰ ਵਿਚ ਵਿਆਖਿਆ ਕਰਦਾ ਹੈ।

ਗੁਰੂ ਕੌਣ ਹੈ ਲੇਖ ਵਿਚ ਕਰਤਾ ਪੂਰਨ ਗੁਰੂ ਦੇ ਲਛਨਾਂ ਬਾਰੇ ਦਸਦਾ ਹੈ। ਸਬਦ ਗੁਰੂ ਦੀ ਵਡਿਆਈ ਦੇ ਨਾਲ-ਨਾਲ ਹੋਰ ਧਰਮਾਂ ਅੰਦਰ ਪਾਏ ਜਾਂਦੇ 'ਗੁਰੂ' ਸੰਕਲਪ ਦੇ ਆਧਾਰ 'ਤੇ ਤੁਲਨਾਤਮਕ ਦ੍ਰਿਸ਼ਟੀ ਤੋਂ ਕਰਤਾ ਗੁਰਮਤਿ ਦੀ ਵਿਲਖਣਤਾ ਦਰਸਾਉਂਦਾ ਹੈ।

---

52. ਨਰੈਣ ਸਿੰਘ, *ਨਾਨਕ ਨਿਰਮਲ ਪੰਥ ਚਲਾਇਆ*, ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ, 1971, ਪੰਨਾ 15.

ਇਸੇ ਤਰ੍ਹਾਂ ਅਗਲੇਰੇ ਲੇਖਾਂ ਵਿਚ ਲੇਖਕ ਨੇ ਗੁਰਬਾਣੀ ਦੀਆਂ ਵਖੋ-ਵਖ ਪੰਕਤੀਆਂ ਦੇ ਹਵਾਲੇ ਨਾਲ ਵਿਚਾਰ ਪ੍ਰਗਟਾਏ ਹਨ। ਸਮੁਚੇ ਰੂਪ ਵਿਚ ਇਹ ਪੁਸਤਕ ਗੁਰਬਾਣੀ ਸਿਾਂਧਤਾਂ ਦੀ ਬਾਖੂਬੀ ਵਿਆਖਿਆ ਪੇਸ਼ ਕਰਦੀ ਹੈ।

ਅਕਾਲੀ ਮੋਰਚੇ ਅਤੇ ਝੱਬਰ

ਇਹ ਪੁਸਤਕ 1959 ਵਿਚ ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ ਵਲੋਂ ਪ੍ਰਕਾਸ਼ਿਤ ਹੋਈ। ਦੂਜੀ ਵਾਰ 1967 'ਚ ਇਸ ਦੀ ਪ੍ਰਕਾਸ਼ਨਾ ਨੈਸ਼ਨਲ ਬੁਕ ਕੰਪਨੀ, ਦਿੱਲੀ ਨੇ ਕੀਤੀ। ਤੀਜੀ ਵਾਰ 1998 ਵਿਚ ਇਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੁਆਰਾ ਪ੍ਰਕਾਸ਼ਿਤ ਕੀਤੀ ਗਈ।

ਪੁਸਤਕ ਰਾਹੀਂ ਸਰਦਾਰ ਨਰੈਣ ਸਿੰਘ ਦੀ ਸਾਹਿਤਕਾਰੀ ਹੋਰ ਨਿਖਰ ਕੇ ਸਾਹਮਣੇ ਆਈ, ਜਿਸ ਨੇ ਉਨ੍ਹਾਂ ਨੂੰ ਕਾਮਯਾਬ ਅਨੁਵਾਦਕ [53] ਤੋਂ ਇਕ ਸਫਲ ਇਤਿਹਾਸਕਾਰ ਬਣਾ ਦਿਤਾ।

ਇਤਿਹਾਸਕ ਦ੍ਰਿਸ਼ਟੀ ਤੋਂ ਇਹ ਪੁਸਤਕ ਹਵਾਲਾ ਸ੍ਰੋਤ ਤੋਂ ਘਟ ਨਹੀਂ। ਪ੍ਰਕਾਸ਼ਿਤ ਹੋਣ ਤੋਂ ਪਹਿਲਾਂ ਇਹ ਰੋਜ਼ਨਾਮਚਿਆਂ (Daily Diary) ਦੀ ਸ਼ਕਲ ਵਿਚ ਸੀ। ਇਸ ਵਿਚ ਭਾਈ ਕਰਤਾਰ ਸਿੰਘ ਝੱਬਰ ਜੀ ਦੇ ਰੋਜ਼ਾਨਾ ਜੀਵਨ ਵਿਚ ਵਾਪਰਨ ਵਾਲੀਆਂ ਘਟਨਾਵਾਂ ਦਾ ਲਿਖਤੀ ਰੂਪ ਵਿਦਮਾਨ ਸੀ। ਇਸ ਦੀ ਮਹਤਤਾ ਪ੍ਰਗਟ ਕਰਦੇ ਹੋਏ ਡਾ. ਗੰਡਾ ਸਿੰਘ ਜੀ ਲਿਖਦੇ ਹਨ :

> *ਸਰਦਾਰ ਨਰੈਣ ਸਿੰਘ ਜੀ ਐਮ. ਏ. ਦੀ ਕਿਰਪਾ ਨਾਲ ਮੈਂ ਇਹ ਪੁਸਤਕ ਛਪਣ ਤੋਂ ਪਹਿਲਾਂ ਵੇਖੀ ਸੀ ਅਤੇ ਮੇਰੀ ਰਾਇ ਵਿਚ ਇਸ ਵਿਚ ਲਿਖੇ ਗਏ ਵਾਕਿਆਤ ਨੂੰ ਬਿਆਨ ਕਰਨ ਵਿਚ ਸੱਚ ਨੂੰ ਮੁਖ ਰਖਿਆ ਗਿਆ ਹੈ। ਮੇਰਾ ਖਿਆਲ ਹੈ ਕਿ ਇਸ ਪੁਸਤਕ ਨਾਲ ਬਹੁਤ ਸਾਰੀਆਂ ਐਸੀਆਂ ਗੱਲਾਂ ਚਾਨਣੇ ਵਿਚ ਆਈਆਂ ਹਨ, ਜਿਨ੍ਹਾਂ ਦੇ ਉਜਾਗਰ ਹੋਏ ਬਿਨਾਂ ਇਤਿਹਾਸ ਵਿਚ ਕਈ ਖਾਪੇ ਰਹਿ ਜਾਣੇ ਹਨ। ਵਾਹਿਗੁਰੂ ਕਰੇ ਕਿ ਇਸ ਜੀਵਨ ਕਥਾ ਤੋਂ ਪ੍ਰੇਰਨਾ ਲੈ ਕੇ ਹੋਰ ਉਹ ਸੱਜਣ ਭੀ, ਜਿਨ੍ਹਾਂ ਨੇ ਕਿ ਪੰਜਾਬ ਦੇ ਰਾਜਸੀ, ਧਾਰਮਕ ਤੇ ਭਾਈਚਾਰਕ ਮੈਦਾਨਾਂ ਵਿਚ ਸੇਵਾ ਕੀਤੀ ਹੈ, ਆਪਣੇ ਹਾਲਾਤ ਪ੍ਰਕਾਸ਼ਤ ਕਰ ਦੇਣ, ਤਾਂ ਕਿ ਦੇਸ ਦੇ ਇਤਿਹਾਸ ਦੇ ਹਰ ਪਹਿਲੂ ਉੱਤੇ ਰੌਸ਼ਨੀ ਪੈ ਜਾਏ ਅਤੇ ਆਉਣ ਵਾਲੇ ਇਤਿਹਾਸਕਾਰਾਂ ਲਈ ਮਸਾਲਾ ਬਣ ਜਾਏ।* [54]

ਇਹ ਲਿਖਤੀ ਰੂਪ ਬ੍ਰਿਜ ਕਾਵਿ ਭਾਸ਼ਾ ਵਿਚ ਸੀ। ਸਰਦਾਰ ਨਰੈਣ ਸਿੰਘ ਨੇ

53. ਸਰਦਾਰ ਨਰੈਣ ਸਿੰਘ ਨੇ ਸ਼ੇਕਸਪੀਅਰ ਦੇ ਅੰਗਰੇਜ਼ੀ ਨਾਟਕ *'King Lear'* ਦਾ ਅਨੁਵਾਦ ਲਾਲ ਬਾਦਸ਼ਾਹ ਵਜੋਂ ਕੀਤਾ, ਜਿਹੜਾ ਕਿ ਸਾਹਿਤਕ ਜਗਤ ਵਿਚ ਬਹੁਤ ਸਾਲਾਹਿਆ ਗਿਆ। ਇਸ ਦਾ ਪੂਰਾ ਵੇਰਵਾ ਅਗੇ ਆਵੇਗਾ, ਵੇਖੋ ਪੰਨੇ 91-2.
54. ਨਰੈਣ ਸਿੰਘ, *ਅਕਾਲੀ ਮੋਰਚੇ ਅਤੇ ਝੱਬਰ*, ਨੈਸ਼ਨਲ ਬੁਕ ਸ਼ਾਪ, ਦਿੱਲੀ, 1967, ਪੰਨਾ 'ਦੋ ਸ਼ਬਦ'.

ਇਸ ਦਾ ਪੰਜਾਬੀ ਵਾਰਤਕ ਵਿਚ ਉਲੱਥਾ ਕੀਤਾ, ਜਿਸ ਸਦਕਾ ਇਤਿਹਾਸਕ ਖੋਜੀਆਂ ਲਈ ਇਹ ਕਿਤਾਬ ਬਹੁਤ ਉਪਯੋਗੀ ਸਿਧ ਹੋਈ। ਪੁਸਤਕ ਲਿਖਣ ਵੇਲੇ ਦਾ ਹਾਲ ਸਰਦਾਰ ਨਰੈਣ ਸਿੰਘ ਇਉਂ ਬਿਆਨ ਕਰਦੇ ਹਨ :

> *ਸ. ਕਰਤਾਰ ਸਿੰਘ ਝੱਬਰ, ਜਿਨ੍ਹਾਂ ਨਾਲ ਨਨਕਾਣਾ ਸਾਹਿਬ ਹੁੰਦਿਆਂ ਮੇਰੇ ਗਹਿਰੇ ਸੰਬੰਧ ਹੋ ਗਏ ਸਨ, ਦੇਸ ਵੰਡ ਉਪਰੰਤ ਭੀ ਮੈਨੂੰ ਬਹੁਤ ਵਾਰ ਮਿਲਦੇ ਰਹੇ। ਮੈਨੂੰ ਆਪਣੀ ਉਮਰ ਭਰ ਦੀ ਤਾਰੀਖ ਵਾਰ ਲਿਖੀ ਡਾਇਰੀ ਉਨ੍ਹਾਂ ਵਿਖਾਈ। ਇਸ ਦਾ ਤੁਅਲੱਕ ਵਿਸ਼ੇਸ਼ ਕਰਕੇ ਭਾਵੇਂ ਉਨ੍ਹਾਂ ਦੇ ਜੀਵਨ ਕਾਲ ਨਾਲ ਸੀ ਪਰ ਚੂੰਕਿ ਉਨ੍ਹਾਂ ਦਾ ਇਕ ਪੰਥਕ ਜੀਵਨ ਸੀ, ਇਸ ਲਈ ਇਹ ਉਸ ਸਮੇਂ, ਖਾਸ ਕਰ ਅਕਾਲੀ ਲਹਿਰ 1920 ਤੋਂ 1925 ਦਾ ਹਡ ਬੀਤਿਆ ਹਾਲ ਸੀ। ਜੋ ਗੱਲ ਡਾਇਰੀ ਵਿਚ ਦਰਜ ਸੰਖੇਪ ਸ਼ਬਦਾਂ ਤੋਂ ਸਪਸ਼ਟ ਨਾ ਹੁੰਦੀ, ਉਸ ਦਾ ਵਿਸਤਾਰ ਮੈਂ ਉਨ੍ਹਾਂ ਪਾਸੋਂ ਜ਼ੁਬਾਨੀ ਸੁਣ ਕੇ ਆਪਣੇ ਪਾਸ ਨੋਟ ਕਰ ਲੈਂਦਾ, ਇਉਂ ਇਕ ਕਿਕਰ ਦੀ ਛਾਵੇਂ ਮੈਂ ਸਤਾਰਾਂ ਦਿਨ ਉਨ੍ਹਾਂ ਦੀ ਡਾਇਰੀ ਦਾ ਮੁਤਾਲਿਆ ਕਰਦਾ ਅਤੇ ਉਨ੍ਹਾਂ ਤੋਂ ਜ਼ੁਬਾਨੀ ਸੁਣੇ ਹਾਲਾਤ ਨੋਟ ਕਰਦਾ ਰਿਹਾ। ਜਿਸ ਉਪਰੰਤ ਮੈਂ ਇਨ੍ਹਾਂ ਦਾ ਜੀਵਨ ਤਰਤੀਬ ਵਾਰ ਲਿਖਣਾ ਆਰੰਭਿਆ।*[55]

ਸਰਦਾਰ ਨਰੈਣ ਸਿੰਘ ਨੇ ਇਸ ਕਿਤਾਬ ਰਾਹੀਂ ਭਾਈ ਕਰਤਾਰ ਸਿੰਘ ਝੱਬਰ ਜੀ ਦੇ ਜੀਵਨ, ਸ਼ਖ਼ਸੀਅਤ ਅਤੇ ਸਿੱਖੀ ਪਿਆਰ ਬਾਰੇ ਭਰਪੂਰ ਵਾਕਫੀਅਤ ਦੇ ਕੇ ਇਨ੍ਹਾਂ ਦੀ ਯਾਦ ਸਦੀਵੀ ਤਾਜ਼ਾ ਰਖੀ ਹੈ। ਝੱਬਰ ਜੀ ਦੀ ਸ਼ਖ਼ਸੀਅਤ ਬਾਰੇ ਕਰਤਾ ਨੇ ਕੁਝ ਸ਼ਬਦ ਇਉਂ ਕਲਮਬੰਦ ਕੀਤੇ ਹਨ :

> *ਦੇਸ਼ ਅਤੇ ਗੁਰਦੁਆਰਿਆਂ ਦੀ ਆਜ਼ਾਦੀ ਦਾ ਇਤਿਹਾਸ ਝੱਬਰ ਜੀ ਦੇ ਜ਼ਿਕਰ ਤੋਂ ਬਿਨਾਂ ਅਧੂਰਾ ਤੇ ਨਾ ਮੁਕੰਮਲ ਰਹਿ ਜਾਂਦਾ ਹੈ। ਸੁਤੰਤਰਤਾ ਦੇ ਹਵਨ ਕੁੰਡ ਵਿਚ ਜੋ ਆਹੂਤੀ ਪਾਈ ਗਈ ਹੈ, ਉਸ ਵਿਚ ਆਪਣੇ ਸਮੇਂ ਅੰਦਰ ਭਾਈ ਕਰਤਾਰ ਸਿੰਘ ਝੱਬਰ ਜੀ ਦਾ ਕਾਫੀ ਹਿੱਸਾ ਸੀ, ਨੂੰ ਬਲਕਿ ਇਹ ਕਹਿਣ ਵਿਚ ਕੋਈ ਮੁਬਾਲਗਾ ਨਹੀਂ ਹੋਵੇਗਾ ਕਿ ਜਿਸ ਦਿਨ ਤੋਂ ਝੱਬਰ ਜੀ ਇਸ ਲਹਿਰ ਵਿਚ ਸ਼ਾਮਿਲ ਹੋਏ ਉਸ ਦਿਨ ਤੋਂ ਲੈ ਕੇ ਭਾਰਤ ਅਤੇ ਗੁਰਦੁਆਰੇ ਆਜ਼ਾਦ ਹੋਣ ਤਕ ਉਹਨਾਂ ਦਾ ਸਮੁਚਾ ਜੀਵਨ ਹੀ ਲਹਿਰ ਰੂਪ ਹੋ ਗਿਆ ਸੀ। ਇਸ ਸਮੇਂ ਦੀ ਉਹਨਾਂ ਦੀ ਹਰ ਗੱਲ ਵਿਚ ਇਕ ਲਗਨ ਸੀ। ਸੌਂਦਿਆਂ, ਉਠਦਿਆਂ, ਖਾਂਦਿਆਂ,*

---

55. ਮੇਰਾ ਜੀਵਨ ਪੰਧ ਤੇ ਸਾਹਿਤ ਰੁਚੀ, ਪੂਰਵ ਅੰਕਤ, ਪੰਨਾ 190.

ਪੀਂਦਿਆਂ ਉਹਨਾਂ ਨੂੰ ਇਹ ਧੁਨ ਲੱਗੀ ਰਹਿੰਦੀ ਸੀ ਕਿ ਇਸ ਜੰਗ ਵਿਚ, ਜਿਸ ਦੇ ਉਹ ਆਪਣੇ ਆਪ ਨੂੰ ਖਰੀਦੇ ਗਏ ਸਿਪਾਹੀ ਸਮਝਦੇ ਸਨ, ਫਤਹਿ ਕਿਸ ਤਰ੍ਹਾਂ ਹੋਵੇ? ਕੋਈ ਦੁਖ ਸੁਖ ਜਾਂ ਪੀੜਾ ਇਸ ਤੋਂ ਉਹਨਾਂ ਨੂੰ ਮੋੜ ਨਹੀਂ ਸਕਦੀ ਸੀ। [56]

ਧਰਮਹੀਣ ਪੁਜਾਰੀਆਂ ਅਤੇ ਮਹੰਤਾਂ ਤੋਂ ਗੁਰਦੁਆਰਿਆਂ ਦਾ ਪ੍ਰਬੰਧ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਲਿਆਉਣ ਵਿਚ ਕਰਤਾਰ ਸਿੰਘ ਝੱਬਰ ਦਾ ਵਡਾ ਹਥ ਸੀ, ਖਾਸ ਕਰ ਗੁਰਦੁਆਰਾ ਨਨਕਾਣਾ ਸਾਹਿਬ ਦੀਆਂ ਚਾਬੀਆਂ ਜਿਸ ਨੀਤੀ ਨਾਲ ਕਰਤਾਰ ਸਿੰਘ ਝੱਬਰ ਨੇ ਸਰਕਾਰ ਪਾਸੋਂ ਲਈਆਂ ਸਨ (ਝੱਬਰ ਨੇ ਚਾਬੀਆਂ ਦੇ ਮੋਰਚੇ ਦੀ ਸਮਾਪਤੀ 'ਤੇ ਆਪਣੀ ਕ੍ਰਿਪਾਨ ਦੀ ਨੋਕ 'ਤੇ ਚਾਬੀਆਂ ਲਈਆਂ), ਇਸ ਦੀ ਮਿਸਾਲ ਦੁਨੀਆਂ ਦੇ ਇਤਿਹਾਸ ਵਿਚ ਨਹੀਂ ਮਿਲਦੀ।

ਬੇਸ਼ਕ ਇਹ ਪੁਸਤਕ ਸਰਦਾਰ ਨਰੈਣ ਸਿੰਘ ਦੀ ਕਿਸੇ ਜਾਤੀ ਖੋਜ ਦਾ ਸਿਟਾ ਨਹੀਂ ਪਰੰਤੂ ਫਿਰ ਵੀ ਲੇਖਕ ਦੀ ਪੇਸ਼ਕਾਰੀ ਹੀ ਅਜਿਹੀ ਹੈ ਕਿ ਉਸ ਦੀ ਆਪਣੀ ਤੇ ਭਾਈ ਕਰਤਾਰ ਸਿੰਘ ਝੱਬਰ ਦੀ ਸ਼ਖ਼ਸੀਅਤ ਇਕਮਿਕ ਹੋਈ ਜਾਪਦੀ ਹੈ। ਇਸ ਦਾ ਮੁਖ ਕਾਰਨ ਇਹ ਵੀ ਹੈ ਕਿ ਦੋਨੋਂ ਸਜਣ ਇਕ ਲੰਮਾ ਸਮਾਂ ਇਕੱਠੇ ਰਹੇ ਸਨ।

ਪੁਸਤਕ ਰਾਹੀਂ ਸਰਦਾਰ ਨਰੈਣ ਸਿੰਘ ਦੀ ਇਤਿਹਾਸਕ ਸੂਝ ਦਾ ਵੀ ਪਤਾ ਚਲਦਾ ਹੈ। ਕਰਤਾ ਨੇ ਇਤਿਹਾਸਕ ਘਟਨਾਵਾਂ ਨੂੰ ਲੜੀਵਾਰ ਕਾਲ ਕ੍ਰਮਾਨੁਸਾਰ ਪਰੋ ਕੇ ਬੜੇ ਸੁਚਜੇ ਢੰਗ ਨਾਲ ਪੇਸ਼ ਕੀਤਾ ਹੈ। ਸਮੁਚੀ ਪੁਸਤਕ ਵਿਚ ਕਿਸੇ ਵੀ ਰੋਜ਼ਨਾਮਚੇ ਦੀ ਕੋਈ ਅਸਲ ਨਕਲ ਨਹੀਂ ਦਿਤੀ ਗਈ, ਜੇਕਰ ਅਜਿਹਾ ਹੋ ਜਾਂਦਾ ਤਾਂ ਕਰਤਾ ਦੁਆਰਾ ਦਿਤੀ ਜਾਣਕਾਰੀ ਨੂੰ ਭਰਵੀਂ ਤੇ ਠੋਸ ਗਵਾਹੀ ਮਿਲ ਜਾਣੀ ਸੀ।

ਆਰੰਭ ਵਿਚ ਲੇਖਕ ਨੇ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਦੇ ਪਿਛੋਕੜ ਵਜੋਂ, ਪੰਜਾਬ ਦੇ ਲੋਕਾਂ ਖਾਸ ਕਰਕੇ ਸਿੱਖਾਂ ਵਿਚ ਧਾਰਮਿਕ ਤੇ ਰਾਜਨੀਤਕ ਜਾਗ੍ਰਤੀ ਦਾ ਵਿਕਾਸ ਪੂਰੇ ਤਰਕ ਨਾਲ ਪੇਸ਼ ਕੀਤਾ ਹੈ। ਚੀਫ ਖਾਲਸਾ ਦੀਵਾਨ, ਸਿੰਘ ਸਭਾ ਲਹਿਰ, ਗਦਰ ਪਾਰਟੀ ਲਹਿਰ, ਕਾਮਾ ਗਾਟਾ ਮਾਰੂ ਜਹਾਜ਼, ਰੋਲਟ ਐਕਟ, ਜਲ੍ਹਿਆਂ ਵਾਲਾ ਬਾਗ, ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅਕਾਲੀ ਦਲ ਅਤੇ ਹੋਰ ਨਿਕੀਆਂ-ਵਡੀਆਂ ਅਨੇਕਾਂ ਸਿੱਖ ਜਥੇਬੰਦੀਆਂ ਦੇ ਨਾਲ-ਨਾਲ ਪ੍ਰਮੁਖ ਸ਼ਖ਼ਸੀਅਤਾਂ ਬਾਰੇ ਵੀਕਰਤਾ ਨੇ ਸੰਖੇਪ ਜਾਣਕਾਰੀ ਮੁਹਈਆ ਕਰਵਾਈ ਹੈ। ਇਸ ਤੋਂ ਇਲਾਵਾ ਗੁਰਦੁਆਰਾ ਨਨਕਾਣਾ ਸਾਹਿਬ, ਗੁਰੂ ਕਾ ਬਾਗ, ਅਕਾਲ ਤਖ਼ਤ ਅਤੇ ਜੈਤੋਂ ਦੇ ਮੋਰਚੇ ਨਾਲ ਸੰਬੰਧਿਤ ਘਟਨਾਵਾਂ ਦਾ ਵਰਨਣ ਵੀ ਹੈ।

ਉਪਰੋਕਤ ਦਸੀਆਂ ਲਹਿਰਾਂ/ਘਟਨਾਵਾਂ ਤੋਂ ਬਿਨਾ ਲੇਖਕ ਨੇ ਭਾਈ ਕਰਤਾਰ ਸਿੰਘ ਝੱਬਰ ਦੇ ਨਾਲ-ਨਾਲ ਸ਼ਹੀਦ ਭਾਈ ਲਛਮਣ ਸਿੰਘ, ਭਾਈ ਦਲੀਪ ਸਿੰਘ,

56. *ਅਕਾਲੀ ਮੋਰਚੇ ਅਤੇ ਝੱਬਰ*, ਪੂਰਵ ਅੰਕਤ, ਪੰਨਾ 24.

ਭਾਈ ਵਰਿਆਮ ਸਿੰਘ, ਭਾਈ ਰਣਧੀਰ ਸਿੰਘ ਤੇ ਮਾਸਟਰ ਮੋਤਾ ਸਿੰਘ ਆਦਿ ਵਰਗੇ ਨਿਧੜਕ ਆਗੂਆਂ ਦੀਆਂ ਕੁਰਬਾਨੀਆਂ 'ਤੇ ਵੀ ਝਾਤ ਪਾਈ ਹੈ।

ਪੁਸਤਕ ਕੇਵਲ ਭਾਈ ਕਰਤਾਰ ਸਿੰਘ ਝੱਬਰ ਦੀ ਜੀਵਨੀ ਹੀ ਨਹੀਂ ਬਲਕਿ ਇਕ ਮਹਾਨ ਕੌਮੀ-ਲਹਿਰ ਦੀ ਕਹਾਣੀ ਹੈ ਜਿਸ ਨੇ ਮਹਾਤਮਾ ਗਾਂਧੀ, ਮੋਤੀ ਲਾਲ ਨਹਿਰੂ, ਮਦਨ ਮੋਹਨ ਮਾਲਵੀਆ ਅਤੇ ਪੰਡਤ ਜਵਾਹਰ ਲਾਲ ਵਰਗੇ ਆਗੂਆਂ ਨੂੰ ਪੰਜਾਬ ਆਉਣ ਲਈ ਮਜ਼ਬੂਰ ਕੀਤਾ।[57] ਲੇਖਕ ਨੇ ਕਈ ਹੋਰ ਦੇਸ਼ ਭਗਤਾਂ- ਬਾਬਾ ਖੜਕ ਸਿੰਘ, ਕਰਤਾਰ ਸਿੰਘ ਸਰਾਭਾ ਤੇ ਮਾਸਟਰ ਮੋਤਾ ਸਿੰਘ ਆਦਿ ਨਾਲ ਸੰਬੰਧਿਤ ਕਈ ਘਟਨਾਵਾਂ ਦਾ ਵਰਨਣ ਵੀ ਕੀਤਾ ਹੈ।

ਸਮੁਚੇ ਰੂਪ ਵਿਚ ਪੁਸਤਕ ਦੀ ਅਹਿਮੀਅਤ ਇਸ ਕਰਕੇ ਵੀ ਹੈ ਕਿ ਭਾਈ ਕਰਤਾਰ ਸਿੰਘ ਝੱਬਰ ਜੀ ਨੇ ਜਾਤੀ ਤੌਰ 'ਤੇ ਸਮੁਚੇ ਅਕਾਲੀ ਮੋਰਚਿਆਂ ਵਿਚ ਹਿਸਾ ਲਿਆ ਸੀ।

ਸ੍ਰੀ ਨਨਕਾਣਾ ਸਾਹਿਬ ਦਾ ਸ਼ਹੀਦੀ ਸਾਕਾ

ਇਹ ਪੁਸਤਕ ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ ਵਲੋਂ 1981 ਵਿਚ ਪ੍ਰਕਾਸ਼ਿਤ ਹੋਈ। ਦੂਜੀ ਵਾਰ ਸਿੱਖ ਇਤਿਹਾਸ ਰੀਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਨੇ ਇਸ ਦੀ ਪ੍ਰਕਾਸ਼ਨਾ ਕਰਵਾਈ (ਮਿਤੀਹੀਣ)। ਟ੍ਰੈਕਟਨੁਮਾ ਇਹ ਪੁਸਤਕ ਸਰਦਾਰ ਨਰੈਣ ਸਿੰਘ ਨੇ ਗਿਆਨੀ ਲਾਲ ਸਿੰਘ ਨਾਲ ਮਿਲ ਕੇ ਲਿਖੀ ਹੈ। ਇਸ ਰਚਨਾ ਵਿਚ ਸਰਦਾਰ ਨਰੈਣ ਸਿੰਘ ਦੁਆਰਾ ਅੱਖੀਂ ਡਿਠੇ ਦ੍ਰਿਸ਼ ਅੰਕਿਤ ਕੀਤੇ ਹੋਣ ਕਾਰਨ ਇਤਿਹਾਸਕ ਦ੍ਰਿਸ਼ਟੀ ਤੋਂ ਇਹ ਰਚਨਾ ਬਹੁਤ ਕੀਮਤੀ ਸਿਧ ਹੋਈ ਹੈ।

ਪੰਜ ਅਧਿਆਇਆਂ ਦੀ ਇਸ ਰਚਨਾ ਵਿਚ ਪਹਿਲਾ ਅਧਿਆਇ 'ਸ਼ਹੀਦੀ ' ਸੰਕਲਪ ਦੀ ਵਿਆਖਿਆ ਹੈ। 'ਸ਼ਹੀਦ' ਸ਼ਬਦ ਦੇ ਅਰਥ ਕੁਰਾਨ ਅਨੁਸਾਰ ਗਵਾਹੀ ਦੇਣ ਤੋਂ ਕੀਤੇ ਗਏ ਹਨ। ਕਰਤਾ ਨੇ ਸ਼ਹੀਦ ਹੋਣ ਵਾਲੇ ਵਿਅਕਤੀ ਦੀਆਂ ਨਿਸ਼ਾਨੀਆਂ ਦਸਣ ਦੇ ਨਾਲ-ਨਾਲ ਸ਼ਹੀਦ ਤੇ ਸ਼ਹਾਦਤ ਸੰਕਲਪ ਦੀ ਵਿਸਤਾਰ ਨਾਲ ਵਿਆਖਿਆ ਕੀਤੀ ਹੈ। ਨਜ਼ਾਬਤ ਦੀ ਵਾਰ ਵਿਚੋਂ ਸ਼ਹੀਦਾਂ ਦੀ ਸਿਫ਼ਤ ਵਿਚ ਕਰਤਾ ਕੁਝ ਸ਼ਬਦ ਇਉਂ ਪੇਸ਼ ਕਰਦੈਂ ਹੈ :

ਉਹ ਮਹਿਰਮ ਦੀਨ ਇਸਲਾਮ ਦੇ ਹੈਨ ਪਾਕ ਨਿਮਾਜ਼ੀ।
ਜਿਨ੍ਹਾਂ ਨੂੰ ਦਿੱਤਾ ਗੁਸਲ ਫਰਿਸ਼ਤਿਆਂ, ਪੜ੍ਹ ਸੂਰਤ ਸਬਾਬੀ।

---

57. ਸੰਨ 1929 ਈ. ਵਿਚ ਕਾਂਗਰਸ ਦਾ ਜਨਰਲ ਇਜਲਾਸ ਲਾਹੌਰ ਹੋਣਾ ਨਿਯਤ ਸੀ। ਇਸ ਇਜਲਾਸ ਤੋਂ ਇਕ ਮਹੀਨਾ ਪਹਿਲਾਂ ਝੱਬਰ ਜੀ ਦੇ ਇਕ ਪ੍ਰਕਾਸ਼ਿਤ ਐਲਾਨ ਨੇ ਕਾਂਗਰਸੀ ਨੇਤਾਵਾਂ ਨੂੰ ਇਹ ਸੋਚਣ ਲਈ ਮਜ਼ਬੂਰ ਕਰ ਦਿਤਾ ਕਿ ਪੰਜਾਬ ਦੇ ਸਿੱਖਾਂ ਨੂੰ ਨਾਲ ਲਏ ਬਿਨਾਂ ਕਾਂਗਰਸ ਦੀ ਕੋਈ ਲਹਿਰ ਪੰਜਾਬ ਵਿਚ ਸਫਲ ਨਹੀਂ ਹੋ ਸਕਦੀ। ਇਸ ਲਈ ਇਜਲਾਸ ਤੋਂ 15 ਦਿਨ ਪਹਿਲਾਂ ਪੰਡਤ ਮੋਤੀ ਲਾਲ ਨਹਿਰੂ, ਮਹਾਤਮਾ ਗਾਂਧੀ, ਪੰਡਤ ਮਦਨ ਮੋਹਨ ਮਾਲਵੀਆ ਨੇ ਲਾਹੌਰ ਪਹੁੰਚ ਕੇ ਸ ਖੜਕ ਸਿੰਘ ਤੇ ਹੋਰ ਸਿੱਖ ਨੇਤਾਵਾਂ ਨਾਲ ਗਲਬਾਤ ਕੀਤੀ। ਵੇਖੋ : ਅਕਾਲੀ ਮੋਰਚੇ ਅਤੇ ਝੱਬਰ, ਪੂਰਵ ਅੰਕਤ, ਪੰਨਾ ੧੨੫.

ਸਿਰ ਦਿੰਦੇ ਰੱਬ ਦੇ ਵਾਸਤੇ, ਆਪ ਥੀਂਦੇ ਗਾਜ਼ੀ।
ਉਨ੍ਹਾਂ ਦੀ ਕੀਤੀ ਸਿਫਤ ਪੈਗੰਬਰਾਂ, ਭਜ ਰਲੇ ਜਨਾਜੀਂ।
ਉਨ੍ਹਾਂ ਜਾ ਕੇ ਪਾਈ ਬਹਿਸ਼ਤ ਵਿਚ, ਸ਼ਹਾਦਤ ਸਾਦੀ।
ਉਹ ਜਾ ਹਜ਼ੂਰ ਰਸੂਲ ਦੇ, ਹੋਏ ਮੇਅਰਾਜੀ।[58]

ਭਾਰਤ ਅੰਦਰ ਪ੍ਰਚਲਤ ਬਲੀਦਾਨ ਦੀ ਪੁਰਾਤਨ ਰਵਾਇਤ ਦਾ ਖੰਡਨ ਕਰਦੇ ਹੋਏ ਕਰਤਾ ਇਸ ਨੂੰ ਨਿਜੀ ਸਵਾਰਥ ਤਹਿਤ ਕੀਤਾ ਹੋਇਆ ਕਰਮ ਦਸਦਾ ਹੈ, ਜਦੋਂ ਕਿ ਗੁਰਮਤਿ ਅਨੁਸਾਰ ਸ਼ਹੀਦੀ ਇਛਾ ਰਹਿਤ ਸੰਕਲਪ ਹੈ।[59] ਤੁਲਨਾਤਮਿਕ ਧਰਮਾਂ ਅੰਦਰ ਪਾਏ ਜਾਂਦੇ ਸ਼ਹੀਦੀ ਸਿਧਾਂਤ ਦੇ ਸੰਦਰਭ ਵਿਚ ਲੇਖਕ ਗੁਰਮਤਿ ਵਿਚਲੇ ਸ਼ਹੀਦੀ ਸੰਕਲਪ ਦੀ ਵਿਲਖਣਤਾ ਪੇਸ਼ ਕਰਦਾ ਹੈ। ਇਸ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਵਲੋਂ ਦਿਤੀ ਲਾਸਾਨੀ ਸ਼ਹਾਦਤ ਦਾ ਜ਼ਿਕਰ ਵੀ ਹੈ। ਸਿੱਖ ਪੰਥ ਵਿਚਲੀ ਸ਼ਹਾਦਤਾਂ ਨੂੰ ਯਾਦ ਕਰਵਾਉਂਦੀ 'ਅਰਦਾਸ' ਦਾ ਸੰਕੇਤ ਵੀ ਹੈ ਜਿਸ ਰਾਹੀਂ ਸਿੱਖ ਜਗਤ ਆਪਣੇ ਸ਼ਹੀਦਾਂ ਨੂੰ ਰੋਜ਼ਾਨਾ ਦੋ ਵੇਲੇ ਯਾਦ ਕਰਦਾ ਹੈ :

> *ਜਿਨ੍ਹਾਂ ਬੰਦ ਬੰਦ ਕਟਵਾਏ, ਖੋਪਰੀਆਂ ਲੁਹਾਈਆਂ, ਆਰਿਆਂ ਨਾਲ ਚੀਰੇ ਗਏ, ਚਰਖੜੀਆਂ ਉਤੇ ਚੜ੍ਹੇ, ਬੱਚਿਆਂ ਦੇ ਟੋਟੇ ਟੋਟੇ ਕਰਵਾ ਕੇ ਝੋਲੀਆਂ ਵਿਚ ਪਵਾਏ, ਧਰਮ ਨਹੀਂ ਹਾਰਿਆ, ਤਿਨ੍ਹਾਂ ਦੀ ਕਮਾਈ ਵਲ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ...*[60]

ਦੂਜੇ ਅਧਿਆਇ ਵਿਚ ਲੇਖਕ ਨੇ ਨਨਕਾਣਾ ਸਾਹਿਬ ਦੇ ਸ਼ਹੀਦੀ ਸਾਕੇ ਦਾ ਪਿਛੋਕੜ ਵਿਸਤਾਰ ਨਾਲ ਬਿਆਨ ਕੀਤਾ ਹੈ। ਕਰਤਾ ਅਨੁਸਾਰ ਇਹ ਸਾਕਾ ਕੋਈ ਅਚਾਨਕ ਵਾਪਰਨ ਵਾਲੀ ਘਟਨਾ ਨਹੀਂ ਸੀ ਬਲਕਿ ਬਹੁਤ ਦੇਰ ਪਹਿਲੋਂ ਤੋਂ ਚਲਦੀ ਆ ਰਹੀ ਸਿੱਖ ਵਿਰੋਧੀ ਈਰਖਾ ਦਾ ਸਿਖਰ ਸੀ ਜਿਹੜੀ ਕਿ ਅੰਗਰੇਜ਼ ਰਾਜ ਤੋਂ ਸ਼ੁਰੂ ਹੋਈ। ਇਸ ਈਰਖਾ ਕਾਰਨ ਅੰਗਰੇਜ਼ ਰਾਜ ਦੇ ਵਿਰੋਧ ਵਿਚ ਚਲੀਆਂ ਹੋਰ ਲਹਿਰਾਂ ਜਿਵੇਂ, ਕੂਕਾ ਲਹਿਰ, ਗਦਰ ਲਹਿਰ ਤੇ ਸਾਕਾ ਜਲ੍ਹਿਆਂ ਵਾਲਾ ਬਾਗ ਆਦਿ ਬਾਰੇ ਵੀ ਵੇਰਵਾ ਮਿਲਦਾ ਹੈ। ਅੰਗਰੇਜ਼ਾਂ ਨੇ ਪੰਜਾਬ ਦਾ ਰਾਜ ਸੰਭਾਲਣ ਉਪਰੰਤ ਇਹ ਗੱਲ ਭਾਸ ਲਈ ਸੀ ਕਿ ਗੁਰਦੁਆਰਿਆਂ ਦਾ ਸਿੱਖਾਂ ਨਾਲ ਨਹੁੰ-ਮਾਸ ਵਾਲਾ ਰਿਸ਼ਤਾ ਹੈ ਜਿਸ ਕਰਕੇ ਉਨ੍ਹਾਂ ਨੇ ਗੁਰਦੁਆਰਿਆਂ ਨੂੰ ਆਪਣੇ ਅਧਿਕਾਰ ਖੇਤਰ ਵਿਚ ਰਖਣ ਦੀ ਵਿਉਂਤ ਬਣਾਈ। ਇਸ ਤਹਿਤ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਅਤੇ ਤਰਨਤਾਰਨ ਨੂੰ ਸਿਧਾ ਡਿਪਟੀ ਕਮਿਸ਼ਨਰ ਵਲੋਂ ਥਾਪੇ ਸਰਬਰਾਹ ਦੇ ਪ੍ਰਬੰਧ ਹੇਠ ਰਖਿਆ ਗਿਆ। ਬਾਕੀ ਗੁਰਦੁਆਰਿਆਂ ਦੇ ਮਹੰਤ ਅਤੇ ਪੁਜਾਰੀ ਵੀ ਵਿਸ਼ੇਸ਼ ਸਰਕਾਰੀ ਪ੍ਰਭਾਵ ਅਧੀਨ ਸਨ। ਅੰਗੇਰਜ਼ਾਂ ਦੁਆਰਾ ਨਵੇਂ ਸਿਰਿਉਂ ਕੀਤੇ

---

58. ਨਰੈਣ ਸਿੰਘ, ਗਿ. ਲਾਲ ਸਿੰਘ, *ਸ੍ਰੀ ਨਨਕਾਣਾ ਸਾਹਿਬ ਦਾ ਸ਼ਹੀਦੀ ਸਾਕਾ*, ਸਿੱਖ ਇਤਿਹਾਸ ਰੀਸਰਚ ਬੋਰਡ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਅੰਮ੍ਰਿਤਸਰ, ਪੰਨਾ ੨.
59. *ਉਹੀ*, ਪੰਨਾ ੩
60. *ਸਿੱਖ ਰਹਿਤ ਮਰਯਾਦਾ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰਨਾ ੭.

ਗਏ ਜ਼ਮੀਨੀ ਪ੍ਰਬੰਧ ਕਾਰਨ ਗੁਰਦੁਆਰਿਆਂ ਦੀਆਂ ਜ਼ਮੀਨਾਂ ਮਹੰਤਾਂ ਦੇ ਕਬਜ਼ੇ ਹੇਠ ਆ ਗਈਆਂ। ਜ਼ਮੀਨਾਂ ਆਪਣੇ ਨਾਂ ਕਰਵਾਉਣ ਮਗਰੋਂ ਮਹੰਤ ਤੇ ਪੁਜਾਰੀ ਹੌਲੇ-ਹੌਲੇ ਗੁਰਮਤਿ ਨੂੰ ਤਿਲਾਂਜਲੀ ਦਿੰਦੇ ਹੋਏ ਗੁਰਦੁਆਰਿਆਂ ਅੰਦਰ ਕੁਰੀਤੀਆਂ ਕਰਨ ਲਗ ਪਏ। ਇਸ ਦੇ ਵਿਰੋਧ ਵਿਚ ਸਿੱਖ ਸੰਗਤਾਂ ਵਲੋਂ ਗੁਰਦੁਆਰੇ ਆਪਣੇ ਪ੍ਰਬੰਧ ਅਧੀਨ ਲਿਆਉਣ ਲਈ ਉਪਰਾਲੇ ਆਰੰਭੇ ਗਏ ਜਿਸ ਤਹਿਤ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਦੇ ਜ਼ੋਰ ਫੜਣ ਨਾਲ ਸਿੱਖਾਂ ਤੇ ਮਹੰਤਾਂ ਵਿਚਕਾਰ ਟਕਰਾਅ ਹੋ ਗਿਆ।

ਤੀਜੇ ਅਧਿਆਇ ਵਿਚ ਕਰਤਾ ਨੇ ਨਨਕਾਣਾ ਸਾਹਿਬ ਦੇ ਸ਼ਹੀਦੀ ਸਾਕੇ ਦੀ ਵਾਰਤਾ ਵਿਸਤਾਰ ਸਹਿਤ ਬਿਆਨ ਕੀਤੀ ਹੈ। ਲੇਖਕ ਦਸਦਾ ਹੈ ਕਿ ਇਥੋਂ ਦੇ ਮਹੰਤ ਨਰੈਣ ਦਾਸ ਦੇ ਚਰਿਤ੍ਰਹੀਣ ਹੋਣ ਕਾਰਨ ਕੁਝ ਸਿੰਘਾਂ- ਭਾਈ ਲਛਮਣ ਸਿੰਘ, ਭਾਈ ਦਲੀਪ ਸਿੰਘ ਤੇ ਭਾਈ ਟਹਿਲ ਸਿੰਘ ਆਦਿ ਨੇ ਭਾਈ ਕਰਤਾਰ ਸਿੰਘ ਝੱਬਰ ਨਾਲ ਮਿਲ ਕੇ ਮਹੰਤ ਨੂੰ ਗੁਰਦੁਆਰੇ 'ਚੋਂ ਕਢਣ ਦਾ ਮਨ ਬਣਾਇਆ। ਇਸੇ ਤਹਿਤ ਹੋਈਆਂ ਸ਼ਹੀਦੀਆਂ ਦਾ ਪੂਰਾ ਵੇਰਵਾ ਦਿਤਾ ਗਿਆ ਹੈ।

ਚੌਥੇ ਅਧਿਆਇ ਵਿਚ ਗੁਰਦੁਆਰਾ ਜਨਮ ਅਸਥਾਨ ਦਾ ਕਬਜ਼ਾ ਲੈਣ ਦਾ ਸਾਰਾ ਹਾਲ ਹੈ। ਲੇਖਕ ਅਨੁਸਾਰ ਭਾਈ ਕਰਤਾਰ ਸਿੰਘ ਝੱਬਰ ਨੇ ਲਗਪਗ 2200 ਸਾਥੀਆਂ ਸਣੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਅਰਦਾਸਾ ਸੋਧ ਕੇ ਸ੍ਰੀ ਨਨਕਾਣਾ ਸਾਹਿਬ ਵਲ ਵਹੀਰਾਂ ਘਤੀਆਂ। ਭਾਵੇਂ ਰਸਤੇ ਵਿਚ ਇਨ੍ਹਾਂ ਨੂੰ ਪੰਜਾਬ ਸਰਕਾਰ ਦੇ ਵਕੀਲ ਮਹਿਤਾਬ ਸਿਹੁੰ ਨੇ ਡਰਾਉਣ ਦੀ ਅਸਫਲ ਕੋਸ਼ਿਸ਼ ਵੀ ਕੀਤੀ ਪਰੰਤੂ ਸਿੰਘਾਂ ਨੇ ਗੋਰੇ ਫ਼ੌਜੀਆਂ ਦੀ ਪ੍ਰਵਾਹ ਕੀਤੇ ਬਗੈਰ ਆਪਣੀ ਮੰਜ਼ਿਲ ਵਲ ਵਧਣਾ ਕੀਤਾ। ਸਿਟੇ ਵਜੋਂ ਸਿੰਘਾਂ ਦੇ ਅਟੱਲ ਫੈਸਲੇ ਅਗੇ ਅੰਗਰੇਜ਼ ਅਫ਼ਸਰਾਂ ਨੂੰ ਝੁਕਦੇ ਹੋਏ ਗੁਰਦੁਆਰਾ ਜਨਮ ਅਸਥਾਨ ਦੀਆਂ ਚਾਬੀਆਂ ਇਨ੍ਹਾਂ ਹਵਾਲੇ ਕਰਨੀਆਂ ਪਈਆਂ। ਚਾਬੀਆਂ ਕਬਜ਼ੇ ਵਿਚ ਲੈਣ ਉਪਰੰਤ ਗੁਰਦੁਆਰਾ ਸਾਹਿਬ ਦਾ ਦਰਵਾਜ਼ਾ ਖੋਲ੍ਹਣ ਸਾਰ ਸਾਹਮਣੇ ਆਏ ਦਰਦਨਾਕ ਦ੍ਰਿਸ਼ ਦਾ ਲੇਖਕ ਨੇ ਸੰਪੂਰਨ ਵੇਰਵਾ ਜਾਤੀ ਦਰਦ ਨਾਲ ਪੇਸ਼ ਕੀਤਾ ਹੈ।

ਪੰਜਵੇਂ ਅਧਿਆਇ ਵਿਚ ਕਰਤਾ ਨੇ ਸ਼ਹੀਦਾਂ ਦੇ ਸਸਕਾਰ ਦਾ ਲੂੰ-ਕੰਢੇ ਖੜ੍ਹੇ ਕਰਨ ਵਾਲਾ ਦ੍ਰਿਸ਼ ਬਿਆਨ ਕੀਤਾ ਹੈ।

ਸਮੁਚੇ ਰੂਪ ਵਿਚ ਪੁਸਤਕ ਰਾਹੀਂ ਸਿੱਖੀ ਪਿਆਰ ਤੇ ਦ੍ਰਿੜਤਾ ਨੂੰ ਦਰਸਾਇਆ ਗਿਆ ਹੈ, ਜਿਸ ਲਈ ਆਪਣੇ ਇਸ਼ਟ (ਗੁਰੂ) ਤੋਂ ਕੁਰਬਾਨ ਹੋਣ ਵਾਲੇ ਸਿੰਘਾਂ ਨੇ ਸਿੱਖੀ ਪਿਆਰ ਦੀ ਸ਼ਹਾਦਤ (ਸਾਖੀ) ਸ਼ਹੀਦੀ ਜਾਮ ਪੀ ਕੇ ਪੇਸ਼ ਕੀਤੀ।

ਗੁਰੂ ਨਾਨਕ ਮਾਰਗ

ਸਰਦਾਰ ਨਰੈਣ ਸਿੰਘ ਦੀ ਇਹ ਪੁਸਤਕ ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਵਲੋਂ 1971 ਈ. ਵਿਚ ਪ੍ਰਕਾਸ਼ਿਤ ਹੋਈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪੰਜ ਸੌ

ਸਾਲਾ ਪ੍ਰਕਾਸ਼ ਉਤਸਵ ਮਨਾਉਣ ਲਈ ਭਾਸ਼ਾ ਵਿਭਾਗ, ਪੰਜਾਬ ਵਲੋਂ ਉਲੀਕੀ ਗਈ ਇਕ ਵਿਉਂਤ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਤੇ ਉਪਦੇਸ਼ਾਂ ਸੰਬੰਧੀ ਉਚਤਮ ਸਾਹਿਤ ਸਿਰਜਣ ਬਾਰੇ ਨਿਸ਼ਚਿਤ ਹੋਈ ਸੀ। ਇਸੇ ਵਿਉਂਤ ਤਹਿਤ ਇਹ ਪੁਸਤਕ ਪ੍ਰਕਾਸ਼ਿਤ ਹੋਈ। ਇਸ ਦਾ ਮੁਖ ਬੰਦ ਗਿਆਨੀ ਲਾਲ ਸਿੰਘ ਜੀ (ਸਾਬਕਾ ਡਾਇਰੈਕਟਰ, ਭਾਸ਼ਾ ਵਿਭਾਗ) ਨੇ ਲਿਖਿਆ ਹੈ।

ਕਰਤਾ ਨੇ ਪੁਸਤਕ ਵਿਚ ਗੁਰੂ ਨਾਨਕ ਦੇਵ ਜੀ ਦੇ ਜੀਵਨ ਵਿਚਲੀਆਂ ਕੁਝ ਕੁ ਘਟਨਾਵਾਂ ਲੈ ਕੇ ਗੁਰੂ ਸਾਹਿਬ ਦੇ ਆਦਰਸ਼ਾਂ ਨੂੰ ਕਲਮ-ਬਧ ਕੀਤਾ ਹੈ। ਇਨ੍ਹਾਂ ਲੇਖਾਂ ਦਾ ਉਦੇਸ਼ ਨਿਰੋਲ ਇਤਿਹਾਸਕ ਦ੍ਰਿਸ਼ਟੀਕੋਣ ਤੋਂ ਗੁਰੂ ਨਾਨਕ ਜੀਵਨੀ ਪਾਠਕਾਂ ਤਕ ਪਹੁੰਚਾਉਣਾ ਨਹੀਂ ਸਗੋਂ ਸਤਿਗੁਰੂ ਜੀ ਦੇ ਜੀਵਨ ਤੇ ਦਰਸ਼ਨ ਨੂੰ ਰਲਾ-ਮਿਲਾ ਕੇ ਰੂਪਮਾਨ ਕਰਨਾ ਹੈ। ਪੁਸਤਕ ਸਤ ਲੇਖਾਂ ਦਾ ਸੰਗ੍ਰਹਿ ਹੈ।

ਪਹਿਲੇ ਲੇਖ, *ਸੁਣੀ ਪੁਕਾਰ ਦਾਤਾਰ ਪ੍ਰਭ ਗੁਰੁ ਨਾਨਕੁ ਜਗ ਮਾਹਿ ਪਠਾਇਆ* ਵਿਚ ਲੇਖਕ ਨੇ ਭਾਈ ਗੁਰਦਾਸ ਜੀ ਦੇ ਹਵਾਲੇ ਨਾਲ ਪੰਦਰਵੀਂ ਤੇ ਸੋਲ੍ਹਵੀਂ ਸਦੀ ਵਿਚ ਭਾਰਤ ਦੀ ਰਾਜਸੀ ਤੇ ਸਮਾਜਿਕ ਦਸ਼ਾ ਦਾ ਵਰਨਣ ਕੀਤਾ ਹੈ। ਉਸ ਸਮੇਂ ਸਮੁਚਾ ਸਮਾਜ ਟੁਕੜੇ-ਟੁਕੜੇ ਹੋ ਚੁਕਿਆ ਸੀ। ਲੋਕਾਂ ਵਿਚ ਆਪਸੀ ਈਰਖਾ, ਘ੍ਰਿਣਾ, ਬੇ-ਭਰੋਸਗੀ, ਧੋਖਾ, ਠਗੀ ਆਦਿ ਪ੍ਰਧਾਨ ਸਨ। ਮਜ਼ਹਬੀ ਵਿਰੋਧ ਨੇ ਮਨੁਖੀ ਜੀਵਨ ਦੀ ਕੀਮਤ ਗਵਾ ਦਿਤੀ ਸੀ ਅਤੇ ਮਨੁਖ ਨੂੰ ਮਾਰ ਦੇਣਾ ਕੀੜੇ ਮਕੌੜੇ ਮਾਰਨ ਤੁਲ ਸੀ। ਸ੍ਵੈਮਾਣ ਤੇ ਅਣਖ ਦੀ ਮਨੁਖੀ ਹਿਰਦੇ ਅੰਦਰ ਕੋਈ ਥਾਂ ਨਹੀਂ ਸੀ। ਜਾਤ ਵੰਡ, ਉਚੇ-ਨੀਵੇਂ ਅਤੇ ਹਿੰਦੂ-ਮੁਸਲਮਾਨ ਦੇ ਵਿਚਾਰਾਂ ਨੇ ਮਨੁਖਾਂ ਨੂੰ ਇਕ ਦੂਜੇ ਤੋਂ ਦੂਰ ਕੀਤਾ ਹੋਇਆ ਸੀ। ਮਨੁਖ ਦੀ ਪਹਿਚਾਣ ਮਨੁਖ ਹੋਣ ਦੇ ਨਾਤੇ ਨਹੀਂ ਬਲਕਿ ਹਿੰਦੂ-ਮੁਸਲਮਾਨ ਅਤੇ ਬ੍ਰਾਹਮਣ-ਸ਼ੂਦਰ ਹੋਣ ਦੇ ਨਾਤੇ ਕੀਤੀ ਜਾਂਦੀ ਸੀ। ਅਜਿਹੀ ਅਧੋਗਤੀ ਸਮੇਂ ਲੋਕਾਈ ਦੀ ਪੁਕਾਰ ਸੁਣ ਕੇ ਦਾਤਾਰ ਪ੍ਰਭੂ ਨੇ ਗੁਰੂ ਨਾਨਕ ਦੇਵ ਜੀ ਨੂੰ ਸੰਸਾਰ 'ਤੇ ਭੇਜਿਆ :

ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੁ ਨਾਨਕ ਜਗ ਮਾਹਿ ਪਠਾਇਆ॥ [61]

ਦੂਜੇ ਲੇਖ, *ਆਗਮਨ* ਵਿਚ ਲੇਖਕ ਨੇ ਗੁਰੂ ਨਾਨਕ ਸਾਹਿਬ ਦੇ ਆਗਮਨ ਅਥਵਾ ਪ੍ਰਕਾਸ਼ ਦੀ ਗੱਲ ਕੀਤੀ ਹੈ। ਲੇਖਕ ਅਨੁਸਾਰ ਗੁਰੂ ਨਾਨਕ ਸਾਹਿਬ ਨੇ ਪੁਰਾਤਨ ਹਿੰਦੂ ਅਵਤਾਰਾਂ-ਰਾਮ ਚੰਦਰ ਤੇ ਕ੍ਰਿਸ਼ਨ ਜਾਂ ਬੁਧ ਤੇ ਜੈਨ ਮਤ ਦੇ ਬਾਨੀਆਂ- ਗੌਤਮ ਤੇ ਮਹਾਵੀਰ ਵਾਂਗ ਕਿਸੇ ਰਾਜ ਘਰਾਣੇ ਵਿਚ ਪ੍ਰਗਟ ਹੋ ਕੇ ਆਪਣੇ ਪ੍ਰਭੂ ਹੋਣ ਦੀ ਪ੍ਰਭਤਾ ਨਹੀਂ ਦਸੀ। ਸਗੋਂ ਜਿਸ ਪ੍ਰਯੋਜਨ ਲਈ ਆਪ ਸੰਸਾਰ 'ਤੇ ਆਏ ਸਨ ਉਸ ਨੂੰ ਪੂਰਾ ਕਰਨ ਲਈ ਆਪ ਨੇ ਇਕ ਸਾਧਾਰਣ ਨਗਰ ਦੇ ਆਮ ਮਨੁਖ ਨੂੰ ਨਿਵਾਜਿਆ।

ਕਰਤਾ ਨੇ ਗੁਰੂ ਨਾਨਕ ਸਾਹਿਬ ਦੀਆਂ ਬਾਲ ਲੀਲ੍ਹਾਵਾਂ- ਮਹੀਆਂ ਚਾਰਨਾ,

61. *ਭਾਈ ਗੁਰਦਾਸ*, ਵਾਰ/ਪਉੜੀ - ੧/੨੩

ਮੌਲਵੀ ਪਾਸ ਪੜ੍ਹਨਾ, ਜਨੇਊ ਪਾਉਣਾ, ਵੈਦ ਬੁਲਾਉਣਾ,'ਨਾਨਕ ਦੀ ਹਟ', ਭਾਵ ਮੋਦੀਖਾਨੇ ਵਿਖੇ ਮੋਦੀ ਦੀ ਨੌਕਰੀ, ਵੇਈਂ ਪ੍ਰਵੇਸ਼ ਕਰਨਾ ਆਦਿ ਨੂੰ ਸੰਖੇਪ ਵਿਚ ਵਰਨਣ ਕੀਤਾ ਹੈ।

ਕਰਤਾ ਅਨੁਸਾਰ ਵੇਈਂ ਪ੍ਰਵੇਸ਼ ਵਾਲੀ ਸਾਖੀ ਰਾਹੀਂ ਗੁਰੂ ਨਾਨਕ ਸਾਹਿਬ ਦੁਆਰਾ ਦ੍ਰਿੜ ਕਰਵਾਇਆ ਸੰਦੇਸ਼ 'ਨ ਕੋ ਹਿੰਦੂ ਨਾ ਮੁਸਲਮਾਨ' ਗੁਰੂ ਸਾਹਿਬ ਦੇ ਜੀਵਨ ਵਿਚਲਾ ਅਜਿਹਾ ਮੋੜ ਸੀ ਜਿਸ ਤੋਂ ਇਕ ਨਵੀਂ ਮੰਜ਼ਿਲ 'ਧਰਤ ਲੁਕਾਈ' ਨੂੰ ਸੋਧਣ ਦਾ ਆਰੰਭ ਹੋਇਆ ਸੀ।

ਤੀਜੇ ਲੇਖ, *ਚੜ੍ਹਿਆ ਸੋਧਣ ਧਰਤ ਲੁਕਾਈ* ਵਿਚ ਕਰਤਾ ਨੇ ਗੁਰੂ ਨਾਨਕ ਸਾਹਿਬ ਦੁਆਰਾ ਲੁਕਾਈ ਨੂੰ ਸੋਧਣ ਲਈ ਚੁਕੇ ਕਦਮਾਂ ਦਾ ਵੇਰਵਾ ਦਿਤਾ ਹੈ। ਗੁਰੂ ਸਾਹਿਬ ਦੇ ਸਾਹਮਣੇ ਮਨੁਖਤਾ ਦਾ ਮਨ ਬਦਲਣ ਦਾ ਮਸਲਾ ਸੀ, ਮਨੁਖ ਦੀ ਸੋਚਣੀ ਅਤੇ ਉਸ ਦੇ ਸੁਭਾਅ ਅੰਦਰ ਨਵੀਂ ਕ੍ਰਾਂਤੀ ਲਿਆਉਣੀ ਸੀ। ਇਹ ਕਿਸੇ ਇਕ ਖੰਡ ਜਾਂ ਦੇਸ਼ ਦਾ ਸਵਾਲ ਨਹੀਂ ਸੀ ਬਲਕਿ ਸਮੁਚੀ ਲੁਕਾਈ ਦੇ ਸੋਧਣ ਦਾ ਕੰਮ ਸੀ ਜਿਸ ਲਈ ਸਤਿਗੁਰਾਂ ਨੇ ਦੋ ਸੌ ਸਾਲਾਂ ਤੋਂ ਵਧ ਸਮੇਂ ਦੀ ਵਿਉਂਤ ਉਲੀਕੀ। ਇਸ ਦੀ ਸਫਲਤਾ ਲਈ ਪਹਿਲਾਂ ਬਾਬੇ ਨੇ ਅਕਾਲ ਪੁਰਖ ਤੋਂ ਬਖਸ਼ਿਸ਼ ਪ੍ਰਾਪਤ ਕੀਤੀ :

– *ਪਹਿਲਾ ਬਾਬੇ ਪਾਯਾ ਬਖਸ ਦਰਿ ਪਿਛੋ ਦੇ ਫਿਰਿ ਘਾਲ ਕਮਾਈ॥*[62]
– *ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ॥*
ਚੜ੍ਹਿਆ ਸੋਧਨ ਧਰਤ ਲੁਕਾਈ॥[63]

ਲੇਖਕ ਅਨੁਸਾਰ ਜਦੋਂ ਵੀ ਕੋਈ ਨਵੀਂ ਲਹਿਰ ਆਰੰਭ ਕਰਨੀ ਹੋਵੇ ਤਾਂ ਉਸ ਦਾ ਵਿਸ਼ੇਸ਼ ਨਾਅਰਾ ਘੜਿਆ ਜਾਂਦਾ ਹੈ ਅਤੇ ਵਿਸ਼ੇਸ਼ ਝੰਡਾ ਹੁੰਦਾ ਹੈ ਜਿਸ ਹੇਠ ਲੋਕ ਇਕੱਠੇ ਹੋ ਕੇ ਨਵਾਂ ਨਾਅਰਾ ਉਚੀ ਆਵਾਜ਼ ਨਾਲ ਲਾਉਂਦੇ ਹਨ, ਜਿਸ ਨਾਲ ਲਹਿਰ ਵਿਚ ਜੀਵਨ ਆਉਂਦਾ ਹੈ।

ਚੌਥੇ ਲੇਖ, *ਸਤਿਨਾਮ ਦਾ ਚੱਕ੍ਰ ਫਿਰਾਇਆ* ਵਿਚ ਕਰਤਾ ਨੇ ਗੁਰੂ ਨਾਨਕ ਸਾਹਿਬ ਦੁਆਰਾ ਲੋਕਾਈ ਨੂੰ ਸੋਧਣ ਹਿਤ ਦਿਤੇ ਉਪਦੇਸ਼ਾਂ ਦਾ ਵੇਰਵਾ ਦਿਤਾ ਹੈ। ਗੁਰੂ ਸਾਹਿਬ ਦੁਆਰਾ ਦ੍ਰਿੜ ਕਰਵਾਏ ਸਿਧਾਂਤ- ਇਕ ਰੱਬ,[64] ਸੰਗਤ-ਪੰਗਤ, ਗ੍ਰਹਿਸਥ, ਕਿਰਤ, ਰੱਬੀ ਪਿਆਰ, ਸੇਵਾ ਤੇ ਸਿਮਰਨ ਆਦਿ ਨੂੰ ਗੁਰਬਾਣੀ ਦੇ ਹਵਾਲਿਆਂ ਨਾਲ ਵਿਆਖਿਆਇਆ ਗਿਆ ਹੈ।

ਪੰਜਵੇਂ ਲੇਖ, *ਨਾਨਕ ਨਾਮੁ ਚੜ੍ਹਦੀ ਕਲਾ* ਵਿਚ ਲੇਖਕ ਦਸਦਾ ਹੈ ਕਿ ਗੁਰੂ ਨਾਨਕ ਮਾਰਗ ਨਾਮ ਦਾ ਮਾਰਗ ਹੈ :

ਨਾਨਕ ਕੈ ਘਰਿ ਕੇਵਲ ਨਾਮੁ॥[65]

---

62. *ਭਾਈ ਗੁਰਦਾਸ*, ਵਾਰ/ ਪਉੜੀ, ੧/੨੪.
63. *ਉਹੀ.*
64. *ਸਾਹਿਬ ਮੇਰਾ ਏਕੋ ਹੈ ਏਕੋ ਹੈ ਭਾਈ ਏਕੋ ਹੈ॥* - ਸ੍ਰੀ ਗੁਰੂ ਗ੍ਰੰਥ ਸਾਹਿਬ, ੩੫੦.
65. ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੩੬.

ਨਾਮ ਜਪਣ ਵਾਲਾ ਮਨੁਖ ਕੰਵਲ ਫੁਲ ਵਾਂਗ ਖਿੜਿਆ ਰਹਿੰਦਾ ਹੈ। ਜਿਥੇ ਨਾਮ ਹੈ ਉਥੇ ਖੇੜਾ ਹੈ। ਨਾਮ ਚੜ੍ਹਦੀ ਕਲਾ ਦਾ ਮੁਖ ਆਧਾਰ ਹੈ। ਕਰਤਾ ਨੇ ਭਗਤੀ ਪਰੰਪਰਾ ਤੋਂ ਗੁਰੂ ਪਰੰਪਰਾ ਨੂੰ ਨਿਖੇੜਣ ਲਈ ਸ਼ੇਖ ਫਰੀਦ ਤੇ ਗੁਰੂ ਨਾਨਕ ਸਾਹਿਬ ਦੀ ਬਾਣੀ ਦਾ ਤੁਲਨਾਤਮਿਕ ਅਧਿਐਨ ਵੀ ਕੀਤਾ ਹੈ। ਗੁਰੂ ਨਾਨਕ ਸਾਹਿਬ ਤੋਂ ਪਹਿਲਾਂ ਅਕਾਲ ਪੁਰਖ ਦੇ ਅਨਗਿਣਤ ਨਾਮ ਪ੍ਰਚਲਤ ਸਨ ਪਰੰਤੂ ਕੋਈ ਵੀ ਨਾਮ ਪੂਰਨ ਤੌਰ 'ਤੇ ਉਸ ਆਦੀ ਹੋਂਦ ਦੀ ਵਿਆਖਿਆ ਨਾ ਕਰਦਾ ਵੇਖ ਗੁਰੂ ਸਾਹਿਬ ਨੇ ਉਸ ਬਾਰੇ ਆਪਣੀ ਹੈਰਾਨੀ ਨੂੰ 'ਵਾਹਿਗੁਰੂ' ਸ਼ਬਦ ਦੁਆਰਾ ਪ੍ਰਗਟ ਕੀਤਾ ਅਤੇ ਕਿਹਾ :

ਵਾਹੁ ਵਾਹੁ ਕਰਤਿਆ ਸਦਾ ਅਨੰਦੁ ਹੈ ਮੇਰੀ ਮਾਇ॥ [66]

ਨਾਮੀ ਮਨੁਖ ਦੇ ਲਛਣਾਂ ਬਾਰੇ ਵਿਆਖਿਆਕਾਰ ਦਸਦਾ ਹੈ ਕਿ ਅਜਿਹਾ ਮਨੁਖ ਆਪਣੇ ਪ੍ਰੀਤਮ ਦੇ ਪਿਆਰ ਵਿਚ ਭਿਜ ਕੇ ਹੁਕਮੀ ਬਣ ਜਾਂਦਾ ਹੈ। ਰਜ਼ਾ ਅੰਦਰ ਚਲਣਾ ਸਿੱਖੀ ਦਾ ਆਦਰਸ਼ ਹੈ। ਇਹ ਆਦਰਸ਼ ਤਦ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ ਜਦ ਮਨੁਖ ਹਰ ਗੱਲ ਨੂੰ ਵਾਹਿਗੁਰੂ ਦਾ ਅਟਲ ਹੁਕਮ ਜਾਣ ਕੇ ਉਸ ਸਾਹਮਣੇ ਸਿਰ ਨਿਵਾਏ। ਵਿਚਾਰ ਪੁਸ਼ਟੀ ਲਈ ਲੇਖਕ ਪਾਣੀ ਦੀ ਉਦਾਹਰਣ ਦਿੰਦਾ ਹੋਇਆ ਕਹਿੰਦਾ ਹੈ ਕਿ ਜਿਵੇਂ ਪਾਣੀ ਦਾ ਵਹਿਣ ਨਿਵਾਣ ਵਲ ਵਹਿੰਦਾ ਹੈ, ਕਿਸੇ ਰੋਕ ਜਾਂ ਠਲ ਦੀ ਪਰਵਾਹ ਕੀਤੇ ਬਗੈਰ ਨਿਵਾਣ ਵਲ ਤੁਰੀ ਜਾਂਦਾ ਹੈ, ਆਪਣੇ ਕੁਦਰਤੀ ਸੁਭਾਅ ਨੂੰ ਕਦੇ ਨਹੀਂ ਛਡਦਾ। ਮਨੁਖ ਵੀ ਇਉਂ ਹੀ ਰਜ਼ਾ ਦੇ ਵਹਿਣ ਅੰਦਰ ਵਗਦਾ ਤੁਰਿਆ ਜਾਵੇ। ਆਪਣੇ ਫਰਜ਼ ਤੋਂ ਨਾ ਉਕੇ, ਨਾ ਜੀਵਨ-ਪੰਧ ਦੇ ਰਾਹ ਰੋਕੂ ਜਾਂ ਠਲ ਪਾਊ ਉਲਝਣਾਂ ਤੋਂ ਘਬਰਾਵੇ ਜਾਂ ਨਿਰਾਸ਼ ਹੋਵੇ। ਹਰ ਗੱਲ ਲਈ ਉਦਮ ਤੇ ਉਮਾਹ ਵਿਚ ਰਹਿੰਦਾ ਹੋਇਆ 'ਭਲਾ ਹੋਇਆ' ਦੀ ਭਾਵਨਾ ਨੂੰ ਕਦੇ ਨ ਭੁਲੇ।[67]

ਕਰਤਾ ਅਨੁਸਾਰ ਨਾ ਕੇਵਲ *ਜਪੁਜੀ ਸਾਹਿਬ* ਬਲਕਿ ਸਮੁਚਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੋ ਨੁਕਤਿਆਂ-ਨਾਮ ਤੇ ਰਜ਼ਾ ਦਾ ਵਿਸਤਾਰ ਹੈ, ਜਿਨ੍ਹਾਂ ਦੁਆਲੇ ਗੁਰਮਤਿ ਦੀ ਸਾਰੀ ਘਾਲਣਾ ਘੁੰਮਦੀ ਹੈ। ਇਹ ਹੀ ਸਿੱਖੀ ਦੀ ਚੜ੍ਹਦੀ ਕਲਾ ਦੇ ਮਹਿਲ ਦੇ ਵਡੇ ਥੰਮ ਹਨ, ਜਿਨ੍ਹਾਂ ਉਤੇ ਸਿੱਖੀ ਉਸਰੀ ਤੇ ਕਾਇਮ ਖੜ੍ਹੀ ਹੈ। ਸਮੁਚਾ ਪੁਰਾਤਨ ਅਤੇ ਨਵੀਨ ਸਿੱਖ ਇਤਿਹਾਸ ਇਸ ਗੱਲ ਦਾ ਸਾਖੀ ਹੈ। ਲੇਖਕ ਅਨੁਸਾਰ ਮਨੁਖ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਨ-ਮਨ ਨਾਲ਼ ਸੇਵਾ ਕਰਕੇ ਹੀ ਰਜ਼ਾ ਅੰਦਰ ਚਲਣ ਦਾ ਵਲ ਆਉਂਦਾ ਹੈ।

ਕਰਤਾ ਦਸਦਾ ਹੈ ਕਿ ਗੁਰਮਤਿ ਅੰਦਰ ਚੜ੍ਹਦੀ ਕਲਾ ਦੀ ਵਿਸ਼ੇਸ਼ ਮਹਤਤਾ ਵਾਲੀ ਚੀਜ਼ 'ਅਰਦਾਸ' ਹੈ। ਸਿੱਖ ਦੀ ਅਰਦਾਸ ਨਿਰਾ ਪਰਮਾਤਮਾ ਅਗੇ ਆਪਣੀਆਂ ਅਰਜ਼ਾਂ ਦਾ ਰਖਣਾ ਹੀ ਨਹੀਂ, ਨਾ ਹੀ ਇਹ ਅਰਦਾਸ ਕਰਨ ਵਾਲੇ ਦੀ ਨਿਜੀ ਜਾਤੀ ਅਰਜ਼ ਹੀ ਹੈ। ਅਰਦਾਸ ਕਰਨ ਵਾਲਾ ਅਰਦਾਸੀਆ ਬਣ ਕੇ ਅਥਵਾ ਆਪਣੇ ਮਨ ਨੂੰ

---

66 ਸ੍ਰੀ ਗੁਰੂ ਗ੍ਰੰਥ ਸਾਹਿਬ, ੫੧੪

67. ਨਰੈਣ ਸਿੰਘ, *ਗੁਰੂ ਨਾਨਕ ਮਾਰਗ*, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1971, ਪੰਨੇ 62-3

ਅਰਦਾਸ ਦੀ ਦਸ਼ਾ ਵਿਚ ਲਿਆ ਕੇ ਸਮੁਚੀ ਲੋਕਾਈ ਲਈ ਅਰਦਾਸ ਕਰੇ।

ਛੇਵੇਂ ਲੇਖ, *ਜਪੁ ਵਿਚਾਰ* ਵਿਚ ਲੇਖਕ ਨੇ *ਜਪੁਜੀ* ਸਾਹਿਬ ਦੀ ਮੁਢਲੀ ਜਾਣਕਾਰੀ ਦੇਣ ਉਪਰੰਤ ਇਸ ਦੇ ਰੂਹਾਨੀ ਅਤੇ ਦੁਨਿਆਵੀ ਪਖ 'ਤੇ ਚਾਨਣਾ ਪਾਇਆ ਹੈ। *ਜਪੁਜੀ* ਵਿਚਲੇ ਅਧਿਆਤਮਕ ਵਿਕਾਸ ਦੇ ਪੜਾਅ- ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ ਤੇ ਸਚ ਖੰਡ ਦੀ ਵਿਆਖਿਆ ਕਰਦੇ ਹੋਏ ਵਿਆਖਿਆਕਾਰ ਕਹਿੰਦਾ ਹੈ ਕਿ ਧਰਮ ਦੀ ਕਮਾਈ ਤੋਂ ਗਿਆਨ ਪ੍ਰਾਪਤੀ ਅਤੇ ਇਨ੍ਹਾਂ ਦੋਹਾਂ ਤੋਂ ਆਤਮਕ ਸਰੂਰ ਪੈਦਾ ਹੁੰਦਾ ਹੈ। ਐਸੇ ਸਰੂਰ ਅੰਦਰ ਭਿਜੀ ਆਤਮਾ ਵਾਹਿਗੁਰੂ ਦੀ ਬਖਸ਼ਿਸ਼ ਦਾ ਪਾਤਰ ਬਣ ਕੇ 'ਸਚ' ਦੀ ਸਥਿਤੀ ਪ੍ਰਾਪਤ ਕਰਦਾ ਹੈ।

ਕਰਤਾ ਅਨੁਸਾਰ *ਜਪੁਜੀ* ਦੇ ਆਰੰਭ ਵਿਚ ਕੀਤੇ ਪ੍ਰਸ਼ਨ- '*ਕਿਵ ਸਚਿਆਰਾ ਹੋਈਐ*' ਦਾ ਸਹੀ ਉਤਰ ਵੀ ਉਪਰੋਕਤ ਆਤਮਿਕ ਉਸਾਰੀ ਹੈ। ਇਸੇ ਰਾਹੀਂ 'ਸਚੁ' ਵਿਚ ਟਿਕਾਅ ਹੈ ਜਾਂ 'ਸਚੁ' ਨਾਲ ਸੰਜੋਗ 'ਮਿਲਾਪ' ਹੈ, ਜਿਹੜਾ 'ਸਚੁ' ਅਬਿਨਾਸੀ, ਸਦਾ ਸਥਿਰ ਅਤੇ ਅਨੀਲ ਹੈ। ਇਸ ਉਸਾਰੀ ਦਾ ਸਮਾਂ ਸਾਰਾ ਜੀਵਨ ਕਾਲ ਹੈ। ਮਨੁਖ ਦੀ ਰੋਜ਼ਾਨਾ ਕੀਤੀ ਧਰਮ ਕਮਾਈ ਨਾਲ ਦੀ ਨਾਲ ਉਸ ਦੇ ਗਿਆਨ ਵਿਚ ਵਾਧਾ ਕਰਦੀ ਹੈ ਅਤੇ ਉਸ ਉਤੇ ਬਖਸ਼ਿਸ਼ (ਨਦਰਿ) ਹੁੰਦੀ ਹੈ ਜਿਸ ਨਾਲ ਮਨੁਖ 'ਸਚਿਆਰ' ਹੋ ਜਾਂਦਾ ਹੈ।

ਅੰਤਲੇ ਲੇਖ, *ਇਕ ਬਾਬਾ ਅਕਾਲ ਰੂਪ* ਵਿਚ ਕਰਤਾ ਦਸਦਾ ਹੈ ਕਿ ਇਸ ਲੇਖ ਦੇ ਸਿਰਲੇਖ ਵਾਲੇ ਸ਼ਬਦ ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਸਾਹਿਬ ਪ੍ਰਥਾਇ ਲਿਖੇ ਹਨ। ਇਸ ਕਥਨ ਅਨੁਸਾਰ ਗੁਰੂ ਨਾਨਕ ਸਾਹਿਬ ਅਕਾਲ ਰੂਪ ਹਨ। ਇਸ ਪ੍ਰਥਾਇ ਗੁਰੂ ਅਰਜਨ ਦੇਵ ਜੀ ਵੀ ਆਪ ਲਿਖਦੇ ਹਨ :

ਗੁਰ ਨਾਨਕੁ ਨਾਨਕੁ ਹਰਿ ਸੋਇ॥ [68]

ਗੁਰਬਾਣੀ ਵਿਚਲੇ ਅਜਿਹੇ ਹੋਰ ਪ੍ਰਮਾਣ ਦਿੰਦੇ ਹੋਏ ਲੇਖਕ ਗੁਰੂ ਨਾਨਕ ਸਾਹਿਬ ਨੂੰ ਅਕਾਲ ਰੂਪ ਸਿਧ ਕਰਦਾ ਹੈ। ਕਰਤਾ ਅਨੁਸਾਰ ਗੁਰੂ ਨਾਨਕ ਸਾਹਿਬ ਆਪ ਜੋਤਿ ਰੂਪ ਵਿਚ ਸਾਖਿਆਤ ਸਾਡੇ ਅੰਦਰ ਮੌਜੂਦ ਹਨ ਅਤੇ ਹਰ ਸਮੇਂ ਤੇ ਹਰ ਥਾਂ ਸਾਡੇ ਅੰਗ-ਸੰਗ ਹਨ। ਅਰਥਾਤ ਸਤਿਗੁਰੂ ਦੀ ਬਖਸ਼ੀ ਬਾਣੀ ਅਤੇ ਗ੍ਰੰਥ (ਸ੍ਰੀ ਗੁਰੂ ਗ੍ਰੰਥ ਸਾਹਿਬ) ਜਿਸ ਵਿਚ ਇਹ ਬਾਣੀ ਦਰਜ ਹੈ ਕੇਵਲ ਇਕ ਧਰਮ ਪੋਥੀ ਹੀ ਨਹੀਂ ਬਲਕਿ ਗੁਰੂ ਨਾਨਕ ਸਾਹਿਬ ਦਾ ਆਪਣਾ ਹੀ ਰੂਪ ਅਤੇ ਸਤਿਗੁਰੂ ਆਪ ਹੈ। ਗੁਰੂ ਨਾਨਕ ਸਾਹਿਬ ਜਿਸ ਤਰ੍ਹਾਂ ਆਪਣੀ ਜੋਤਿ ਰੂਪ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਮੌਜੂਦ ਹਨ, ਉਸੇ ਤਰ੍ਹਾਂ ਸਰੀਰ ਰੂਪ ਅੰਦਰ ਵੀ ਸਾਡੇ ਵਿਚ ਮੌਜੂਦ ਹਨ।[69]

ਗੁਰੂ ਨਾਨਕ ਸਾਹਿਬ ਨੇ ਸੰਨ 1539 ਈ. ਵਿਚ ਆਪਣਾ ਸਰੀਰ ਬਦਲ ਕੇ ਗੁਰੂ ਅੰਗਦ ਸਾਹਿਬ ਦਾ ਸਰੀਰ ਧਾਰਨ ਕਰ ਲਿਆ। ਇਸੇ ਤਰ੍ਹਾਂ ਆਪ ਨੇ ਨੌ ਵਾਰ ਸਰੀਰ

---

68. ਸ੍ਰੀ ਗੁਰੂ ਗ੍ਰੰਥ ਸਾਹਿਬ, ੮੬੪.
69. *ਗੁਰੂ ਨਾਨਕ ਮਾਰਗ*, ਪੂਰਵ ਅੰਕਤ, ਪੰਨੇ 123-24.

ਬਦਲਿਆ ਅਤੇ ਦਸਵੇਂ ਨਾਨਕ (ਗੁਰੂ ਗੋਬਿੰਦ ਸਿੰਘ) ਦੇ ਰੂਪ ਅੰਦਰ ਜਦੋਂ ਆਪ ਨੇ ਸਰੀਰ ਬਦਲਣ ਦਾ ਪ੍ਰਯੋਜਨ ਪੂਰਾ ਕਰ ਲਿਆ ਤਾਂ ਆਪ ਖਾਲਸਾ ਰੂਪ ਅੰਦਰ ਬਿਰਾਜ ਗਏ :

ਖਾਲਸਾ ਮੇਰੋ ਰੂਪ ਹੈ ਖਾਸ॥ ਖਾਲਸਹ ਮਹਿ ਹਉ ਕਰਹੁੰ ਨਿਵਾਸ॥
ਖਾਲਸਾ ਮੇਰੋ ਮੁਖ ਹੈ ਅੰਗ॥ ਖਾਲਸੇ ਕੇ ਹਉ ਬਸਤਿ ਸਦ ਸੰਗ॥ [70]

ਵਰਿਆਮ ਇਕੇਲਾ

ਇਹ ਪੁਸਤਕ ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ ਵਲੋਂ ਪਹਿਲਾਂ 1972 ਅਤੇ ਮੁੜ ਦੂਜੀ ਵਾਰ 1986 ਵਿਚ ਪ੍ਰਕਾਸ਼ਿਤ ਹੋਈ। ਪੁਸਤਕ ਦਾ ਮੁਖ ਬੰਦ ਗਿਆਨੀ ਲਾਲ ਸਿੰਘ ਜੀ (ਸਾਬਕਾ ਡਾਇਰੈਕਟਰ, ਭਾਸ਼ਾ ਵਿਭਾਗ) ਨੇ ਲਿਖਿਆ ਹੈ। ਇਸ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪੂਰਾ ਜੀਵਨ ਬਿਰਤਾਂਤ ਕੁਲ 36 ਅਧਿਆਇਆਂ ਵਿਚ ਵਰਣਿਤ ਹੈ।

ਆਰੰਭ ਵਿਚ ਕਰਤਾ ਨੇ ਗੁਰੂ ਕਾਲ ਤੋਂ ਪਹਿਲੇ ਧਰਮਾਂ ਤੇ ਸਮਾਜ ਦੀ ਦਸ਼ਾ ਬਿਆਨ ਕੀਤੀ ਹੈ। ਲੇਖਕ ਅਨੁਸਾਰ ਗੁਰੂ ਨਾਨਕ ਸਾਹਿਬ ਨੇ ਧਰਮ ਨੂੰ ਵਾਦ-ਵਿਵਾਦ ਤੇ ਕਰਮਕਾਂਡ ਦੇ ਘੇਰੇ 'ਚੋਂ ਕਢ ਕੇ ਮਨੁਖੀ ਜੀਵਨ ਦਾ ਹਿਸਾ ਬਣਾਇਆ ਹੈ।

ਗੁਰੂ ਨਾਨਕ ਸਾਹਿਬ ਨੇ ਧਰਮ ਨਿਰੂਪਣ ਦੀ ਬੁਨਿਆਦ *'ਏਕੁ ਪਿਤਾ ਏਕਸ ਕੇ ਹਮ ਬਾਰਿਕ'* [71] ਦਾ ਸੰਦੇਸ਼ ਦੇ ਕੇ ਰਖੀ। ਭਾਰਤੀ ਸਮਾਜਿਕ ਦਸ਼ਾ ਦਾ ਪਿਛੋਕੜ ਬਿਆਨ ਕਰਨ ਉਪਰੰਤ ਕਰਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਗਮਨ ਦੀ ਗਾਥਾ ਦਸਦਾ ਹੈ। ਬਿਲਾਸਪੁਰ ਦੇ ਰਾਜੇ ਭੀਮ ਚੰਦ ਦੀ ਵਧਦੀ ਈਰਖਾ ਕਾਰਨ ਭੰਗਾਣੀ ਵਿਖੇ ਗੁਰੂ ਸਾਹਿਬ ਨਾਲ ਹੋਈ ਪਹਿਲੀ ਜੰਗ ਦਾ ਵਰਨਣ ਲੇਖਕ ਨੇ ਗੁਰੂ ਸਾਹਿਬ ਦੀ ਆਪਣੀ ਰਚਨਾ *'ਬਚਿਤ੍ਰ ਨਾਟਕ'* ਦੇ ਹਵਾਲੇ ਨਾਲ ਪੇਸ਼ ਕੀਤਾ ਹੈ। 1699 ਦੀ ਵਿਸਾਖੀ ਮੌਕੇ 'ਖਾਲਸਾ' ਸਾਜਣ ਸੰਬੰਧੀ ਵਿਸਤਾਰ ਵਿਚ ਚਰਚਾ ਹੈ। ਗੁਰੂ ਸਾਹਿਬ ਦੁਆਰਾ ਸਾਜੇ ਪੰਜਾਂ ਸਿੰਘਾਂ ਨੂੰ ਪੰਜ ਬਖਸ਼ਿਸ਼ਾਂ- ਦਇਆ, ਧਰਮ, ਮੁਹਕਮਤਾ (ਦ੍ਰਿੜਤਾ), ਹਿੰਮਤ ਅਤੇ ਸਾਹਿਬੀ ਦੇ ਰੂਪ ਵਿਚ ਪੇਸ਼ ਕਰਕੇ ਕਰਤਾ ਇਨ੍ਹਾਂ ਨੂੰ ਸੰਗਠਿਤ ਰੂਪ ਵਿਚ 'ਖਾਲਸਾ' ਦਰਸਾਉਂਦਾ ਹੈ। ਖਾਲਸੇ ਨੂੰ ਪ੍ਰਾਪਤ ਹੋਈ 'ਅੰਮ੍ਰਿਤ' ਦੀ ਬਖਸ਼ਿਸ਼ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਦ੍ਰਿੜ ਕਰਵਾਈ ਗਈ ਰਹਿਤ ਦਾ ਜ਼ਿਕਰ ਵੀ ਹੈ।

ਅਗਲੇ ਅਧਿਆਇਆਂ ਵਿਚ ਗੁਰੂ ਸਾਹਿਬ ਦੁਆਰਾ ਆਨੰਦਪੁਰ ਸਾਹਿਬ ਦਾ ਕਿਲਾ ਛਡਣਾ, ਸਰਸਾ 'ਤੇ ਪਰਿਵਾਰ ਵਿਛੋੜਾ, ਚਮਕੌਰ ਦੀ ਗੜ੍ਹੀ ਵਿਚ ਵਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ, ਮਾਛੀਵਾੜੇ ਦੇ ਜੰਗਲ ਦੀ ਦਾਸਤਾਨ, ਛੋਟੇ

70. *ਸ੍ਰੀ ਸਰਬਲੋਹ ਗ੍ਰੰਥ ਸਾਹਿਬ ਜੀ* (ਭਾਗ ਦੂਜਾ), (ਪ੍ਰਕਾ.) ਬਾਬਾ ਸੰਤਾ ਸਿੰਘ, ਆਨੰਦਪੁਰ ਸਾਹਿਬ, 2000, ਪੰਨੇ ੫੩੧-੩੨.
71. ਸ੍ਰੀ ਗੁਰੂ ਗ੍ਰੰਥ ਸਾਹਿਬ, ੬੧੧.

ਸਾਹਿਬਜ਼ਾਦਿਆਂ ਦੀ ਸ਼ਹੀਦੀ, ਔਰੰਗਜ਼ੇਬ ਨੂੰ ਜ਼ਫ਼ਰਨਾਮਾ ਲਿਖਣਾ, ਦੀਨੇ ਕਾਂਗੜ ਤੋਂ ਕੂਚ ਕਰਨਾ, ਭਾਈ ਮਹਾਂ ਸਿੰਘ ਤੇ ਸਾਥੀਆਂ ਨੂੰ ਖਿਦਰਾਣੇ ਦੀ ਢਾਬ 'ਤੇ ਬਖਸ਼ਣਾ, ਲੱਖੀ ਜੰਗਲ ਦਾ ਬ੍ਰਿਤਾਂਤ, ਸਾਬੋ ਕੀ ਤਲਵੰਡੀ, ਮਾਧੋ ਦਾਸ (ਬਾਬਾ ਬੰਦਾ ਸਿੰਘ ਬਹਾਦਰ) ਨੂੰ ਪੰਜਾਬ ਭੇਜਣਾ ਆਦਿ ਅਨੇਕਾਂ ਘਟਨਾਵਾਂ ਦਾ ਜ਼ਿਕਰ ਮਿਲਦਾ ਹੈ।

ਸਮੁਚੇ ਰੂਪ ਵਿਚ ਪੁਸਤਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ ਸੰਖੇਪ ਵਿਚ ਵਰਨਣ ਕਰਦੀ ਹੈ।

ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ

ਇਹ ਪੁਸਤਕ ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ ਵਲੋਂ 1978 ਵਿਚ ਪ੍ਰਕਾਸ਼ਤ ਹੋਈ। ਦੂਜੀ ਵਾਰ 1983 ਵਿਚ ਕੁਝ ਵਾਧਿਆਂ ਸਹਿਤ ਇਸ ਦੀ ਪ੍ਰਕਾਸ਼ਨਾ ਅਕੈਡਮੀ ਆਫ਼ ਸਿੱਖ ਰਿਲੀਜਨ ਐਂਡ ਕਲਚਰ, ਪਟਿਆਲਾ ਨੇ ਕਰਵਾਈ। ਤੀਜੀ ਵਾਰ 2007 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਨੇ ਇਸ ਦੀ ਪ੍ਰਕਾਸ਼ਨਾ ਕੀਤੀ। ਪੁਸਤਕ ਵਿਚਲੇ ਆਰੰਭਕ ਸ਼ਬਦ ਡਾ. ਗੰਡਾ ਸਿੰਘ ਜੀ ਦੁਆਰਾ ਲਿਖੇ ਗਏ ਹਨ। ਉਨ੍ਹਾਂ ਅਨੁਸਾਰ, "ਸਰਦਾਰ ਨਰੈਣ ਸਿੰਘ ਨੇ ਇਸ ਲਹਿਰ (ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ) ਦੇ ਕੁਝ ਵਾਕਿਆਤ ਵਿਚ ਆਪ ਹਿਸਾ ਲਿਆ ਸੀ, ਜਿਸ ਦੇ ਫਲਸਰੂਪ ਉਨ੍ਹਾਂ ਨੇ ਸੰਖੇਪ ਰੂਪ ਵਿਚ ਇਸ ਲਹਿਰ ਦਾ ਇਕ ਸਹੀ ਇਤਿਹਾਸਕ ਖਾਕਾ ਪੇਸ਼ ਕਰਨ ਦਾ ਸੁਚਜਾ ਯਤਨ ਕੀਤਾ ਹੈ। ਇਸ ਸੰਬੰਧੀ ਉਨ੍ਹਾਂ ਦੀ ਵਾਕਫ਼ੀ ਦੇ ਵਿਸ਼ਾਲ ਹੋਣ ਦਾ ਇਕ ਕਾਰਣ ਇਹ ਵੀ ਹੈ ਕਿ ਉਹ ਕਾਫੀ ਸਮੇਂ ਤਕ ਇਸ ਲਹਿਰ ਦੇ ਇਕ ਆਰੰਭਕ ਅਸ਼ਥਾਨ ਨਨਕਾਣਾ ਸਾਹਿਬ ਦੇ ਮੈਨੇਜਰ ਰਹੇ ਹਨ ਅਤੇ ਇਸ ਹੈਸੀਅਤ ਵਿਚ ਇਸ ਲਹਿਰ ਦੇ ਵਖ-ਵਖ ਮੋਰਚਿਆਂ ਵਿਚ ਹਿੱਸਾ ਲੈਣ ਵਾਲੇ ਆਗੂਆਂ ਅਤੇ ਉਘੇ ਸਿੰਘਾਂ ਨਾਲ ਉਨ੍ਹਾਂ ਦਾ ਸਿਧਾ ਸੰਪਰਕ ਹੋਣ ਦਾ ਮੌਕਾ ਬਣਦਾ ਰਿਹਾ ਹੈ, ਜਿਨ੍ਹਾਂ ਪਾਸੋਂ ਇਸ ਲਹਿਰ ਦੇ ਵਖ-ਵਖ ਪਖਾਂ 'ਪਰ ਵਾਕਫ਼ੀ ਮਿਲਦੀ ਰਹੀ ਹੈ ਅਤੇ ਉਸ ਨੂੰ ਇਕ ਦੂਸਰੇ ਦੇ ਬਿਆਨਾਂ ਦੀ ਸਹਾਇਤਾ ਨਾਲ ਘੋਖਣ ਦਾ ਮੌਕਾ ਬਣਦਾ ਰਿਹਾ ਹੈ।"[72]

ਆਰੰਭ ਵਿਚ ਲੇਖਕ ਦਸਦਾ ਹੈ ਕਿ ਗੁਰਦੁਆਰੇ ਸਿੱਖੀ ਜੀਵਨ ਦਾ ਧੁਰਾ ਹਨ। ਜਦੋਂ ਕਿਸੇ ਗੱਡੀ ਦਾ ਧੁਰਾ ਜਰਜਰਾ ਹੋ ਜਾਵੇ ਤਾਂ ਉਸ ਦਾ ਖਲੋ ਜਾਣਾ ਅਵਸ਼ ਹੁੰਦਾ ਹੈ। ਕੋਈ ਜਾਨਦਾਰ ਸਰੀਰ ਉਨਾ ਸਮਾਂ ਹੀ ਜਿਉਂਦਾ ਅਤੇ ਕੰਮ-ਕਾਰ ਦੇ ਯੋਗ ਰਹਿੰਦਾ ਹੈ ਜਦੋਂ ਤਕ ਉਸ ਦੀਆਂ ਨਾੜੀਆਂ ਅੰਦਰ ਨਿਰੋਆ ਖ਼ੂਨ ਲਗਾਤਾਰ ਚਲਦਾ ਰਹੇ। ਇਸ ਵਿਚ ਫਰਕ ਆਉਣ ਨਾਲ ਸਰੀਰ ਕਮਜ਼ੋਰ ਹੋ ਕੇ ਢਹਿ-ਢੇਰੀ ਹੋ ਜਾਂਦਾ ਹੈ। ਇਸੇ ਤਰ੍ਹਾਂ ਸਿੱਖ ਅਤੇ ਗੁਰਦੁਆਰੇ ਦਾ ਸਬੰਧ ਵੀ ਖ਼ੂਨ ਤੇ ਸਰੀਰ ਵਾਲਾ ਹੀ ਹੈ। ਖ਼ੂਨ ਮੈਲਾ ਹੋ ਜਾਵੇ, ਸੁਕ ਜਾਵੇ ਜਾਂ ਘਟ ਹੋ ਜਾਵੇ ਤਾਂ ਮੈਲੇ ਖ਼ੂਨ ਨੂੰ ਸਾਫ ਕਰਨ ਅਤੇ ਘਟੇ ਹੋਏ ਨੂੰ ਪੂਰਾ ਕਰਨ ਦੀ ਲੋੜ ਹੁੰਦੀ ਹੈ। ਜਦੋਂ-ਜਦੋਂ ਗੁਰਦੁਆਰੇ ਸਿੱਖੀ

---

72. ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ, ਪੂਰਵ ਅੰਕਤ, ਪੰਨੇ (ੳ-ੲ)

ਰੂਪੀ ਸਰੀਰ ਨੂੰ ਨਿਰੋਆ ਰਖਣ ਦੇ ਯੋਗ ਨਾ ਰਹੇ, ਉਦੋਂ-ਉਦੋਂ ਸਿੱਖੀ ਨੂੰ ਆਪਣਾ ਕੀਮਤੀ ਖ਼ੂਨ ਦੇ ਕੇ ਇਸ ਸਰੀਰ ਦੀ ਅਰੋਗਤਾ ਨੂੰ ਬਹਾਲ ਕਰਨ ਲਈ ਘੋਲ ਕਰਨੇ ਪਏ। ਵਰਨਾ ਖਤਰਾ ਪੈਦਾ ਹੋ ਗਿਆ ਸੀ ਕਿ ਇਸ ਸਰੀਰ ਦਾ ਕਿਤੇ ਅੰਤ ਹੀ ਨਾ ਹੋ ਜਾਵੇ। ਗੁਰਦੁਆਰਿਆਂ ਸੰਬੰਧੀ ਕਿਸੇ ਘਟਨਾ ਜਾਂ ਲਹਿਰ ਦੇ ਹੋਂਦ ਵਿਚ ਆਉਣ ਦਾ ਵੀ ਇਹੋ ਕਾਰਨ ਸੀ ਜਿਸ ਦਾ ਵਿਸਤਾਰ ਪੁਸਤਕ ਵਿਚ ਕੀਤਾ ਗਿਆ ਹੈ।

ਕਰਤਾ ਦਸਦਾ ਹੈ ਕਿ ਕੋਈ ਧਰਮੀ ਆਤਮਾ ਹੀ ਜ਼ਬਰ, ਜ਼ੋਰ ਤੇ ਅਧਰਮ ਦੀ ਮੈਲ ਧੋ ਸਕਣ ਦੇ ਸਮਰਥ ਹੁੰਦੀ ਹੈ। ਸਮੁਚੀ ਪੁਸਤਕ ਵਿਚ ਇਕੋ ਗੱਲ ਦਾ ਪ੍ਰਮਾਣ ਹੈ ਕਿ ਜਿਨ੍ਹਾਂ ਗੁਰੂ ਕੇ ਲਾਲਾਂ ਨੇ ਇਸ ਹਵਨ-ਕੁੰਡ ਵਿਚ ਆਪਣੀ ਆਹੂਤੀ ਪਾਈ, ਉਹ ਧਰਮੀ ਸਨ, ਪਵਿਤਰ ਆਤਮਾਵਾਂ ਸਨ, ਸੂਰਬੀਰ ਬਚਨ ਕੇ ਬਲੀ ਸਨ। ਉਨ੍ਹਾਂ ਬਚਨ ਕੀਤਾ ਸੀ ਕਿ ਭਾਵੇਂ ਕੁਝ ਵੀ ਹੋ ਜਾਵੇ, ਅਸੀਂ ਹਥ ਨਹੀਂ ਚੁਕਾਂਗੇ ਅਤੇ ਆਪਣੇ ਨਿਸ਼ਾਨੇ ਵਲ ਵਧਦੇ ਜਾਵਾਂਗੇ। ਉਨ੍ਹਾਂ ਗੋਲੀਆਂ ਖਾਧੀਆਂ, ਛਵ੍ਹੀਆਂ ਤੇ ਗੰਡਾਸਿਆਂ ਦੇ ਵਾਰ ਸਹੇ, ਡਾਗਾਂ ਨਾਲ ਮਾਰੇ ਤੇ ਬੇਹੋਸ਼ ਕੀਤੇ ਗਏ, ਸ਼ਹੀਦ ਹੋ ਗਏ, ਪਰ ਆਪਣਾ 'ਸਿਰੜ' ਨਹੀਂ ਹਾਰਿਆ, ਕਿਉਂਕਿ ਉਹ ਆਪਣੇ ਗੁਰੂ ਅਗੇ ਅਰਦਾਸ ਕਰਕੇ ਤੁਰੇ ਸਨ। ਇਸ ਤੋਂ ਵਧ ਧਰਮ ਦਾ ਜਜ਼ਬਾ ਹੋਰ ਕੀ ਹੋ ਸਕਦਾ ਹੈ? ਇਸੇ ਜਜ਼ਬੇ ਤੇ ਸਿਦਕ ਨੇ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਨੂੰ ਸਫਲਤਾ ਦਿਤੀ।

ਪਹਿਲੇ ਅਧਿਆਇ ਵਿਚ ਲੇਖਕ ਸਿੱਖ ਧਰਮ ਵਿਚ ਸੰਗਤ ਦੀ ਵਿਸ਼ੇਸ਼ਤਾ ਦਸਣ ਤੋਂ ਬਾਅਦ ਗੁਰਦੁਆਰੇ ਦੇ ਇਤਿਹਾਸਕ ਪਖ ਬਾਰੇ ਜਾਣਕਾਰੀ ਮੁਹਈਆ ਕਰਵਾਉਂਦਾ ਹੈ। ਕਰਤਾ ਅਨੁਸਾਰ 'ਗੁਰਦੁਆਰੇ' ਦਾ ਆਰੰਭ ਧਰਮਸਾਲ ਦੇ ਰੂਪ ਵਿਚ ਗੁਰੂ ਨਾਨਕ ਸਾਹਿਬ ਨੇ ਕੀਤਾ। ਗੁਰੂ ਸਾਹਿਬਾਂ ਵਲੋਂ ਬਣਾਈਆਂ ਧਰਮਸਾਲਾਵਾਂ ਤੋਂ ਬਾਅਦ ਸਿੱਖਾਂ ਵਲੋਂ ਗੁਰੂ ਕੀਆਂ ਯਾਦਾਂ ਕਾਇਮ ਕੀਤੀਆਂ ਗਈਆਂ ਜਿਵੇਂ, ਨਨਕਾਣਾ ਸਾਹਿਬ, ਸੱਚਾ ਸੌਦਾ, ਪੰਜਾ ਸਾਹਿਬ, ਡੇਹਰਾ ਸਾਹਿਬ ਲਾਹੌਰ, ਸੀਸ ਗੰਜ ਤੇ ਰਕਾਬ ਗੰਜ, ਦਿੱਲੀ ਆਦਿ। ਇਸ ਤੋਂ ਪਿਛੋਂ ਸ਼ਹੀਦ ਸਿੰਘ-ਸਿੰਘਣੀਆਂ ਦੀ ਯਾਦ ਵਿਚ 'ਸ਼ਹੀਦ ਗੰਜ' ਕਾਇਮ ਕੀਤੇ ਗਏ। ਇਨ੍ਹਾਂ ਸਭ ਥਾਵਾਂ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ। ਅੰਤ, ਇਸ ਅਸਥਾਨ ਦਾ ਨਾਂ ਗੁਰਦੁਆਰਾ ਰਖਿਆ ਗਿਆ।

ਕਰਤਾ ਦਸਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਤੋਂ ਬਾਅਦ ਅੰਗਰੇਜ਼ ਰਾਜ ਦੌਰਾਨ ਸਿੰਘਾਂ ਦੇ ਸਿਰਾਂ ਦੇ ਮੁਲ ਪੈਣ ਕਾਰਨ, ਇਨ੍ਹਾਂ ਨੂੰ ਜੰਗਲਾਂ ਤੇ ਮਾਰੂਥਲਾਂ ਦਾ ਸਹਾਰਾ ਲੈਣਾ ਪਿਆ। ਸਮੇਂ ਦੀਆਂ ਹਕੂਮਤਾਂ ਵਲੋਂ ਗੁਰਦੁਆਰਿਆਂ ਦੀ ਬੇਅਦਬੀ ਕਰਨ 'ਤੇ ਵਿਚ-ਵਿਚਾਲੇ ਸਿੰਘਾਂ ਨੇ ਇਨ੍ਹਾਂ ਦੁਸ਼ਟਾਂ ਨੂੰ ਸੋਧ ਕੇ ਬਦਲਾ ਵੀ ਲਿਆ ਜਿਵੇਂ, ਭਾਈ ਸੁੱਖਾ ਸਿੰਘ ਤੇ ਮਹਿਤਾਬ ਸਿੰਘ ਨੇ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੀ ਬੇਅਦਬੀ ਕਰਨ ਵਾਲੇ ਮੱਸਾ ਰੰਗੜ ਦਾ ਸਿਰ ਕਲਮ ਕੀਤਾ। ਮੁਸੀਬਤ ਸਮੇਂ ਸਿੱਖਾਂ ਵਲੋਂ ਗੁਰਦੁਆਰਿਆਂ ਅੰਦਰ ਸੇਵਾ ਕਰਨੀ ਔਖੀ ਹੋ ਗਈ, ਜਿਸ ਸਦਕਾ ਇਹ ਸੇਵਾ ਉਦਾਸੀ ਸਾਧੂਆਂ ਤੇ ਨਿਰਮਲੇ ਸੰਤਾਂ ਨੇ ਆਪਣੇ ਹਥ ਲੈ ਲਈ। ਗੁਰਦੁਆਰਿਆਂ ਦੀ

ਸੰਭਾਲ ਦਾ ਇਹ ਸਿਲਸਿਲਾ ਲਗਪਗ ਦੋ ਸੌ ਸਾਲ ਜਾਰੀ ਰਿਹਾ। ਇਸ ਸਮੇਂ ਨੂੰ ਲੇਖਕ ਨੇ ਤਿੰਨ ਹਿਸਿਆਂ ਵਿਚ ਵੰਡਿਆ ਹੈ- ਪਹਿਲਾ, 50-55 ਸਾਲ ਮੁਗਲ ਹਕੂਮਤ, ਦੂਜਾ, 80-85 ਸਾਲ ਸਿੱਖ ਮਿਸਲਾਂ, ਮਹਾਰਾਜਾ ਰਣਜੀਤ ਸਿੰਘ ਅਤੇ ਉਸ ਪਿਛੋਂ ਸਿੱਖ ਰਾਜ ਦਾ ਸਮਾਂ ਅਤੇ ਤੀਜਾ, ਅੰਗਰੇਜ਼ ਰਾਜ ਦਾ ਸਮਾਂ।

ਕਰਤਾ ਅਨੁਸਾਰ ਅੰਗਰੇਜ਼ਾਂ ਨੇ ਪੰਜਾਬ ਦਾ ਰਾਜ ਆਪਣੇ ਹਥ ਲੈਂਦੇ ਸਾਰ ਹੀ ਸਿੱਖਾਂ ਦੀ ਜਿੰਦ-ਜਾਨ ਤੇ ਚੜ੍ਹਦੀਕਲਾ ਦੇ ਸਾਧਨ 'ਗੁਰਦੁਆਰੇ' ਆਪਣੇ ਅਧੀਨ ਕਰਨ ਦੀ ਨੀਤੀ ਅਖ਼ਤਿਆਰ ਕਰ ਲਈ। ਅਜਿਹੀ ਨੀਤੀ ਦਾ ਸਬੂਤ ਦਿੰਦੇ ਹੋਏ ਲੇਖਕ ਨੇ ਉਸ ਸਮੇਂ ਦੌਰਾਨ ਪੰਜਾਬ ਦੇ ਲੈ. ਗਵਰਨਰ (ਆਰ. ਈ. ਐਜਰਟਨ) ਦੁਆਰਾ ਵਾਇਸਰਾਏ ਨੂੰ ਲਿਖੀ ਇਕ ਚਿਠੀ ਪੇਸ਼ ਕੀਤੀ ਹੈ :

My dear Lord Rippon,

I think it would be politically dangerous to allow the arrangement of Sikh temples to fall into the hands of a committee emancipated from Govt. control, and I trust your Excellency will assist to pass such orders in the core as will enable to continue the system which has worked out successfully for more than thirty years. Believe me, Yours sincerely R.E. Egerton Lt. Governor, Punjab (Simla 8 August, 1881)[73]

ਅਰਥਾਤ ਮੇਰੇ ਖਿਆਲ ਵਿਚ ਇਹ ਗੱਲ ਰਾਜਨੀਤਕ ਤੌਰ 'ਤੇ ਖਤਰਨਾਕ ਹੋਵੇਗੀ ਕਿ ਸਿੱਖ ਧਰਮ ਅਸਥਾਨਾਂ ਦਾ ਪ੍ਰਬੰਧ ਕਿਸੇ ਐਸੀ ਕਮੇਟੀ ਦੇ ਹਥ ਵਿਚ ਚਲਾ ਜਾਵੇ, ਜਿਸ ਉਪਰ ਸਰਕਾਰ ਦਾ ਨਿਯੰਤਰਨ ਨਾ ਹੋਵੇ। ਮੈਨੂੰ ਭਰੋਸਾ ਹੈ ਕਿ ਹਜ਼ੂਰ ਵਾਈਸਰਾਏ ਸਾਹਿਬ ਇਸ ਸੰਬੰਧੀ ਅਜਿਹਾ ਹੁਕਮ ਜਾਰੀ ਕਰਨਗੇ, ਜਿਸ ਦੁਆਰਾ ਪਿਛਲੇ ਤੀਹ ਸਾਲ ਤੋਂ ਵਧ ਸਮੇਂ ਦਾ ਸਫਲਤਾ ਪੂਰਵਕ ਚਲ ਰਿਹਾ ਪ੍ਰਬੰਧ ਹੀ ਜਾਰੀ ਰਹਿ ਸਕੇ। ਦਸਖ਼ਤ ਆਰ.,ਈ. ਐਜਰਟਨ, ਲੈ. ਗਵਰਨਰ, ਪੰਜਾਬ (ਸਿਮਲਾ 8 ਅਗਸਤ, 1881)।

ਲੇਖਕ ਨੇ ਉਨ੍ਹਾਂ ਸਾਰੀਆਂ ਘਟਨਾਵਾਂ ਦਾ ਜ਼ਿਕਰ ਕੀਤਾ ਹੈ ਜਿਨ੍ਹਾਂ ਕਾਰਨ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਆਰੰਭ ਹੋਈ ਜਿਵੇਂ, ਕਾਮਾਗਾਟਾ ਮਾਰੂ ਜਹਾਜ਼ ਦੀ ਘਟਨਾ, ਗੁਰਦੁਆਰਾ ਰਕਾਬ ਗੰਜ ਦੀ ਕੰਧ ਢਾਉਣ ਦਾ ਮਸਲਾ, ਗੁਰਦੁਆਰਾ ਬਾਬੇ ਦੀ ਬੇਰ, ਸਿਆਲਕੋਟ ਦੀ ਖਿਚੋਤਾਣ, ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੀ ਬੇਅਦਬੀ, ਰਵਿਦਾਸੀ ਸਿੰਘਾਂ ਦੀ ਘਟਨਾ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਆਦਿ। ਇਸ ਪਿਛੋਂ ਲੇਖਕ ਗੁਰਦੁਆਰਾ ਜਨਮ ਅਸਥਾਨ, ਸ੍ਰੀ

73. ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ, ਪੂਰਵ ਅੰਕਤ, ਪੰਨੇ 7-8.

ਨਨਕਾਣਾ ਸਾਹਿਬ ਦੀ ਵਾਰਤਾ ਪੂਰਨ ਵਿਸਤਾਰ ਨਾਲ ਬਿਆਨ ਕਰਦਾ ਹੈ। ਕਰਤਾ ਅਨੁਸਾਰ ਭਾਈ ਲਛਮਣ ਸਿੰਘ ਤੇ ਭਾਈ ਟਹਿਲ ਸਿੰਘ ਨੇ ਭਾਈ ਕਰਤਾਰ ਸਿੰਘ ਝੱਬਰ ਨਾਲ ਮਿਲ ਕੇ ਗੁਰਦੁਆਰਾ ਜਨਮ ਅਸਥਾਨ ਦਾ ਕਬਜ਼ਾ ਲੈਣ ਦੀ ਵਿਉਂਤ ਉਲੀਕੀ, ਜਿਸ ਤਹਿਤ ਨਨਕਾਣਾ ਸਾਹਿਬ ਦਾ ਸਾਕਾ ਵਾਪਰਿਆ।

ਦੂਜੇ ਅਧਿਆਇ ਵਿਚ ਲੇਖਕ ਨੇ ਸਾਕਾ ਨਨਕਾਣਾ ਸਾਹਿਬ ਤੋਂ ਅਗਲੇ ਦਿਨ 21 ਫਰਵਰੀ, 1921 ਦਾ ਅੱਖੀਂ ਡਿਠਾ ਦਰਦਨਾਕ ਦ੍ਰਿਸ਼ ਪੇਸ਼ ਕੀਤਾ ਹੈ। ਭਾਈ ਕਰਤਾਰ ਸਿੰਘ ਝੱਬਰ ਦਾ ਆਪਣੇ ਸਾਥੀਆਂ ਨਾਲ ਗੁਰਦੁਆਰਾ ਸਾਹਿਬ ਵਲ ਕੂਚ ਕਰਨਾ, ਰਸਤੇ ਵਿਚ ਸਰਕਾਰੀ ਅਫ਼ਸਰਾਂ ਨਾਲ ਟਕਰਾਅ, ਗੁਰਦੁਆਰਾ ਸਾਹਿਬ ਦੀਆਂ ਚਾਬੀਆਂ ਲੈਣੀਆਂ ਤੇ ਸ਼ਹੀਦਾਂ ਦੇ ਸਸਕਾਰ ਦੀ ਵਾਰਤਾ ਜਾਤੀ ਦਰਦ ਨਾਲ ਬਿਆਨ ਕੀਤੀ ਗਈ ਹੈ।

ਅਗਲੇ ਅਧਿਆਇ ਵਿਚ ਲੇਖਕ ਨੇ ਗੁਰਦੁਆਰੇ ਦੇ ਲੰਗਰ ਵਾਸਤੇ ਬਾਲਣ ਲਿਆਉਣ ਗਏ ਪੰਜ ਸੇਵਾਦਾਰਾਂ ਦੀ ਗ੍ਰਿਫ਼ਤਾਰੀ ਤੋਂ ਸ਼ੁਰੂ ਹੋਏ 'ਮੋਰਚਾ ਗੁਰੂ ਕਾ ਬਾਗ' ਦੀ ਘਟਨਾ ਵਿਸਤਾਰ ਨਾਲ ਬਿਆਨ ਕੀਤੀ ਹੈ। ਮੋਰਚੇ ਵਿਚ ਸ਼ਹੀਦ ਹੋਣ ਵਾਲੇ ਸਿੰਘਾਂ ਨੇ ਪੂਰਨ ਦ੍ਰਿੜਤਾ ਨਾਲ ਮੁਸੀਬਤਾਂ ਝਲਦੇ ਹੋਏ ਤਸ਼ਦਦ ਸਾਹਮਣੇ ਹਥ ਨਾ ਚੁਕਣ ਦੀ ਅਦੁਤੀ ਮਿਸਾਲ ਪੇਸ਼ ਕੀਤੀ।

ਕਰਤਾ ਨੇ ਕੁਝ ਕੁ ਉਘੇ ਦਰਸ਼ਕਾਂ ਦੇ ਕਥਨ, ਸਮੇਂ ਦੀਆਂ ਅਖ਼ਬਾਰਾਂ, ਤਫਤੀਸ਼ੀ ਰਿਪੋਰਟਾਂ ਅਤੇ ਇਸ ਬਾਰੇ ਛਪੀਆਂ ਪੁਸਤਕਾਂ ਦੇ ਹਵਾਲੇ ਵੀ ਪੇਸ਼ ਕੀਤੇ ਹਨ ਜਿਵੇਂ, ਪੰਡਤ ਮੋਤੀ ਲਾਲ ਨਹਿਰੂ ਵਲੋਂ ਸ੍ਰੀ ਸੁੰਦਰਮ, ਸਹਾਇਕ ਐਡੀਟਰ, *ਇੰਡੀਪੈਂਡੈਂਟ* (Journal) ਨੂੰ ਦਿਤਾ ਗਿਆ ਬਿਆਨ, ਜੌਹਨ ਐਸ. ਹੋਇਲੈਂਡ ਦੀ ਪੁਸਤਕ *Cross Moves East*[74] ਆਦਿ।

ਇਥੇ ਵਰਨਣਯੋਗ ਹੈ ਕਿ ਇਕ ਅੰਗਰੇਜ਼ ਮਿਸ਼ਨਰੀ C.F.Andrews (1871-1940) ਨੇ ਮੋਰਚਾ 'ਗੁਰੂ ਕਾ ਬਾਗ' ਦੇ ਅੱਖੀਂ ਡਿਠੇ ਹਾਲਾਤ ਲਿਖਦੇ ਹੋਏ ਸਿੱਖਾਂ ਦੀ ਸ਼ਾਂਤਮਈ ਕੁਰਬਾਨੀ ਦਾ ਬਹੁਤ ਸ਼ਲਾਘਾ ਸਹਿਤ ਵਰਣਨ ਕੀਤਾ ਹੈ।[75]

ਅਗਲੇ ਅਧਿਆਇ ਵਿਚ ਕਰਤਾ ਨੇ ਗੁਰਦੁਆਰਾ ਗੰਗਸਰ ਅੰਦਰ ਖੰਡਿਤ ਅਖੰਡ ਪਾਠ ਸਾਹਿਬ ਦੁਬਾਰਾ ਕਰਨ ਲਈ ਲਗੇ ਮੋਰਚੇ (15 ਸਤੰਬਰ, 1923 ਤੋਂ 21 ਜੁਲਾਈ, 1925) ਦੀ ਵਿਥਿਆ ਬਿਆਨ ਕੀਤੀ ਹੈ।[76] ਗੁਰਦੁਆਰਾ ਭਾਈ ਫੇਰੂ ਦੇ ਮੋਰਚੇ ਬਾਰੇ ਕਰਤਾ ਲਿਖਦਾ ਹੈ :

> *ਜਦ ਤੋਂ ਗੁਰਦੁਆਰੇ ਕਾਨੂੰਨ (Gurdwara Act) ਲਾਗੂ ਹੋਏ ਹਨ, ਗੁਰਦੁਆਰਿਆਂ ਦੀ ਸਾਰੀ ਸੇਵਾ ਪੈਸੇ ਦੀ ਹੋ ਗਈ ਹੈ, ਅਥਵਾ ਹਰ*

---

74. ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ, ਪੂਰਵ ਅੰਕਤ, ਪੰਨੇ ੪੪-੫੨.
75. *The Encyclopaedia of Sikhism* (Vol. II), pp. 205-06 ; Andrews ਦੇ ਪੂਰੇ ਵੇਰਵੇ ਲਈ ਵੇਖੋ : Mohinder Singh, *The Akali Struggle : A Retrospect*, Atlantic Publishers, New Delhi, 1988, pp. 222-28.
76. ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ, ਪੂਰਵ ਅੰਕਤ, ਪੰਨਾ 68.

ਆਦਮੀ ਦੀ ਹੈਸੀਅਤ ਏਥੇ ਤਨਖ਼ਾਹਦਾਰ ਮੁਲਾਜ਼ਮ ਦੀ ਹੁੰਦੀ ਹੈ,
ਜਿਸ ਵਿਚ ਸੇਵਾ ਭਾਵਨਾ ਤਕਰੀਬਨ ਗਾਇਬ ਹੁੰਦੀ ਹੈ।[77]

ਪੁਸਤਕ ਦੇ ਅੰਤਲੇ ਵਰਕੇ 'ਤੇ ਆਪਣੇ ਵਿਦਿਆਰਥੀ ਜੀਵਨ ਦੌਰਾਨ ਦੇਖੀ[78] ਉਪਰੋਕਤ ਭਾਵਨਾ ਦਾ ਜ਼ਿਕਰ ਕਰਦੇ ਹੋਏ ਲੇਖਕ ਗੁਰਦੁਆਰਿਆਂ ਵਿਚ ਬਿਨਾ ਤਨਖ਼ਾਹ (Honrary) ਸੇਵਾਦਾਰ ਰਖਣ ਦੀ ਸਲਾਹ ਵੀ ਪਾਠਕਾਂ ਨੂੰ ਦਿੰਦਾ ਹੈ।

ਸਮੁਚੇ ਤੌਰ 'ਤੇ ਪੁਸਤਕ ਇਤਿਹਾਸ ਦੇ ਖੋਜੀਆਂ ਲਈ ਹਵਾਲਾ ਸ੍ਰੋਤ ਹੋਣ ਦੇ ਨਾਲ-ਨਾਲ ਗੁਰਮਤਿ ਮਾਰਗ ਦੇ ਜਗਿਆਸੂਆਂ ਲਈ ਪਥ-ਪ੍ਰਦਰਸ਼ਕ ਸਿਧ ਹੋਈ ਹੈ। ਇਸ ਰਾਹੀਂ ਪੰਥਕ ਪਿਆਰ ਨੂੰ ਉਨ੍ਹਾਂ ਸ਼ਖ਼ਸੀਅਤਾਂ ਰਾਹੀਂ ਦਰਸਾਇਆ ਗਿਆ ਹੈ, ਜਿਨ੍ਹਾਂ ਨੇ ਗੁਰਦੁਆਰਿਆਂ ਦੇ ਕਬਜ਼ੇ ਲੈਣ ਸਮੇਂ ਆਪਣੀਆਂ ਸ਼ਹਾਦਤਾਂ ਦਿਤੀਆਂ।

ਅਕਾਲੀ ਲਹਿਰ ਦਾ ਨਾਇਕ ਜਥੇਦਾਰ : ਭਾਈ ਕਰਤਾਰ ਸਿੰਘ ਝੱਬਰ

ਇਹ ਪੁਸਤਕ ਸਿੰਘ ਬ੍ਰਦਰਜ਼, ਅੰਮ੍ਰਿਤਸਰ ਵਲੋਂ 1988 ਵਿਚ ਪ੍ਰਕਾਸ਼ਿਤ ਹੋਈ। ਪੁਸਤਕ ਰੂਪ ਵਿਚ ਆਉਣ ਤੋਂ ਪਹਿਲਾਂ ਇਹ ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ ਵਲੋਂ ਵਖ-ਵਖ ਟ੍ਰੈਕਟਾਂ (ਨੰ. 236, 241, 250, 274) ਦੇ ਰੂਪ ਵਿਚ ਉਪਲਬਧ ਸੀ। ਇਸ ਦੇ ਆਰੰਭਕ 'ਦੋ ਸ਼ਬਦ' ਡਾ. ਗੰਡਾ ਸਿੰਘ ਵਲੋਂ ਲਿਖੇ ਗਏ ਹਨ। ਪੁਸਤਕ ਵਿਚ ਲੇਖਕ ਨੇ ਜਥੇਦਾਰ ਭਾਈ ਕਰਤਾਰ ਸਿੰਘ ਝੱਬਰ ਜੀ ਦਾ ਜੀਵਨ ਬ੍ਰਿਤਾਂਤ ਵਿਸਤਾਰ ਸਹਿਤ ਪੇਸ਼ ਕੀਤਾ ਹੈ।

ਭਾਈ ਕਰਤਾਰ ਸਿੰਘ ਝੱਬਰ ਇਕ ਅਜਿਹੀ ਸ਼ਖ਼ਸੀਅਤ ਦਾ ਨਾਂ ਹੈ ਜਿਹੜਾ ਨਾ ਕੇਵਲ ਕੌਮੀ ਸੇਵਾ ਦੀ ਇਕ ਅਦੁਤੀ ਮਿਸਾਲ ਹੀ ਪੇਸ਼ ਕਰਦਾ ਹੈ ਬਲਕਿ ਦੇਸ਼ ਅਤੇ ਗੁਰਦੁਆਰਿਆਂ ਦੀ ਆਜ਼ਾਦੀ ਦੇ ਇਤਿਹਾਸ ਦੀ ਲੜੀ ਵਿਚ ਇਕ ਸ਼੍ਰੋਮਣੀ ਮਣਕਾ ਵੀ ਹੈ। ਝੱਬਰ ਜੀ ਉਨ੍ਹਾਂ ਖਾਸ ਹਸਤੀਆਂ ਵਿਚੋਂ ਸਨ ਜਿਨ੍ਹਾਂ ਨੇ ਵੀਹਵੀਂ ਸਦੀ ਦੇ ਆਰੰਭ ਤੋਂ ਹੀ ਸਿੱਖੀ ਪ੍ਰਚਾਰ ਦੀ ਲਗਨ ਨਾਲ ਸਿੰਘ ਸਭਾ ਲਹਿਰ ਅਤੇ ਅਕਾਲੀ ਲਹਿਰ ਵਿਚ ਵਧ ਚੜ੍ਹ ਕੇ ਹਿਸਾ ਲਿਆ।

ਭਾਈ ਕਰਤਾਰ ਸਿੰਘ ਜੀ ਦਾ ਜਨਮ 1874 ਈ. ਨੂੰ ਪਿੰਡ ਝੱਬਰ, ਜਿਲ੍ਹਾ ਸ਼ੇਖ਼ੂਪੁਰਾ (ਹੁਣ ਪਾਕਿਸਤਾਨ) ਦੇ ਵਿਰਕ ਖਾਨਦਾਨ ਵਿਚ ਹੋਇਆ।[79] ਝੱਬਰ ਜੀ ਨੇ 1904 ਵਿਚ ਨਨਕਾਣਾ ਸਾਹਿਬ ਦੇ ਜੋੜ ਮੇਲ ਸਮੇਂ ਪੰਜ ਪਿਆਰਿਆਂ ਪਾਸੋਂ 'ਅੰਮ੍ਰਿਤ' ਦੀ ਦਾਤ ਪ੍ਰਾਪਤ ਕੀਤੀ। ਇਨ੍ਹਾਂ ਦੇ ਜੀਵਨ ਦੀਆਂ ਮੁਢਲੀਆਂ ਗੱਲਾਂ ਦੀ ਜਾਣਕਾਰੀ ਦਿੰਦੇ ਹੋਏ ਲੇਖਕ ਨੇ ਸਿੱਖ ਪੁਨਰ ਜਾਗ੍ਰਤੀ ਲਹਿਰਾਂ (ਗਦਰ ਲਹਿਰ, ਕਾਮਾ ਗਾਟਾ ਮਾਰੂ ਜਹਾਜ਼ ਦੀ ਘਟਨਾ ਤੇ ਜ਼ਲ੍ਹਿਆਂ ਵਾਲਾ ਬਾਗ ਦਾ ਖ਼ੂਨੀ ਸਾਕਾ ਆਦਿ) ਸਮੇਂ ਝੱਬਰ ਦੇ ਰੋਲ ਦੀ ਵਿਸਤਾਰ ਨਾਲ ਜਾਣਕਾਰੀ ਦਿਤੀ ਹੈ। ਝੱਬਰ ਨੇ ਸਭ ਤੋਂ

---

77. *ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ*, ਪੂਰਵ ਅੰਕਤ, ਪੰਨੇ 95-6.
78. ਇਸ ਘਟਨਾ ਦਾ ਜ਼ਿਕਰ ਪਹਿਲੇ ਅਧਿਆਇ ਵਿਚ ਕੀਤਾ ਗਿਆ ਹੈ, ਵੇਖੋ ਪੰਨੇ 35-6.
79. ਨਰੈਣ ਸਿੰਘ, *ਅਕਾਲੀ ਲਹਿਰ ਦਾ ਨਾਇਕ ਜਥੇਦਾਰ : ਭਾਈ ਕਰਤਾਰ ਸਿੰਘ ਝੱਬਰ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1988, ਪੰਨਾ 10.

ਪਹਿਲਾਂ 11 ਅਪ੍ਰੈਲ, 1919 ਨੂੰ ਹਿੰਦੂ, ਸਿੱਖ ਤੇ ਮੁਸਲਮਾਨਾਂ ਦੇ ਸਾਂਝੇ ਜਲਸੇ 'ਚ ਰਾਜਨੀਤਕ ਭਾਸ਼ਣ ਦਿਤਾ।[80] ਇਸ ਤੋਂ ਬਾਅਦ ਅੰਗਰੇਜ਼ ਸਰਕਾਰ ਦੀਆਂ ਨਜ਼ਰਾਂ ਵਿਚ ਝੱਬਰ ਬੜੇ ਖ਼ਤਰਨਾਕ ਤੇ ਰਾਜ ਪਲਟਾਊ ਆਗੂ ਸਮਝੇ ਗਏ। ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਦੇ ਆਰੰਭ ਦੌਰਾਨ ਗੁਰਦੁਆਰਾ ਬਾਬੇ ਦੀ ਬੇਰ ਦੇ ਮਹੰਤ ਹਰਨਾਮ ਸਿੰਘ ਪਾਸੋਂ ਕਬਜ਼ਾ ਲੈਣ ਸਮੇਂ ਭਾਈ ਕਰਤਾਰ ਸਿੰਘ ਝੱਬਰ ਨੇ ਇਕ ਕਵਿਤਾ ਇਉਂ ਪੜੀ :

ਮੁਸਲਮਾਨਾਂ ਦਾ ਮੱਕਾ ਖੋਹ ਲਿਆ
ਸਿੱਖਾਂ ਦਾ ਦਰਬਾਰ-ਪਰਚੀ ਨਹੀਂ ਦੇਣੀ...
ਰਕਾਬ ਗੰਜ ਦੀ ਕੰਧ ਜੋ ਢਾਹੀ
ਬਨਣ ਨ ਦੇ ਸਰਕਾਰ-ਪਰਚੀ ਨਹੀਂ ਦੇਣੀ...
ਚਤਰ ਸਿੰਘ ਨੂੰ ਪਿੰਜਰੇ ਪਾਇਆ
ਛਡਦੀ ਨਹੀਂ ਸਰਕਾਰ-ਪਰਚੀ ਨਹੀਂ ਦੇਣੀ...[81]

ਸ਼੍ਰੋਮਣੀ ਅਕਾਲੀ ਦਲ ਦੇ ਇਤਿਹਾਸ ਬਾਰੇ ਕਰਤਾ ਦਸਦਾ ਹੈ ਕਿ 24 ਜਨਵਰੀ, 1921 ਨੂੰ ਅੰਮ੍ਰਿਤਸਰ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਇਕ ਮੀਟਿੰਗ ਹੋਈ ਜਿਸ ਵਿਚ ਝੱਬਰ ਨੇ 'ਅਕਾਲੀ ਦਲ' ਨਾਮੀ ਜਥਾ ਬਣਾਉਣ ਦੀ ਪੇਸ਼ਕਸ਼ ਰਖੀ। ਮੀਟਿੰਗ ਵਿਚ ਸ਼ਾਮਿਲ ਭਾਈ ਅਰਜਨ ਸਿੰਘ ਧੀਰਕਾ ਨੇ ਇਸ ਜਥੇ ਦਾ ਨਾਂ 'ਗੁਰਦੁਆਰਾ ਸੇਵਕ ਦਲ' ਰਖਣ ਦੀ ਤਜਵੀਜ਼ ਰਖੀ। ਭਾਈ ਅਰਜਨ ਸਿੰਘ ਤੇ ਹੋਰ ਸਜਣਾਂ ਦੇ ਵਿਚਾਰਾਂ ਉਪਰੰਤ ਝੱਬਰ ਨੇ ਦਲੀਲ ਦਿਤੀ :

ਸੇਵਕ ਸ਼ਬਦ ਦਾ ਅਸਰ ਮਨੁੱਖੀ ਦਿਲ 'ਤੇ ਪੈ ਕੇ ਉਸ ਨੂੰ ਨਿਮਾਣਾ ਤੇ ਕਮਜ਼ੋਰ ਕਰਨ ਦਾ ਕਾਰਨ ਬਣਦਾ ਹੈ ਤੇ ਇਸ ਦੇ ਮੁਕਾਬਲੇ 'ਅਕਾਲੀ' ਸ਼ਬਦ ਆਦਮੀ ਨੂੰ ਅਕਾਲੀ ਬਣਨ ਦਾ ਅਸਰ ਪਾਂਦਾ ਹੈ। ਅਕਾਲੀ ਦੇ ਅਰਥ ਹਨ 'ਅਕਾਲ ਦਾ ਬੰਦਾ'। ਪੁਰਾਣੀ ਤਾਰੀਖ ਵੀ ਦਸਦੀ ਹੈ ਕਿ ਜਥੇਦਾਰ ਅਕਾਲੀ ਫੂਲਾ ਸਿੰਘ ਨੇ 'ਅਕਾਲ ਰੈਜਮੈਂਟ' ਕਾਇਮ ਕੀਤੀ ਸੀ।[82]

ਝੱਬਰ ਦੀ ਇਸ ਦਲੀਲ ਨਾਲ ਸੰਗਤ ਦੀ ਸਹਿਮਤੀ ਹੋਣ 'ਤੇ ਜਥੇ ਦਾ ਨਾਂ 'ਅਕਾਲੀ ਦਲ' ਰਖਿਆ ਗਿਆ।

ਗੁਰਦੁਆਰਾ ਗੁਰੂ ਕਾ ਬਾਗ ਅਤੇ ਜੈਤੋਂ ਦੇ ਮੋਰਚੇ ਦੀ ਵਿਥਿਆ ਬਿਆਨ

---

80. *ਅਕਾਲੀ ਲਹਿਰ ਦਾ ਨਾਇਕ ਜਥੇਦਾਰ : ਭਾਈ ਕਰਤਾਰ ਸਿੰਘ ਝੱਬਰ*, ਪੂਰਵ ਅੰਕਤ, ਪੰਨਾ 74
81. *ਉਹੀ*, ਪੰਨੇ 87-8
82. *ਅਕਾਲੀ ਲਹਿਰ ਦਾ ਨਾਇਕ ਜਥੇਦਾਰ : ਭਾਈ ਕਰਤਾਰ ਸਿੰਘ ਝੱਬਰ*, ਪੂਰਵ ਅੰਕਤ, ਪੰਨੇ 143-44 : ਅਸਲ ਵਿਚ ਇਸ ਅਕਾਲੀ ਦਲ ਦੀ ਬੁਨਿਆਦ ਕੁਝ ਦਿਨ ਪਹਿਲਾਂ ਹੀ ਰਖ ਦਿਤੀ ਗਈ ਸੀ। ਇਸ ਸੰਬੰਧੀ ਝੱਬਰ ਨੇ ਮਿਤੀ 24 ਦਸੰਬਰ, 1920 ਈ ਨੂੰ ਇਲਾਕੇ ਦੇ ਸਿੰਘਾਂ ਦੀ ਮੀਟਿੰਗ ਬੁਲਾਈ, ਜਿਸ ਵਿਚ ਇਲਾਕੇ ਦਾ 'ਅਕਾਲੀ ਦਲ ਖਰਾ ਸੌਦਾ ਬਾਰ' ਨਾਂ ਦਾ ਅਕਾਲੀ ਜਥਾ ਕਾਇਮ ਕੀਤਾ ਗਿਆ, ਵੇਖੋ : *ਅਕਾਲੀ ਲਹਿਰ ਦਾ ਨਾਇਕ ਜਥੇਦਾਰ : ਭਾਈ ਕਰਤਾਰ ਸਿੰਘ ਝੱਬਰ*, ਪੂਰਵ ਅੰਕਤ, ਪੰਨੇ 132-33; ਪੁਸ਼ਟੀ ਲਈ ਹੋਰ ਵੇਖੋ : ਕੁਲਵਿੰਦਰ ਸਿੰਘ ਬਾਜਵਾ (ਡਾ.) (ਸੰਪਾ.), *ਅਕਾਲੀ ਦਲ ਸੱਚਾ ਸੌਦਾ ਬਾਰ*, ਸਿੱਖ ਇਤਿਹਾਸ ਰਿਸਰਚ ਬੋਰਡ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ), ਸ੍ਰੀ ਅੰਮ੍ਰਿਤਸਰ, 2002 (ਦੂਜੀ ਵਾਰ), ਪੰਨਾ ੯.

ਕਰਕੇ ਲੇਖਕ ਝੱਬਰ ਦੁਆਰਾ ਵਖ-ਵਖ ਥਾਵਾਂ 'ਤੇ ਦਿਤੇ ਭਾਸ਼ਣਾਂ ਦਾ ਜ਼ਿਕਰ ਕਰਦਾ ਹੈ। ਇਨ੍ਹਾਂ ਭਾਸ਼ਣਾਂ ਦੌਰਾਨ ਝੱਬਰ ਦੁਆਰਾ ਪੜ੍ਹੀ ਗਈ ਇਕ ਨਜ਼ਮ ਲੇਖਕ ਨੇ ਇਉਂ ਪੇਸ਼ ਕੀਤੀ ਹੈ :

ਹੋ ਜਾਓ ਸਭ ਅਕਾਲੀ, ਹੁਣ ਰੁਤ ਆ ਗਈ ਜੇ
ਸਿਰ ਦਸਤਾਰੇ ਕਾਲੇ ਬੰਨ੍ਹੋ, ਕ੍ਰਿਪਾਨ ਗਾਤਰੇ ਵਾਲੀ, ਹੁਣ ...
ਤਨ ਮਨ ਧਨ ਸਭ ਦਿਓ ਪੰਥ ਨੂੰ, ਚਲੋ ਗੁਰਮਤਿ ਚਾਲੀ, ਹੁਣ...
ਪ੍ਰੇਮ ਧੁਨੀ ਜਪੁ ਜਾਪੁ ਪੜ੍ਹੋ, ਰਖੋ ਰਹਿਤ ਅਕਾਲੀ, ਹੁਣ...
ਮਹੰਤ ਪੁਜਾਰੀ ਬਣ ਗਏ ਲੁੱਚੇ, ਇਨ੍ਹਾਂ ਕੰਜਰ ਭਗਤ ਨਿਕਾਲੀ, ਹੁਣ...
ਜੀਵਨ ਦਾਸ ਜੋ ਸੇਖੂਪੁਰੀਆ, ਉਸ ਬੂਹੇ ਪੁਲਸ ਬਹਾਲੀ, ਹੁਣ...[83]

ਕਰਤਾ ਅਨੁਸਾਰ ਝੱਬਰ ਨੂੰ ਜੋਸ਼ੀਲੇ ਭਾਸ਼ਣਾਂ ਕਾਰਨ 4½ ਸਾਲ ਲਈ ਜੇਲ੍ਹ ਵੀ ਜਾਣਾ ਪਿਆ। ਜੇਲ੍ਹ ਤੋਂ ਬਾਹਰ ਆਉਣ ਮਗਰੋਂ ਝੱਬਰ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੈਂਬਰ ਚੁਣਿਆ ਗਿਆ ਜਿਥੇ ਇਹ ਕਈ ਸਾਲ ਕੰਮ ਕਰਦੇ ਰਹੇ। ਇਸੇ ਦੌਰਾਨ ਇਕ ਵਾਰ ਫਿਰ ਝੱਬਰ ਨੂੰ ਕਿਸੇ ਜ਼ਮੀਨੀ ਝਗੜੇ ਦੇ ਸੰਬੰਧ ਵਿਚ ਸਰਦਾਰ ਨਰੈਣ ਸਿੰਘ ਨਾਲ ਜੇਲ੍ਹ ਜਾਣਾ ਪਿਆ।[84]

ਝੱਬਰ ਦੀ ਪੰਥ-ਪ੍ਰਸਤੀ ਬਾਰੇ ਦਸਦੇ ਹੋਏ ਲੇਖਕ ਕਹਿੰਦਾ ਹੈ ਕਿ ਜਦੋਂ ਕਦੇ ਉਹ ਝੱਬਰ ਕੋਲ ਜਾਂਦਾ ਤਾਂ ਝੱਬਰ ਇਕੋ ਹੀ ਗੱਲ ਕਰਦੇ-*ਸਣਾਉ ਪੰਥ ਦੀ ਕੋਈ ਗੱਲ!* [85] ਕਰਤਾ ਅਨੁਸਾਰ ਭਾਈ ਕਰਤਾਰ ਸਿੰਘ ਝੱਬਰ ਖਾਲਸਾ ਪੰਥ ਦੀ ਸੇਵਾ ਕਰਦੇ ਹੋਏ 1962 ਈ. ਵਿਚ ਸਦੀਵੀ ਵਿਛੋੜਾ ਦੇ ਗਏ।[86]

ਸਮੁਚੇ ਰੂਪ ਵਿਚ ਪੁਸਤਕ ਭਾਈ ਕਰਤਾਰ ਸਿੰਘ ਝੱਬਰ ਦੇ ਜੀਵਨ-ਬ੍ਰਿਤਾਂਤ ਦਾ ਇਕੋ-ਇਕ ਮੁਢਲਾ ਸੋਮਾ ਹੋ ਨਿਬੜਦੀ ਹੈ।

ਬਾਬਾਣੀਆਂ ਕਹਾਣੀਆਂ

ਇਹ ਪੁਸਤਕ ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ ਵਲੋਂ ਪ੍ਰਕਾਸ਼ਿਤ ਕੀਤੀ ਗਈ (ਮਿਤੀਹੀਣ)। ਇਸ ਨੂੰ ਟ੍ਰੈਕਟ (ਨੰ. 3, 9) ਤੋਂ ਪੁਸਤਕ ਰੂਪ ਦਿਤਾ ਗਿਆ ਹੈ। ਪੁਸਤਕ ਲਿਖਣ ਦੀ ਮਨਸ਼ਾ ਸਿੱਖ ਬੱਚਿਆਂ ਨੂੰ ਆਪਣੇ ਬਾਬਿਆਂ (ਵਡ-ਵਡੇਰਿਆਂ) ਦੀਆਂ ਕਹਾਣੀਆਂ ਤੋਂ ਜਾਣੂੰ ਕਰਵਾ ਕੇ ਚੰਗੇ ਇਨਸਾਨ ਬਣਨ ਦੀ ਪ੍ਰੇਰਨਾ ਦੇਣਾ ਹੈ। ਇਸ ਵਿਚਲੇ ਲੇਖ ਅਸਲ ਵਿਚ ਸਿੱਖ ਇਤਿਹਾਸ ਵਿਚਲੀਆਂ ਪ੍ਰਚਲਤ ਸਾਖੀਆਂ ਹੀ ਹਨ। ਇਨ੍ਹਾਂ ਦੀ ਲਿਖਣ ਸ਼ੈਲੀ ਵੀ ਬਹੁਤ ਸੌਖੀ ਤੇ ਸਪਸ਼ਟ ਹੈ ਜਿਸ ਕਰਕੇ ਇਹ ਹਰ ਬੱਚੇ ਅਤੇ ਆਮ ਵਿਅਕਤੀ ਦੇ ਸਮਝ ਗੋਚਰੇ ਹੁੰਦੀ ਹੈ। ਪੁਸਤਕ ਵਿਚ ਕੁਲ 20 ਲੇਖ ਹਨ।

---

83. *ਅਕਾਲੀ ਲਹਿਰ ਦਾ ਨਾਇਕ ਜਥੇਦਾਰ : ਭਾਈ ਕਰਤਾਰ ਸਿੰਘ ਝੱਬਰ*, ਪੂਰਵ ਅੰਕਤ, ਪੰਨਾ 220
84. ਇਸ ਘਟਨਾ ਦਾ ਜ਼ਿਕਰ ਅਸੀਂ ਪਹਿਲੇ ਅਧਿਆਇ ਵਿਚ ਕਰ ਆਏ ਹਾਂ, ਵੇਖੋ : ਪੰਨੇ 18-9.
85. *ਅਕਾਲੀ ਲਹਿਰ ਦਾ ਨਾਇਕ ਜਥੇਦਾਰ : ਭਾਈ ਕਰਤਾਰ ਸਿੰਘ ਝੱਬਰ*, ਪੂਰਵ ਅੰਕਤ, ਪੰਨਾ 264.
86. *ਉਹੀ.*

ਪਹਿਲੇ ਲੇਖ, ਖਰਾ ਸੌਦਾ ਵਿਚ ਲੇਖਕ ਨੇ ਗੁਰੂ ਨਾਨਕ ਸਾਹਿਬ ਦੁਆਰਾ ਭੁਖੇ ਸਾਧੂਆਂ ਨੂੰ ਵੀਹ ਰੁਪਏ ਦਾ ਭੋਜਨ ਛਕਾਉਣ ਵਾਲੀ ਖਰੇ ਸੌਦੇ ਦੀ ਸਾਖੀ ਬੜੇ ਰੌਚਕ ਢੰਗ ਨਾਲ ਪੇਸ਼ ਕੀਤੀ ਹੈ। ਇਸ ਸੌਦੇ ਬਾਰੇ ਗੁਰੂ ਨਾਨਕ ਸਾਹਿਬ ਦੇ ਕਲਪਿਤ ਬੋਲ ਲੇਖਕ ਇਉਂ ਪੇਸ਼ ਕਰਦਾ ਹੈ :

> *ਮਨੁੱਖ ਆਪਣੇ ਬਾਲ ਬੱਚੇ ਦੇ ਪੇਟ ਪਾਲਣ ਲਈ ਤਾਂ ਅਨੇਕਾਂ ਸੌਦੇ ਕਰਦਾ ਹੈ ਪਰ ਸਾਰਿਆਂ ਤੋਂ ਵਧੀਕ ਖਰਾ ਸੌਦਾ ਉਹ ਹੈ ਜਿਸ ਸੌਦੇ ਦਾ ਲਾਭ ਨਿਰਾ ਉਸ ਨੂੰ ਆਪ ਹੀ ਨਾ ਹੋਵੇ ਸਗੋਂ ਸੰਸਾਰ ਦੇ ਹੋਰ ਲੋੜਵੰਦਾਂ ਤੇ ਗਰੀਬਾਂ ਨੂੰ ਭੀ ਹੋਵੇ ਜੋ ਸਾਰੇ ਹੀ ਉਸ ਸਾਰਿਆਂ ਦੇ ਸਾਂਝੇ ਪਿਤਾ ਪਰਮੇਸ਼ਵਰ ਦੇ ਬੱਚੇ ਹਨ।* [87]

ਦੂਜੇ ਲੇਖ, *ਗੁਰੂ ਨਾਨਕ ਸੁਲਤਾਨਪੁਰ ਵਿਚ* ਲੇਖਕ ਦਸਦਾ ਹੈ ਕਿ ਗੁਰੂ ਨਾਨਕ ਸਾਹਿਬ ਲਗਾਤਾਰ ਚੌਦਾਂ ਸਾਲ (1483 ਤੋਂ 1497 ਈ.) ਸੁਲਤਾਨਪੁਰ ਹੀ ਰਹੇ। ਇਸ ਸਮੇਂ ਦੌਰਾਨ ਉਨ੍ਹਾਂ ਦੁਆਰਾ ਵਰਤਾਏ ਬਾਲ ਕੌਤਕਾਂ ਦਾ ਵਰਨਣ ਵੀ ਹੈ। ਵੇਈਂ ਨਦੀ ਪ੍ਰਵੇਸ਼ ਵਾਲੀ ਸਾਖੀ ਦਾ ਜ਼ਿਕਰ ਬਿਨਾ ਸ੍ਰੋਤ ਦਸਿਆਂ ਲੇਖਕ ਨੇ ਜਨਮ ਸਾਖੀਆਂ ਦੇ ਹਵਾਲੇ ਨਾਲ ਕੀਤਾ ਹੈ। ਲੇਖਕ ਅਨੁਸਾਰ :

> *ਅਗੇ ਜਨਮਸਾਖੀ ਵਿਚ ਇਉਂ ਲਿਖਿਆ ਹੈ : "ਇਸ ਪਰ ਧੁਨਿ ਆਈ: 'ਨਾਨਕ ਮੇਰਾ ਹੁਕਮ ਤੇਰੀ ਨਦਰੀ ਆਇਆ ਹੈ ਤੂੰ ਮੇਰੇ ਹੁਕਮ ਦੀ ਸਿਫਤ ਕਰ', ਤਬ ਬਾਬਾ ਬੋਲਿਆ '੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ।। ਜਪੁ।। ਆਦਿ ਸਚੁ, ਜੁਗਾਦਿ ਸਚੁ, ਹੈ ਭੀ ਸਚੁ, ਨਾਨਕ ਹੋਸੀ ਭੀ ਸਚੁ।।'ਤਬ ਫੇਰ ਸਚੇ ਪੁਰਖ ਤੋਂ ਆਗਯਾ ਪਾਈ ਹੁਕਮ ਹੋਆ : 'ਨਾਨਕ ! ਜਿਸ ਉਪਰਿ ਤੇਰੀ ਨਦਰਿ, ਤਿਸ ਉਪਰਿ ਮੇਰੀ ਨਦਰਿ, ਜਿਸ ਉਪਰਿ ਤੇਰਾ ਕਰਮ, ਤਿਸੁ ਉਪਰਿ ਮੇਰਾ ਕਰਮ ਮੇਰਾ ਨਾਉਂ ਪਾਰਬ੍ਰਹਮ ਪਰਮੇਸਰੁ, ਤੇਰਾ ਨਾਉਂ ਗੁਰ ਪਰਮੇਸਰੁ' ਤਬ ਗੁਰੂ ਨਾਨਕ ਪੈਰੀਂ ਪਇਆ, ਸਿਰੋਪਾਉ ਦਰਗਾਹੋਂ ਬਾਬੇ ਨੂੰ ਮਿਲਿਆ।* [88]

ਅਗਲੇ ਲੇਖ, *ਭਾਈ ਲਾਲੋ* ਵਿਚ ਲੇਖਕ ਬਾਬਾ ਨਾਨਕ ਜੀ ਦੇ ਬੋਲ 'ਸਤਿ ਕਰਤਾਰ, ਲਾਲੋ ਸਤਿ ਕਰਤਾਰ' ਰਾਹੀਂ ਬੜੇ ਰੌਚਕ ਢੰਗ ਨਾਲ ਭਾਈ ਲਾਲੋ ਦਾ ਗੁਰੂ ਨਾਨਕ ਸਾਹਿਬ ਨਾਲ ਮੇਲ ਦਰਸਾਉਂਦਾ ਹੈ। ਗੁਰੂ ਸਾਹਿਬ ਦੁਆਰਾ ਭਾਈ ਲਾਲੋ ਨੂੰ ਆਪਣੇ ਮਨ ਨੂੰ ਘੜਣ ਦਾ ਦਿਤਾ ਉਪਦੇਸ਼ ਲੇਖਕ ਨੇ ਇਸ ਤਰ੍ਹਾਂ ਪੇਸ਼ ਕੀਤਾ ਹੈ:

> *ਵਡੀ ਸੁੰਦਰ ਕਾਰ ਏ ਤੇਰੀ ਅ-ਘੜੇ ਨੂੰ ਘੜਨਾ,*
> *ਪਰ ਕੀ ਤੂੰ ਕਦੀ ਸੋਚਿਆ ਏ ਆਪਣੇ ਮਨ ਨੂੰ ਘੜਨ ਬਾਰੇ ਭੀ?*

---

87. ਨਰੈਣ ਸਿੰਘ, *ਬਾਬਾਣੀਆਂ ਕਹਾਣੀਆਂ*, ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ, ਪੰਨਾ 2.
88. *ਉਹੀ*, ਪੰਨੇ 9-10.

ਤੂੰ ਘੜ ਆਪਣੀ ਸੁਰਤਿ ਨੂੰ, ਮਨ ਮਤਿ ਤੇ ਬੁਧਿ ਨੂੰ,
ਵਰਤ ਕੇ ਤੇਸਾ ਗੁਰੂ ਦੇ ਸ਼ਬਦ ਦਾ।[89]

ਅਗਲੇ ਲੇਖ, *ਕੋਹੜੀ* ਵਿਚ ਗੁਰੂ ਨਾਨਕ ਸਾਹਿਬ ਦੁਆਰਾ ਇਕ ਕੋਹੜੀ ਨੂੰ ਰਾਜ਼ੀ ਕਰਨ ਦੀ ਵਿਥਿਆ ਹੈ।

ਰਮਜ਼ਾਗੌਸ ਲੇਖ ਵਿਚ ਗੁਰੂ ਨਾਨਕ ਸਾਹਿਬ ਦੁਆਰਾ ਸਿਆਲਕੋਟ ਸ਼ਹਿਰ ਦੇ ਰਹਿਣ ਵਾਲੇ ਇਕ ਰਮਜ਼ਾਗੌਸ ਨਾਮੀ ਫਕੀਰ ਦਾ ਹੰਕਾਰ ਤੋੜਨ ਦੀ ਵਾਰਤਾ ਹੈ। ਉਸ ਸਮੇਂ ਗੁਰੂ ਨਾਨਕ ਸਾਹਿਬ ਜਿਸ ਬੇਰੀ ਹੇਠ ਆ ਕੇ ਉਥੇ ਬੈਠੇ ਸਨ, ਉਹ ਅਜ (2011) ਵੀ ਗੁਰਦੁਆਰਾ 'ਬਾਬੇ ਦੀ ਬੇਰ' ਦੀ ਸ਼ਕਲ ਵਿਚ ਮੌਜੂਦ ਹੈ।[90]

ਅਗਲੇ *ਸੈਦਪੁਰ* ਲੇਖ ਵਿਚ ਬਾਬਰ ਦੁਆਰਾ 1521 ਈ. ਵਿਚ ਸੈਦਪੁਰ 'ਤੇ ਕੀਤੇ ਹਮਲੇ ਕਾਰਨ ਲੋਕਾਂ ਦੀ ਹੋਈ ਦੁਰਦਸ਼ਾ ਤੇ ਕਤਲੇ-ਆਮ ਦਾ ਉਲੇਖ ਹੈ।

ਜੀਵਨ ਸ਼ੱਕਰ ਲੇਖ ਵਿਚ ਕਰਤਾ ਨੇ ਗੁਰੂ ਸਾਹਿਬ ਦੁਆਰਾ ਇਕ ਬੁੱਢੀ ਮਾਂ ਨੂੰ ਜਨਮ-ਮਰਨ ਸਬੰਧੀ ਦਿਤਾ ਉਪਦੇਸ਼ ਦ੍ਰਿੜ ਕਰਵਾਇਆ ਹੈ। ਲੇਖਕ ਦਸਦਾ ਹੈ ਕਿ ਇਕ ਬੁਢੀ ਮਾਂ ਆਪਣਾ ਮਰਿਆ ਜਵਾਨ ਪੁਤਰ ਗੁਰੂ ਨਾਨਕ ਸਾਹਿਬ ਨੂੰ ਜੀਵਤ ਕਰਨ ਬਾਰੇ ਬੇਨਤੀ ਕਰਦੀ ਹੈ। ਗੁਰੂ ਸਾਹਿਬ ਉਸ ਬੁਢੀ ਮਾਂ ਨੂੰ ਮਰਨ ਦੀ ਸੱਚਾਈ ਦ੍ਰਿੜ ਕਰਵਾਉਣ ਹਿਤ ਕਹਿੰਦੇ ਹਨ, 'ਜੇਕਰ ਤੂੰ ਕਿਸੇ ਅਜਿਹੇ ਘਰੋਂ ਜਿਥੇ ਕਦੇ ਕੋਈ ਮਰਿਆ ਨਾ ਹੋਵ, ਥੋੜ੍ਹੀ ਜਿਹੀ ਸ਼ੱਕਰ ਲੈ ਆਵੇਂ ਤਾਂ ਅਸੀਂ ਤੇਰੀ ਸਹਾਇਤਾ ਕਰਨ ਦਾ ਰਾਹ ਲਭ ਸਕਾਂਗੇ।' ਇਹ ਸੁਣ ਕੇ ਬੁਢੀ ਮਾਂ ਨੂੰ ਧਰਵਾਸ ਆਇਆ ਤੇ ਉਸ ਨੇ ਪਿੰਡ ਵਿਚ ਘਰ-ਘਰ ਜਾ ਕੇ ਸ਼ੱਕਰ ਮੰਗੀ ਪਰ ਉਸ ਨੂੰ ਕੋਈ ਅਜਿਹਾ ਘਰ ਨਾ ਲਭਾ ਜਿਥੇ ਕਦੇ ਕੋਈ ਮੌਤ ਨਾ ਹੋਈ ਹੋਵੇ। ਜਦੋਂ ਉਹ ਖਾਲੀ ਹਥ ਵਾਪਿਸ ਮੁੜੀ ਤਾਂ ਗੁਰੂ ਸਾਹਿਬ ਨੇ ਉਪਦੇਸ਼ ਦਿਤਾ ਕਿ ਜਨਮ ਤੋਂ ਬਾਅਦ ਮੌਤ ਅਟਲ ਹੈ। ਜਿਹੜਾ ਜਨਮਿਆ ਹੈ ਉਸ ਨੇ ਮਰਨਾ ਵੀ ਅਵਸ਼ ਹੀ ਹੈ।

ਇਸੇ ਤਰ੍ਹਾਂ ਅਗਲੇ ਲੇਖਾਂ *ਮਾਤਾ ਤ੍ਰਿਪਤਾ*, *ਬੇਬੇ ਨਾਨਕੀ ਤੇ ਮਾਤਾ ਸੁਲੱਖਣੀ*, *ਤੂੰ ਲਹਿਣਾ ਤੇ ਅਸਾਂ ਦੇਣਾ*, *ਮਿਥੋ ਮੁਰਾਰੀ*, *ਨ ਕੋਈ ਹਿੰਦੂ ਨ ਮੁਸਲਮਾਨ*, *ਅਨੋਖਾ ਜੋੜਾ*, *ਚੜ੍ਹਦੀਕਲਾ ਵਾਲਾ ਗੁਰੂ*, *ਸਭ ਦਾ ਸਾਂਝਾ ਗੁਰੂ*, *ਅਨੋਖੀ ਵਿਸਾਖੀ*, *ਸਾਹਿਬਜ਼ਾਦੇ*, *ਭਾਈ ਘਨਈਆ* ਅਤੇ *ਬਖਸ਼ੰਦ ਗੁਰੂ* ਆਦਿ ਵਿਚ ਕਰਤਾ ਨੇ ਸਿੱਖ ਇਤਿਹਾਸ ਨੂੰ ਸਾਖੀਆਂ ਦੀ ਸ਼ਕਲ ਵਿਚ ਵਰਣਨ ਕੀਤਾ ਹੈ।

ਅੰਤਲੇ ਲੇਖ, *ਮੇਰੀ ਮਾਂ ਝੂਠ ਬੋਲਦੀ ਹੈ* ਵਿਚ ਲੇਖਕ ਨੇ ਬਾਬਾ ਬੰਦਾ ਸਿੰਘ ਬਹਾਦਰ ਦੇ ਸ਼ਹੀਦ ਹੋਣ ਵੇਲੇ ਦੀ ਵਾਰਤਾ ਪੇਸ਼ ਕੀਤੀ ਹੈ ਜਿਸ ਸਮੇਂ 1716 ਈ. ਵਿਚ ਲਗਪਗ 100 ਸਿੰਘ ਹਰ ਰੋਜ਼ ਦਿੱਲੀ ਵਿਚ ਸ਼ਹੀਦ ਕੀਤੇ ਜਾਂਦੇ ਸਨ। ਇਨ੍ਹਾਂ ਸਿੰਘਾਂ ਵਿਚ ਇਕ ਨਾਬਾਲਗ ਬੱਚਾ ਵੀ ਸੀ। ਜਦੋਂ ਇਸ ਬੱਚੇ ਨੂੰ ਸ਼ਹੀਦ ਕੀਤਾ ਜਾਣ ਲਗਾ

---

89. *ਬਾਬਾਣੀਆਂ ਕਹਾਣੀਆਂ*, ਪੂਰਵ ਅੰਕਤ, ਪੰਨਾ 22.
90. *ਉਹੀ*, ਪੰਨਾ 33.

ਤਾਂ ਇਸ ਦੀ ਮਾਂ ਆਪਣੇ ਬੱਚੇ ਨੂੰ ਬਚਾਉਣ ਦੀ ਮਾਰੀ ਕਾਜ਼ੀ ਨੂੰ ਕਹਿਣ ਲਗੀ ਕਿ ਮੇਰਾ ਬੱਚਾ ਸਿੱਖ ਨਹੀਂ, ਇਸ ਨੂੰ ਐਂਵੇ ਫੜ ਲਿਆ ਗਿਆ ਹੈ। ਇਹ ਸੁਣ ਕੇ ਉਹ ਬੱਚਾ ਅਗੋਂ ਜਵਾਬ ਦਿੰਦਾ ਹੈ, 'ਮੈਂ ਗੁਰੂ ਕਲਗੀਧਰ ਦਾ ਸਿੱਖ ਹਾਂ, ਮੇਰੀ ਮਾਂ ਝੂਠ ਬੋਲਦੀ ਹੈ'। ਉਸ ਵੇਲੇ ਦੇ ਇਤਿਹਾਸਕਾਰ ਖਾਫੀ ਖਾਂ ਦੁਆਰਾ ਫ਼ਾਰਸੀ ਭਾਸ਼ਾ ਵਿਚ ਲਿਖੇ ਇਸ ਬੱਚੇ ਦੇ ਬੋਲ ਲੇਖਕ ਇਉਂ ਬਿਆਨ ਕਰਦਾ ਹੈ :

> *ਮਾਦਰਮ ਦਰਗ ਮੇ ਗੋਇਆਦ। ਮਨ ਬਾ ਦਿਲੋ ਜਾਨ ਅਜ਼*
> *ਮੋਅਤਕਿਦਾਂ ਵਾ ਫਿਦਾਇਆਨੇ ਜਾਂ ਨਿਸਾਰਿ ਮੁਰਸ਼ਦ ਖ਼ੁਦਮ।*
> *ਮਰਾ ਜ਼ੂਦ ਬਾ ਰਫੀਕਾਨੇ ਮਨ ਰਸਾਨੇਦ।*[91]

ਇਸ ਕਤਲੇਆਮ ਸੰਬੰਧੀ ਬੰਗਾਲ ਦੇ ਅੰਗਰੇਜ਼ ਗਵਰਨਰ ਨੂੰ ਜੋਹਨ ਸਰਮਨੇ ਦੁਆਰਾ ਮਿਤੀ 10 ਮਾਰਚ, 1716 ਨੂੰ ਲਿਖੀ ਇਕ ਰਿਪੋਰਟ ਵੀ ਲੇਖਕ ਅੰਕਿਤ ਕਰਦਾ ਹੈ :

> *They are, one hundred each day beheaded. It is not a little remarkable, with what patience they undergo their fate and to the last it has not been found that one has apostatised from the new formed religion. (Early Records of British India)*[92]

ਅਰਥਾਤ ਉਨ੍ਹਾਂ ਨੂੰ ਸੌ-ਸੌ ਕਰਕੇ ਰਜ਼ਾਨਾ ਕਤਲ ਕੀਤਾ ਜਾਂਦਾ ਹੈ ਅਤੇ ਜਿਸ ਸਿਦਕਦਿਲੀ ਨਾਲ ਉਹ ਮੌਤ ਨੂੰ ਕਬੂਲਦੇ ਹਨ, ਕੋਈ ਛੋਟੀ ਜਿਹੀ ਗੱਲ ਨਹੀਂ। ਅੰਤਲੀ ਘੜੀ ਤਕ ਉਨ੍ਹਾਂ ਵਿਚ ਇਕ ਵੀ ਆਦਮੀ ਅਜਿਹਾ ਨਹੀਂ ਮਿਲਿਆ, ਜਿਸ ਨੇ ਆਪਣੇ ਇਸ ਨਵੇਂ ਧਰਮ (ਸਿੱਖੀ) ਨੂੰ ਤਿਆਗਿਆ ਹੋਵੇ।

ਇਸ ਘਟਨਾ ਦਾ ਜ਼ਿਕਰ ਕਰਕੇ ਲੇਖਕ ਪਾਠਕਾਂ ਨੂੰ ਆਪਣੇ ਦਿਲਾਂ ਅੰਦਰ ਪੰਥਕ ਪਿਆਰ ਧਾਰਨ ਕਰਨ ਦੀ ਪ੍ਰੇਰਨਾ ਦਿੰਦਾ ਹੈ।

ਸਮੁਚੇ ਤੌਰ 'ਤੇ ਪੁਸਤਕ ਵਿਚ ਸਿੱਖ ਇਤਿਹਾਸ ਵਿਚਲੀਆਂ ਘਟਨਾਵਾਂ ਨੂੰ ਸਾਖੀ-ਸ਼ੈਲੀ ਵਿਚ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਬਿਆਨ ਕੀਤਾ ਗਿਆ ਹੈ।

ਕਿਉਂ ਕੀਤੋ ਵੇਸਾਹੁ

ਇਹ ਪੁਸਤਕ ਸਿੰਘ ਬ੍ਰਦਰਜ਼, ਅੰਮ੍ਰਿਤਸਰ ਵਲੋਂ 1986 ਈ. ਵਿਚ ਪ੍ਰਕਾਸ਼ਿਤ ਹੋਈ। ਇਹ ਵਰਤਮਾਨ ਸਿੱਖ-ਰਾਜਨੀਤੀ ਤੇ ਸਥਿਤੀ ਦੀ ਸਭ ਤੋਂ ਮਹਤਵਪੂਰਨ ਰਚਨਾ ਹੈ। ਸਿੱਖ ਪੰਥ ਵਿਚਲੇ ਪੰਥ ਦਰਦੀਆਂ ਦਰਮਿਆਨ ਇਸ ਦੀ ਐਨੀ ਚਰਚਾ ਹੋਈ ਕਿ ਇਸ ਦੀ ਮੰਗ ਦਿਨੋਂ ਦਿਨ ਵਧਦੀ ਗਈ ਜਿਸ ਸਦਕਾ ਹੁਣ ਤਕ ਇਸ ਦੀ

---

91. ਬਾਤਾਣੀਆਂ ਕਹਾਣੀਆਂ, ਪੂਰਵ ਅੰਕਤ, ਪੰਨਾ 113.
92. ਉਹੀ, ਪੰਨਾ 114.

ਨੌ ਵਾਰ ਪੁਨਰ ਪ੍ਰਕਾਸ਼ਨਾ ਹੋ ਚੁਕੀ ਹੈ। ਨੌਵੀਂ ਵਾਰ ਇਹ 2004 ਈ. ਵਿਚ ਉਕਤ ਪ੍ਰਕਾਸ਼ਕ ਵਲੋਂ ਹੀ ਪ੍ਰਕਾਸ਼ਿਤ ਕੀਤੀ ਗਈ। ਭਾਰਤੀ ਹਿੰਦੂ ਸਰਕਾਰ ਦੀਆਂ ਸਿੱਖ ਵਿਰੋਧੀ ਨੀਤੀਆਂ ਦਾ ਖੁਲਾਸਾ ਕਰਦਾ ਇਹ ਇਕ ਕੀਮਤੀ ਦਸਤਾਵੇਜ਼ ਹੈ। ਪੁਸਤਕ ਰੂਪ ਵਿਚ ਆਉਣ ਤੋਂ ਪਹਿਲਾਂ ਇਹ ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ ਵਲੋਂ ਵਖ-ਵਖ ਟ੍ਰੈਕਟਾਂ (ਨੰ. 264, 272, 273, 277) ਦੇ ਰੂਪ ਵਿਚ ਉਪਲਭਦ ਸੀ। ਪੁਸਤਕ ਦਾ ਸਿਰਲੇਖ ਗੁਰਬਾਣੀ ਦੀਆਂ ਇਨ੍ਹਾਂ ਪੰਕਤੀਆਂ ਤੋਂ ਲਿਆ ਗਿਆ ਹੈ :

ਮਛੁਲੀ ਜਾਲੁ ਨ ਜਾਣਿਆ ਸਰੁ ਖਾਰਾ ਅਸਗਾਹੁ ॥
ਅਤਿ ਸਿਆਣੀ ਸੋਹਣੀ ਕਿਉ ਕੀਤੋ ਵੇਸਾਹੁ ॥[93]

ਭਾਵ ਕਿ ਮੌਤ ਨੂੰ ਇਉਂ ਸਮਝੋ ਜਿਵੇਂ ਮਛੀ ਨੂੰ ਅਚਨਚੇਤ ਜਾਲ ਆ ਪੈਂਦਾ ਹੈ, ਤਿਵੇਂ ਹੀ ਮਨੁਖਾਂ ਦੇ ਸਿਰ 'ਤੇ ਅਚਨਚੇਤ ਮੌਤ ਆ ਜਾਂਦੀ ਹੈ। ਅਣਜਾਣ ਮਛੀ ਨੇ ਨਾ ਜਾਲ ਨੂੰ ਸਮਝਿਆ ਤੇ ਨਾ ਹੀ ਸਮੁੰਦਰ ਨੂੰ, ਕਿ ਜਾਲ ਉਸ ਦੀ ਮੌਤ ਦਾ ਕਾਰਨ ਬਣਦਾ ਹੈ ਤੇ ਸਮੁੰਦਰ ਵਿਚ ਟਿਕੇ ਰਹਿਣ ਨਾਲ ਹੀ ਉਸ ਦੀ ਜ਼ਿੰਦਗੀ ਕਾਇਮ ਰਹਿ ਸਕਦੀ ਹੈ। ਵੇਖਣ ਨੂੰ ਮਛੀ ਬੜੀ ਸੋਹਣੀ ਤੇ ਸਿਆਣੀ ਜਾਪਦੀ ਹੈ, ਪਰ ਉਸ ਨੂੰ ਜਾਲ ਦਾ ਇਤਬਾਰ ਨਹੀਂ ਕਰਨਾ ਚਾਹੀਦਾ, ਜਾਲ 'ਤੇ ਇਤਬਾਰ ਕਰਨ ਕਰਕੇ ਹੀ ਉਹ ਫੜੀ ਜਾਂਦੀ ਹੈ।[94]

ਮਛੀ ਦਾ ਪ੍ਰਤੀਕ ਵਰਤ ਕੇ ਲੇਖਕ ਨੇ ਸਿੱਖਾਂ ਦੀ ਦਸ਼ਾ ਬਿਆਨ ਕੀਤੀ ਹੈ ਕਿ ਕਿਵੇਂ ਮਛੀ ਦੀ ਤਰ੍ਹਾਂ ਸਿੱਖਾਂ ਨੇ ਵੀ ਆਪਣੇ ਵਿਰੋਧੀਆਂ ਦੀਆਂ ਵਿਸਾਹਘਾਤ ਕਰਨ ਵਾਲੀਆਂ ਨੀਤੀਆਂ ਨੂੰ ਨਾ ਸਮਝਦੇ ਹੋਏ ਉਨ੍ਹਾਂ 'ਤੇ ਭਰੋਸਾ ਕਰਕੇ ਖ਼ਤਾ ਖਾਧੀ।

ਪੁਸਤਕ ਨੂੰ ਲੇਖਕ ਨੇ ਚਾਰ ਅੰਧਿਆਇਆਂ ਵਿਚ ਵੰਡਿਆ ਹੈ। ਅਖੀਰ ਵਿਚ ਦੋ ਅੰਤਿਕਾਵਾਂ ਹਨ, ਜਿਨ੍ਹਾਂ 'ਚੋਂ ਪਹਿਲੀ ਵਿਚ ਸ੍ਰੀ ਹਰਿਮੰਦਰ ਸਾਹਿਬ ਦੇ ਤੋਸ਼ੇਖਾਨੇ ਵਿਚ ਰਖੀਆਂ ਅਮੁਲ ਵਸਤਾਂ ਦਾ ਵੇਰਵਾ ਹੈ ਅਤੇ ਦੂਸਰੀ ਵਿਚ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ (ਸਾਬਕਾ ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ) ਵਲੋਂ ਸੁਣਾਈ ਜੂਨ '84 ਦੇ ਘਲੂਘਾਰੇ ਦੀ ਹਡ ਬੀਤੀ ਕਹਾਣੀ, ਪ੍ਰੋ. ਲਾਭ ਸਿੰਘ (ਸਾਬਕਾ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ) ਦੇ ਲਿਖੇ ਸ਼ਬਦਾਂ ਵਿਚ ਅੰਕਿਤ ਕੀਤੀ ਗਈ ਹੈ। ਘਟਨਾਵਾਂ ਦਾ ਵਰਨੱਣ ਕਰਦੇ ਹੋਏ ਲੇਖਕ ਨੇ ਬੜੀ ਚੌਕਸੀ ਵਰਤੀ ਹੈ। ਆਪਣੀ ਲਿਖੀ ਹਰੇਕ ਗੱਲ ਦੀ ਪ੍ਰੋੜਤਾ ਲਈ ਹਵਾਲੇ ਵੀ ਨਾਲੋਂ-ਨਾਲ ਦਿਤੇ ਹਨ, ਤਾਂ ਜੋ ਪਾਠਕਾਂ ਨੂੰ ਕਿਸੇ ਕਿਸਮ ਦਾ ਸੰਸਾ ਨਾ ਰਹੇ।

ਆਰੰਭ ਵਿਚ ਲੇਖਕ ਦਸਦਾ ਹੈ ਕਿ ਗੁਰੂ ਨਾਨਕ ਸਾਹਿਬ ਦੁਆਰਾ ਲਗਾਏ ਗਏ ਸਿੱਖ ਧਰਮ ਰੂਪੀ ਬੂਟੇ ਦੀ ਮਹਿਕ ਨੂੰ ਪੁਜਾਰੀ ਜਮਾਤ (ਬ੍ਰਾਹਮਣ ਅਤੇ ਮੌਲਵੀ) ਬਰਦਾਸ਼ਤ ਨਾ ਕਰਦੀ ਹੋਈ ਸਿੱਖ ਧਰਮ ਦੀ ਵਿਰੋਧੀ ਬਣ ਗਈ। ਇਹ ਵਿਰੋਧ ਐਨਾ

93. ਸ੍ਰੀ ਗੁਰੂ ਗ੍ਰੰਥ ਸਾਹਿਬ, ੫੫.
94 *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ* (ਪੋਥੀ-ਪਹਿਲੀ), ਪੂਰਵ ਅੰਕਤ, ਪੰਨਾ ੩੮੮

ਜ਼ੋਰ ਫੜ ਚੁਕਾ ਹੈ ਕਿ ਸਿੱਖਾਂ ਦੀ ਹੋਂਦ ਉਨ੍ਹਾਂ ਲਈ ਖਤਰੇ ਦੀ ਘੰਟੀ ਪ੍ਰਤੀਤ ਹੁੰਦੀ ਹੈ। ਇਨ੍ਹਾਂ ਵਿਰੋਧੀਆਂ ਦਾ ਜਤਨ ਹੈ ਕਿ ਸਿੱਖ ਆਪਣੇ ਆਪ ਨੂੰ ਵਿਸ਼ਾਲ ਬਹੁ-ਗਿਣਤੀ ਅੰਦਰ ਸਮੋਇਆ ਗਿਆ ਸਮਝ ਕੇ ਆਪਣੇ ਵਖਰੇ ਹੋਣੇ ਨੂੰ ਭੁਲ ਜਾਣ। ਅਜਿਹਾ ਨਾ ਹੋਣ ਦੀ ਸੂਰਤ ਵਿਚ ਇਨ੍ਹਾਂ ਨੂੰ ਦੇਸ਼ ਦੇ ਦੁਸ਼ਮਣ ਗਰਦਾਨ ਕੇ ਇਨ੍ਹਾਂ ਉਤੇ ਸਾਰੇ ਹਥ-ਕੰਢੇ ਵਰਤੇ ਜਾਣ ਜੋ ਕਿ ਕਿਸੇ ਵੀ ਦੁਸ਼ਮਣ ਨਾਲ ਵਰਤੇ ਜਾਂਦੇ ਹਨ। ਲੇਖਕ ਅਨੁਸਾਰ ਅਜਿਹਾ ਕਰਨ ਲਈ ਸਭ ਤੋਂ ਸੌਖਾ ਸਾਧਨ ਵਿਰੋਧੀ ਦਾ ਵਿਸਾਹਘਾਤ ਕਰਨਾ ਹੁੰਦਾ ਹੈ ਜਿਸ ਲਈ ਸਮੇਂ ਦੀ ਹਕੂਮਤ ਨੇ ਉਹੋ ਕੁਝ ਕੀਤਾ ਅਤੇ ਕਰ ਰਹੀ ਹੈ ਜਿਸ ਰਾਹੀਂ ਉਨ੍ਹਾਂ ਨੂੰ ਸਫਲਤਾ ਪ੍ਰਾਪਤ ਹੋਵੇ।

ਪਹਿਲੇ ਅਧਿਆਇ ਵਿਚ ਲੇਖਕ ਦਸਦਾ ਹੈ ਕਿ ਹਿੰਦੁਸਤਾਨ ਵਿਚਲੀ ਕੁਲ ਗਿਣਤੀ 'ਚੋਂ ਕੇਵਲ 1.8 ਫ਼ੀਸਦੀ ਸਿੱਖ ਆਪਣੀ ਦਿਖ, ਦਲੇਰੀ, ਸੂਰਬੀਰਤਾ ਅਤੇ ਮਿਹਨਤ ਸਦਕਾ ਸਾਰੇ ਸੰਸਾਰ ਵਿਚ ਜਾਣੇ ਜਾਂਦੇ ਹਨ। ਕਰਤਾ ਅਨੁਸਾਰ ਦੇਸ਼ ਦੀ ਆਜ਼ਾਦੀ ਹਿਤ ਫ਼ਾਂਸੀ ਚੜ੍ਹਾਏ ਗਏ 121 ਸੂਰਬੀਰਾਂ ਵਿਚੋਂ 93 ਸਿੱਖ ਸਨ। ਇਸੇ ਤਰ੍ਹਾਂ ਕਾਲੇ ਪਾਣੀ ਦੀ ਉਮਰ ਕੈਦ ਲਈ ਭੇਜੇ ਗਏ 2646 ਕੈਦੀਆਂ ਵਿਚੋਂ 2147 ਸਿੱਖ ਸਨ। ਕਾਮਾਗਾਟਾ ਮਾਰੂ ਦੇ ਮੁਸਾਫਰਾਂ, ਜਿਨ੍ਹਾਂ ਉਪਰ ਬਜ-ਬਜ (ਕਲਕੱਤਾ) ਦੇ ਘਾਟ 'ਤੇ ਗੋਲੀ ਚਲਾਈ ਗਈ, ਅੰਦਰ ਮਰੇ 22 ਮੁਸਾਫਰ ਸਾਰੇ ਹੀ ਸਿੱਖ ਸਨ ਅਤੇ ਜਲ੍ਹਿਆਂ ਵਾਲਾ ਬਾਗ ਅੰਦਰ ਗੋਲੀ ਦਾ ਨਿਸ਼ਾਨਾ ਹੋਏ 1300 ਬੰਦਿਆਂ ਵਿਚੋਂ 769 ਸਿੱਖ ਸਨ। ਇਸ ਤਰ੍ਹਾਂ ਹੋਰ ਸਾਰੇ 1058 ਹਿੰਦ ਵਾਸੀਆਂ ਦੇ ਮੁਕਾਬਲੇ ਦੇਸ਼ ਹਿਤ ਕੁਰਬਾਨ ਹੋਏ ਸਿੱਖਾਂ ਦੀ ਗਿਣਤੀ 3031 ਸੀ।[95]

ਦੂਜੇ ਅਧਿਆਇ ਵਿਚ ਲੇਖਕ ਵਿਰੋਧੀਆਂ ਵਲੋਂ ਸਿੱਖਾਂ ਦੇ ਨਿਆਰੇਪਣ ਨੂੰ ਵੰਗਾਰਣ ਬਾਰੇ ਜ਼ਿਕਰ ਕਰਦਾ ਹੈ। ਕਰਤਾ ਅਨੁਸਾਰ ਭਾਈ ਕਾਨ੍ਹ ਸਿੰਘ ਨਾਭਾ ਨੇ ਇਸ ਚੁਣੌਤੀ ਨੂੰ ਕਬੂਲਦਿਆਂ ਆਪਣੀ ਕਿਤਾਬ *'ਹਮ ਹਿੰਦੂ ਨਹੀਂ'*[96] ਰਾਹੀਂ ਦੁਨੀਆਂ ਦੇ ਲੋਕਾਂ ਸਾਹਮਣੇ ਸਿੱਖਾਂ ਦੇ ਨਿਆਰੇਪਣ ਦੀ ਦਾਸਤਾਨ ਰਖੀ। ਜਦੋਂ ਸਿੱਖਾਂ ਨੇ ਇਹ ਜਾਣ ਲਿਆ ਕਿ *ਸਿੱਖ ਇਕ ਵਖਰੀ ਕੌਮ ਹੈ* ਤਾਂ ਹਿੰਦੂ ਬਹੁ-ਗਿਣਤੀ ਨੇ ਸਿੱਖਾਂ ਦੇ ਸਿਰ 'ਤੇ ਵਖਵਾਦੀ ਹੋਣ ਦਾ ਇਲਜ਼ਾਮ ਮੜ੍ਹ ਕੇ ਇਨ੍ਹਾਂ ਨੂੰ ਦੇਸ਼ ਧ੍ਰੋਹੀ, ਅਤਿਵਾਦੀ, ਖਾਲਿਸਤਾਨੀ ਆਦਿ ਨਾਮ ਦੇਣੇ ਸ਼ੁਰੂ ਕਰ ਦਿਤੇ, ਜਿਹੜੇ ਕਿ ਹਿੰਦੂ ਪ੍ਰੈੱਸ ਰਾਹੀਂ ਹੋਰ ਵੀ ਜ਼ਿਆਦਾ ਭੰਡੇ ਗਏ। ਜਦੋਂ ਕਿ ਸਿੱਖਾਂ ਦਾ ਆਪਣੇ ਆਪ ਨੂੰ ਹਿੰਦੂਆਂ ਤੋਂ ਵਖਰਾ ਦਰਸਾਉਣਾ ਇਕ ਨਿਰੋਲ ਧਾਰਮਿਕ ਨੁਕਤਾ ਸੀ। *Sunday Calcutta* ਅਖ਼ਬਾਰ ਦੇ ਹਵਾਲੇ ਨਾਲ ਲੇਖਕ ਹਿੰਦੂਆਂ ਵਲੋਂ ਕਢੇ ਇਕ ਜਲੂਸ ਅੰਦਰ ਲਾਏ ਨਾਹਰਿਆਂ...

– *ਕਛ ਕੰਘਾ ਤੇ ਕ੍ਰਿਪਾਨ ਇਨ ਕੋ ਭੇਜੋ ਪਾਕਿਸਤਾਨ॥*

95. ਨਰੈਣ ਸਿੰਘ, *ਕਿਉਂ ਕੀਤੋ ਵੇਸਾਹੁ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2004, ਪੰਨਾ ੮.
96. ਕਾਨ੍ਹ ਸਿੰਘ ਨਾਭਾ (ਭਾਈ), *ਹਮ ਹਿੰਦੂ ਨਹੀਂ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1995 (ਦੂਜੀ ਵਾਰ)।

– *ਸਿਰ 'ਤੇ ਪਗੜੀ ਰਹਿਣ ਨਹੀਂ ਦੇਣੀ*
ਮੂੰਹ 'ਤੇ ਮੱਖੀ ਬਹਿਣ ਨੀ ਦੇਣੀ।।[97]

ਦਾ ਜ਼ਿਕਰ ਕਰਕੇ ਕਰਤਾ ਸਿੱਖਾਂ ਵਲੋਂ ਸ਼ੁਰੂ ਕੀਤੇ 'ਧਰਮ ਯੁਧ ਮੋਰਚੇ' ਦੀ ਵਿਥਿਆ ਵਿਸਤਾਰ ਸਹਿਤ ਬਿਆਨ ਕਰਦਾ ਹੈ। ਲੇਖਕ ਅਨੁਸਾਰ ਧਰਮ ਯੁੱਧ ਮੋਰਚਾ ਖ਼ਤਮ ਕਰਨ ਲਈ ਸਮੇਂ ਦੀ ਸਰਕਾਰ ਨੇ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲੇ ਨੂੰ ਨਿਸ਼ਾਨਾ ਬਣਾਉਂਦੇ ਹੋਏ ਕਥਿਤ 'ਅਤਿਵਾਦੀਆਂ' ਦਾ ਮੁਖੀ ਗਰਦਾਨਿਆ। ਗਿਣੀ-ਮਿਥੀ ਸਾਜਿਸ਼ ਅਧੀਨ ਇੰਦਰਾ ਗਾਂਧੀ (ਪ੍ਰਧਾਨ ਮੰਤਰੀ) ਨੇ 3 ਜੂਨ, 1984 ਨੂੰ ਹਿੰਦੁਸਤਾਨੀ ਫ਼ੌਜ ਰਾਹੀਂ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ 'ਤੇ ਇਹ ਕਹਿ ਕੇ ਹਮਲਾ ਕਰਵਾਇਆ ਕਿ ਦਰਬਾਰ ਸਾਹਿਬ ਅੰਦਰ 'ਅਤਿਵਾਦੀ' ਲੁਕੇ ਹੋਏ ਹਨ। ਇਸੇ ਦਿਨ (3 ਜੂਨ) ਹੀ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਗੁਰਪੁਰਬ ਸੀ। ਗੁਰਪੁਰਬ ਮਨਾਉਣ ਲਈ ਸਿੱਖ ਸੰਗਤਾਂ ਦੂਰੋਂ-ਨੇੜਿਉਂ ਵਡੀ ਤਾਦਾਦ ਵਿਚ ਪਹੁੰਚੀਆਂ ਹੋਈਆਂ ਸਨ। ਭਾਰਤੀ ਫ਼ੌਜ ਨੇ ਕਿਸੇ ਨੂੰ ਸਾਵਧਾਨ ਕੀਤੇ ਬਿਨਾ ਅੰਧਾ-ਧੁੰਦ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿਤੀਆਂ। ਸਿਟੇ ਵਜੋਂ ਸੈਂਕੜੇ ਬੇ-ਕਸੂਰ ਸ਼ਰਧਾਲੂ ਸਿੱਖ ਸ਼ਹੀਦ ਕਰ ਦਿਤੇ ਗਏ। ਗੋਲੀਬਾਰੀ ਦੇ ਨਾਲ-ਨਾਲ ਫ਼ੌਜ ਨੇ ਟੈਂਕਾਂ ਤੇ ਹੋਰ ਭਾਰੀ ਹਥਿਆਰਾਂ ਨਾਲ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹਮਲਾ ਕੀਤਾ। ਇਹ ਗੋਲੀਬਾਰੀ ਲਗਾਤਾਰ ਤਿੰਨ ਦਿਨ ਜਾਰੀ ਰਹੀ, ਜਿਸ ਦੇ ਸਿਟੇ ਵਜੋਂ ਜੋ ਜਾਨੀ, ਮਾਲੀ, ਧਾਰਮਿਕ, ਸਭਿਆਚਾਰਕ ਤੇ ਇਤਿਹਾਸਕ ਨੁਕਸਾਨ ਹੋਇਆ ਅਤੇ ਜੋ ਬੇਅਦਬੀ ਸਿੱਖਾਂ ਦੇ ਮਹਾਨ ਕੇਂਦਰ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਹੋਈ, ਕਹਿਣ ਕਥਨ ਤੋਂ ਬਾਹਰ ਹੈ। ਇਥੇ ਹੀ ਬਸ ਨਹੀਂ ਵੈਰੀਆਂ ਨੇ ਸਿੱਖਾਂ ਦੇ ਪਿਛਲੇ 400 ਸਾਲ ਦਾ ਸੰਭਾਲਿਆ ਖਜ਼ਾਨਾ-ਹਥ ਲਿਖਿਤ ਖਰੜੇ ਤੇ ਹੋਰ ਅਨਮੋਲ ਵਸਤਾਂ ਅਗਨ ਭੇਂਟ ਕਰਕੇ ਆਪਣੀ ਸੌੜੀ ਤੇ ਫਿਰਕੂ ਸੋਚ ਦਾ ਪੁਖਤਾ ਸਬੂਤ ਦਿਤਾ। ਇਸ ਤੋਂ ਇਲਾਵਾ ਸਿੱਖ ਰੈਫਰੈਂਸ ਲਾਇਬ੍ਰੇਰੀ ਵਿਚਲੀਆਂ ਦੁਰਲਭ ਪੁਸਤਕਾਂ ਆਦਿ ਫ਼ੌਜ ਨੇ ਚੁਕ ਕੇ ਕਿਸੇ ਅਗਿਆਤ ਸਥਾਨ 'ਤੇ ਪਹੁੰਚਾ ਦਿਤੀਆਂ, ਜਿਨ੍ਹਾਂ ਦਾ ਅਜ ਤਕ (2011) ਪਤਾ ਨਹੀਂ ਲਗ ਸਕਿਆ।

ਦਰਬਾਰ ਸਾਹਿਬ ਵਿਖੇ ਹੋਈ ਫ਼ੌਜੀ ਕਾਰਵਾਈ ਨੂੰ ਸਰਕਾਰ ਨੇ 'Operation Blue Star' (ਸਾਕਾ ਨੀਲਾ ਤਾਰਾ) ਦਾ ਨਾਂ ਦਿਤਾ। ਇਸ ਸਮੁਚੇ ਸਾਕੇ ਦਾ ਹਾਲ ਵਿਸਤਾਰ ਨਾਲ ਬਿਆਨ ਕਰਨ ਉਪਰੰਤ ਲੇਖਕ ਗਵਾਹੀ ਦੇ ਰੂਪ ਵਿਚ ਕੁਝ ਸਿੱਖਾਂ ਦੇ ਬਿਆਨ ਵੀ ਦਰਜ ਕਰਦਾ ਹੈ, ਜਿਨ੍ਹਾਂ ਨੇ ਇਸ ਸਾਕੇ ਦਾ ਸੇਕ ਹਡੀਂ ਹੰਢਾਇਆ ਜਾਂ ਇਸ ਨੂੰ ਅੱਖੀਂ ਡਿਠਾ।[98] ਇਸ ਦੇ ਨਾਲ ਹੀ ਸਰਕਾਰ ਵਲੋਂ ਲਗਾਏ ਸਮੂਹ

---

97. *ਕਿਉਂ ਕੀਤੋ ਵੇਸਾਹੁ*, ਪੂਰਵ ਅੰਕਤ, ਪੰਨਾ ੬੮.

98. ਜਿਵੇਂ ਗਿਆਨੀ ਪੂਰਨ ਸਿੰਘ, ਗਿਆਨੀ ਸਾਹਿਬ ਸਿੰਘ, ਹੈੱਡ ਗ੍ਰੰਥੀ, ਸ੍ਰੀ ਦਰਬਾਰ ਸਾਹਿਬ, ਭਾਈ ਜੋਗਿੰਦਰ ਸਿੰਘ ਵੇਦਾਂਤੀ। ਵੇਖੋ : *ਕਿਉਂ ਕੀਤੋ ਵੇਸਾਹੁ*, ਪੂਰਵ ਅੰਕਤ, ਪੰਨੇ ੭੮-੮੦

ਝੂਠੇ ਇਲਜ਼ਾਮਾਂ ਦੀ ਪੜਚੋਲ ਵੀ ਅੰਕਿਤ ਹੈ।[99]

ਤੀਜੇ ਅਧਿਆਇ ਵਿਚ ਲੇਖਕ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵਲੋਂ ਸਿੱਖਾਂ ਦਾ ਸਮੂਹਿਕ ਕਤਲੇਆਮ (Genocide) ਕਰਨ ਲਈ ਅਖ਼ਤਿਆਰ ਕੀਤੀ ਨੀਤੀ ਬਾਰੇ ਦਸਦਾ ਹੈ ਕਿ ਕਿਵੇਂ ਇੰਦਰਾ ਨੇ ਭਾਰਤੀ ਸਰਹਦਾਂ 'ਤੇ ਗੋਲੀ-ਬਾਰੂਦ ਇਕੱਠਾ ਕਰਵਾਇਆ ਤਾਂ ਜੋ ਪਾਕਿਸਤਾਨ 'ਤੇ ਹਮਲਾ ਕਰਨ ਦੇ ਚਕਰ ਵਿਚ ਸਿੱਖ ਵਸੋਂ ਵਾਲੇ ਸਾਰੇ ਸਰਹਦੀ ਪਿੰਡ ਤੇ ਸ਼ਹਿਰ ਵੀ ਤਬਾਹ ਹੋ ਜਾਣ। ਇੰਦਰਾ ਗਾਂਧੀ ਦੀ ਇਸ ਫਿਰਕੂ ਸੋਚ 'ਤੇ ਉਸ ਵੇਲੇ ਪਾਣੀ ਫਿਰ ਗਿਆ ਜਦੋਂ 31 ਅਕਤੂਬਰ, 1984 ਨੂੰ ਦੋ ਸਿੰਘਾਂ (ਭਾਈ ਸਤਵੰਤ ਸਿੰਘ ਤੇ ਭਾਈ ਬੇਅੰਤ ਸਿੰਘ) ਨੇ ਉਸ ਦਾ ਕਤਲ ਕਰ ਦਿਤਾ। ਦੇਸ਼ ਦੀ ਪ੍ਰਧਾਨ ਮੰਤਰੀ ਦਾ ਕਤਲ ਹੋਣਾ ਕੋਈ ਛੋਟੀ ਜਿਹੀ ਗੱਲ ਨਹੀਂ ਸੀ। ਇਸ ਦਾ ਵਿਆਪਕ ਅਸਰ ਸਿੱਖਾਂ 'ਤੇ ਹੋਇਆ ਕਿਉਂਕਿ ਇੰਦਰਾ ਦਾ ਕਤਲ ਸਿੱਖ ਅੰਗਰਖਿਅਕਾਂ ਵਲੋਂ ਕੀਤਾ ਗਿਆ ਸੀ, ਇਸ ਦਾ ਦੋਸ਼ੀ ਸਾਰੀ ਸਿੱਖ ਕੌਮ ਨੂੰ ਸਮਝਿਆ ਗਿਆ। ਸਿਟੇ ਵਜੋਂ ਕਈ ਹਜ਼ਾਰ ਬੇਗੁਨਾਹ ਸਿੱਖ ਨੌਜਵਾਨਾਂ ਨੂੰ ਜਿਉਂਦੇ ਸਾੜ ਦਿਤਾ ਗਿਆ, ਸੈਂਕੜੇ ਧੀਆਂ/ਭੈਣਾਂ ਦੀ ਬੇਪਤੀ ਹੋਈ ਅਤੇ ਹਜ਼ਾਰਾਂ ਬੱਚੇ ਯਤੀਮ ਕਰ ਦਿਤੇ ਗਏ। ਦੇਸ਼ ਭਰ ਵਿਚ, ਖਾਸ ਕਰ ਦਿੱਲੀ ਵਿਚ ਵਸਦੇ ਸਿੱਖਾਂ ਦੇ ਹੋਏ ਕਤਲੇਆਮ ਨੂੰ ਨਾਜਾਇਜ਼ ਕਰਾਰ ਦਿੰਦੇ ਹੋਏ ਲੇਖਕ ਨੇ ਦੋ ਆਜ਼ਾਦ ਸੰਸਥਾਵਾਂ ਦੀ ਰਿਪੋਰਟ ਦਾ ਵੀ ਹਵਾਲਾ ਦਿਤਾ ਹੈ।[100]

ਸਰਕਾਰ ਦੀ ਸਿੱਖ ਵਿਰੋਧੀ ਨੀਤੀ ਦਾ ਖੁਲਾਸਾ ਕਰਨ ਦੇ ਨਾਲ-ਨਾਲ ਲੇਖਕ ਇਹ ਵੀ ਦਸਦਾ ਹੈ ਕਿ ਸਿੱਖ ਇਸ ਨੀਤੀ ਦਾ ਸ਼ਿਕਾਰ ਕਿਵੇਂ ਹੋ ਰਹੇ ਹਨ? ਨਾਲ ਹੀ ਲੇਖਕ ਦੁਖੀ ਹਿਰਦੇ ਨਾਲ ਸਿੱਖਾਂ ਦੀ ਅਜੋਕੀ ਤਰਸਯੋਗ ਦਸ਼ਾ 'ਤੇ ਵੀ ਸਵਾਲੀਆ ਚਿੰਨ੍ਹ ਲਗਾਉਂਦਾ ਹੈ। ਕਰਤਾ ਕਹਿੰਦਾ ਹੈ ਕਿ ਸਿੱਖਾਂ ਪਾਸ ਰੰਗ ਰਸ ਮਾਨਣ ਦਾ ਸਮਾਂ ਤੇ ਸਾਧਨ ਤਾਂ ਹਨ ਪਰੰਤੂ ਆਪਣੇ ਗੁਰੂ ਦੇ ਹੁਕਮ ਦੀ ਤਾਮੀਲ ਕਰਨ ਦਾ ਇਨ੍ਹਾਂ ਕੋਲ ਵਕਤ ਨਹੀਂ। ਸਿੱਖਾਂ ਨੂੰ ਉਤਸ਼ਾਹਿਤ ਕਰਦਾ ਹੋਇਆ ਕਰਤਾ ਕਹਿੰਦਾ ਹੈ :

> *ਅਸੀਂ ਹੁਣ, ਜੋ ਬੀਤ ਚੁੱਕਾ ਹੈ, ਉਸ ਦਾ ਹਿਰਖ ਨਾ ਕਰੀਏ, ਨਾ ਜੀਵਨ ਦਾ ਰਹਿੰਦਾ ਸਮਾਂ ਅਜਾਂਈ ਗਵਾਈਏ ਅਤੇ ਸਤਿਗੁਰੂ ਪਾਤਸ਼ਾਹ ਦੀ ਚਰਨ ਸ਼ਰਨ ਵਿਚ ਰਹਿ ਕੇ ਉਸ ਦੇ ਹੁਕਮਾਂ ਨੂੰ*

---

99. ਸਰਕਾਰ ਦਾ ਕਹਿਣਾ ਸੀ ਕਿ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ, ਅੰਦਰ ਲੁਕੇ ਅਤਿਵਾਦੀਆਂ ਨੂੰ ਫੜਨ ਖਾਤਰ ਕੀਤਾ ਹੈ। ਪਰੰਤੂ ਉਸੇ ਦਿਨ ਜਦੋਂ ਦਰਬਾਰ ਸਾਹਿਬ 'ਤੇ ਹਮਲਾ ਹੋਇਆ, ਪੰਜਾਬ ਵਿਚਲੇ 36 ਹੋਰ ਇਤਿਹਾਸਕ ਗੁਰਦੁਆਰਿਆਂ 'ਤੇ ਵੀ ਭਾਰਤੀ ਫ਼ੌਜ ਦੁਆਰਾ ਹਮਲਾ ਕੀਤਾ ਗਿਆ, ਜਿਵੇਂ ਕਿ ਗੁ. ਦੁਖਨਿਵਾਰਨ ਸਾਹਿਬ, ਪਟਿਆਲਾ, ਮੁਕਤਸਰ ਸਾਹਿਬ, ਤਰਨਤਾਰਨ ਸਾਹਿਬ ਆਦਿ। ਵੇਖੋ : *ਕਿਉਂ ਕੀਤੋ ਵੇਸਾਹੁ*, ਪੂਰਵ ਅੰਕਤ, ਪੰਨੇ ੮੯-੯੨.

100. ਇਹ ਸੰਸਥਾਵਾਂ ਹਨ- Peoples Union of Democratic Rights (PUDR) & Peoples Union for Civil Liberties (PUCL). ਇਨ੍ਹਾਂ ਨੇ *Who are the Guilty* ਸਿਰਲੇਖ ਹੇਠ ਇਹ ਰਿਪੋਰਟ ਪੇਸ਼ ਕੀਤੀ। ਵੇਖੋ : *ਕਿਉਂ ਕੀਤੋ ਵੇਸਾਹੁ*, ਪੂਰਵ ਅੰਕਤ, ਪੰਨਾ ੧੨੮

ਸਮਝੀਏ ਅਤੇ ਗੁਰੂ ਨਾਲ ਆਪਣੀ ਪਰਤੀਤ ਬਣਾਈਏ। [101]

ਚੌਥੇ ਅਧਿਆਇ ਵਿਚ ਕਰਤਾ ਸਿੱਖਾਂ ਦੇ ਵਿਰੋਧ ਦਾ ਕਾਰਨ ਗੁਰੂ ਨਾਨਕ ਸਾਹਿਬ ਦਾ ਕਥਿਤ ਨੀਚ ਲੋਕਾਂ ਨੂੰ ਗਲ ਲਾਉਣਾ ਕਰਾਰ ਦਿੰਦਾ ਹੈ :

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂਅਤਿ ਨੀਚੁ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥ [102]

ਕਰਤਾ ਅਨੁਸਾਰ ਗੁਰੂ ਸਾਹਿਬ ਵਲੋਂ ਇਨ੍ਹਾਂ ਲੋਕਾਂ ਨੂੰ ਉਚੇ ਚੁਕਣ ਕਾਰਨ ਜਿਥੇ ਬ੍ਰਾਹਮਣੀ ਉਚ ਜਾਤੀਆਂ ਦੀ ਮਾਣ-ਪ੍ਰਤਿਸ਼ਠਤਾ ਘਟੀ ਉਥੇ ਨਾਲ ਹੀ ਉਨ੍ਹਾਂ ਨੂੰ ਆਪਣੀਆਂ ਘਟਦੀਆਂ ਭੇਟਾਵਾਂ ਦੀ ਵੀ ਚਿੰਤਾ ਸਤਾਉਣ ਲਗੀ। 1947 ਈ. ਦੀ ਦੇਸ਼ ਵੰਡ ਮਗਰੋਂ 'ਆਜ਼ਾਦ' ਭਾਰਤ ਵਿਚ ਸਿੱਖਾਂ ਦੀ ਗਿਣਤੀ ਬਹੁਤ ਘਟ ਰਹਿ ਗਈ ਤੇ ਭਾਰਤ ਲਗਪਗ ਹਿੰਦੂ ਦੇਸ਼ ਬਣ ਗਿਆ ਜਿਸ ਦੀ ਕੁਲ ਗਿਣਤੀ 82 ਫ਼ੀਸਦੀ ਹੈ।

ਹਿੰਦੂ ਸਰਕਾਰ ਨੇ ਸਿੱਖਾਂ ਨੂੰ ਢਾਹ ਲਾਉਣ ਲਈ ਅਨੇਕਾਂ ਯੋਜਨਾਵਾਂ ਘੜੀਆਂ, ਜਿਵੇਂ ਪਛਮੀਂ ਪੰਜਾਬ ਤੋਂ ਆਏ ਸਿੱਖ ਪਰਿਵਾਰਾਂ ਦੇ ਭਾਰਤ ਅੰਦਰ ਵਸਣ ਦੇ ਟਿਕਾਣੇ ਨਿਯਤ ਕਰਨੇ ਜਿਸ ਦੀ ਤਹਿ ਵਿਚ ਨੀਤੀ ਇਹ ਸੀ ਕਿ ਜਿਥੋਂ ਤਕ ਸੰਭਵ ਹੋਵੇ ਸਿੱਖਾਂ ਨੂੰ ਇਕੱਠੇ ਨਾ ਹੋਣ ਦਿਤਾ ਜਾਵੇ। ਜਿਨ੍ਹਾਂ ਜਿਲ੍ਹਿਆਂ, ਤਹਿਸੀਲਾਂ ਜਾਂ ਰਿਆਸਤਾਂ ਵਿਚ ਸਿੱਖ ਵਸੋਂ ਪਹਿਲੋਂ ਹੀ ਵਧੇਰੇ ਸੀ ਉਥੇ ਪਛਮੀਂ ਇਲਾਕਿਆਂ ਤੋਂ ਆਏ ਹਿੰਦੂ ਵਸਾਏ ਗਏ ਅਤੇ ਸਿੱਖ ਸ਼ਰਨਾਰਥੀਆਂ ਨੂੰ ਹਿੰਦੂ ਬਹੁ-ਸੰਮਤੀ ਵਾਲੇ ਇਲਾਕਿਆਂ ਵਿਚ ਭੇਜਿਆ ਗਿਆ।

ਇਸ ਤੋਂ ਪਿਛੋਂ ਬੋਲੀਆਂ ਦੇ ਆਧਾਰ 'ਤੇ ਸੂਬਿਆਂ ਦੀ ਹਦ-ਬੰਦੀ ਦਾ ਸਵਾਲ ਛਿੜਿਆ ਤਾਂ ਵੀ ਪੰਜਾਬੀ ਬੋਲੀ ਨੂੰ ਨਾ ਮਾਨਤਾ ਦਿਤੀ ਗਈ ਅਤੇ ਨਾ ਹੀ ਇਸ ਦਾ ਵਖਰਾ ਸੂਬਾ ਬਣਾਇਆ ਗਿਆ। ਲੇਖਕ ਦਸਦਾ ਹੈ ਕਿ ਪੰਜਾਬੀ ਸੂਬਾ ਬਣਨ ਦਾ ਮਤਲਬ ਪੰਜਾਬ ਦੀ ਰਾਜ ਅਤੇ ਵਿਦਿਆ ਭਾਸ਼ਾ ਪੰਜਾਬੀ ਅਤੇ ਇਸ ਦੀ ਲਿਪੀ ਗੁਰਮੁਖੀ ਹੋਣਾ ਸੀ ਜਿਸ ਨਾਲ ਸਿੱਖਾਂ ਦੇ ਧਰਮ ਪ੍ਰਚਾਰ ਵਿਚ ਵੀ ਵਾਧਾ ਹੋਣਾ ਸੁਭਾਵਿਕ ਸੀ। ਪਰੰਤੂ ਦੇਸ਼ ਦੀ ਹਿੰਦੂ ਜਾਤੀ ਕਿਵੇਂ ਬਰਦਾਸ਼ਤ ਕਰ ਸਕਦੀ ਸੀ ਕਿ ਪੰਜਾਬੀ ਅਤੇ ਗੁਰਮੁਖੀ ਵਧੇ ਫੂਲੇ। ਅਜਿਹੀ ਫਿਰਕੂ ਸੋਚ ਨੇ ਹੀ ਪੰਜਾਬ ਦੀ ਹਿੰਦੂ ਜਨਤਾ ਨੂੰ 1961 ਈ. ਦੀ ਮਰਦਮ ਸ਼ੁਮਾਰੀ ਵਿਚ ਆਪਣੀ ਭਾਸ਼ਾ ਹਿੰਦੀ ਲਿਖਵਾਉਣ ਲਈ ਮਜਬੂਰ ਕੀਤਾ। ਗੁਰਬਾਣੀ ਦੇ ਹਵਾਲੇ...

ਘਰਿ ਘਰਿ ਮੀਆ ਸਭਨਾ ਜੀਆ ਬੋਲੀ ਅਵਰ ਤੁਮਾਰੀ॥ [103]

ਨਾਲ ਲੇਖਕ ਸਿੱਖਾਂ ਨੂੰ ਆਪਣੀ ਸ੍ਵੈ-ਪੜਚੋਲ ਕਰਨ ਬਾਰੇ ਇਉਂ ਪ੍ਰੇਰਦਾ ਹੈ :

---

101. *ਕਿਉਂ ਕੀਤੋ ਵੇਸਾਹੁ*, ਪੂਰਵ ਅੰਕਤ, ਪੰਨਾ ੧੬੬.
102. ਸ੍ਰੀ ਗੁਰੂ ਗ੍ਰੰਥ ਸਾਹਿਬ, ੧੫.
103. ਉਹੀ, ੧੧੯੧

> *ਪੰਜਾਬੀ ਸਿੱਖ ਦੀ ਮਾਂ ਬੋਲੀ ਹੈ ਪਰ ਅਸੀਂ ਆਪਣੇ ਬੱਚਿਆਂ ਨੂੰ ਹਿੰਦੀ ਬੋਲਦਾ ਵੇਖ ਕੇ ਵਧੇਰੇ ਖੁਸ਼ੀ ਮਹਿਸੂਸ ਕਰਦੇ ਹਾਂ ਅਤੇ ਦੇਸ਼ ਦੀ ਬਹੁ-ਗਿਣਤੀ ਦੇ ਪ੍ਰਭਾਵ ਹੇਠ ਅਤੇ ਉਨ੍ਹਾਂ ਦੀ ਖੁਸ਼ੀ ਲੈਣ ਲਈ ਉਨ੍ਹਾਂ ਸਾਹਮਣੇ ਹਿੰਦੀ ਬੋਲਦੇ ਅਤੇ ਗੱਲੀਂ ਬਾਤੀਂ ਨਿਜ ਭਾਸ਼ਾ ਪੰਜਾਬੀ ਦੇ ਗਵਾਰ ਭਾਸ਼ਾ ਕਹੇ ਜਾਣ ਨੂੰ ਭੀ ਸਵੀਕਾਰ ਕਰ ਲੈਂਦੇ ਹਾਂ।*[104]

ਪੰਜਾਬੀ ਭਾਸ਼ਾ ਦੇ ਨੁਕਤੇ ਦੀ ਬਾਰੀਕੀ ਨਾਲ ਪੁੰਨ-ਛਾਣ ਕਰਦੇ ਹੋਏ ਲੇਖਕ ਇਸ ਦੇ ਕਈ ਪਖਾਂ ਨੂੰ ਛੂੰਹਦਾ ਹੋਇਆ ਸਿੱਖਾਂ ਨੂੰ ਇਸ ਪਾਸੇ ਧਿਆਨ ਦੇਣ ਲਈ ਪ੍ਰੇਰਦਾ ਹੈ। ਸਰਕਾਰ ਵਲੋਂ ਫ਼ੌਜਾਂ ਅੰਦਰ ਸਿੱਖਾਂ ਦੀ ਗਿਣਤੀ ਘਟ ਕਰਨ ਬਾਰੇ, ਪੰਜਾਬ ਦੇ ਕਿਸਾਨਾਂ ਤੋਂ ਵਾਧੂ ਉਪਜਾਊ ਧਰਤੀ ਨੂੰ ਨੀਵਾਂ ਲਿਆਉਣ ਹਿਤ ਧਰਤੀ ਦੀ ਮਾਲਕੀ ਤੇ ਹਦਬੰਦੀ ਦਾ ਕਾਨੂੰਨ ਲਾਗੂ ਕਰਨਾ ਅਤੇ ਪੰਜਾਬ ਦੇ ਕਿਸਾਨਾਂ ਨੂੰ ਕਮਜ਼ੋਰ ਕਰਨ ਲਈ ਪੰਜਾਬ ਦੇ ਦਰਿਆਈ ਪਾਣੀ ਨੂੰ ਦੂਜੇ ਰਾਜਾਂ-ਹਰਿਆਣਾ ਤੇ ਰਾਜਸਥਾਨ ਨੂੰ ਦੇਣ ਆਦਿ ਬਾਰੇ ਵੀ ਲੇਖਕ ਦੜਚਾ ਕਰਦਾ ਹੈ। ਅੰਤ ਵਿਚ ਸਿੱਖ ਆਗੂਆਂ ਨੂੰ ਦੋਸ਼ੀ ਕਰਾਰ ਦਿੰਦਾ ਹੋਇਆ ਲੇਖਕ ਕਹਿੰਦਾ ਹੈ :

> *ਜੂਨ 1984 ਤੋਂ ਲੈ ਕੇ ਬੀਤੇ ਸਾਲ (1985) ਭਰ ਅੰਦਰ ਸਿੱਖਾਂ ਨਾਲ ਜੋ ਬੀਤੀ ਹੈ, ਇਹ ਸਾਰਾ ਕੁਝ ਜਾਣਦੇ ਬੁਝਦੇ ਹੋਏ ਜੇ ਅੱਜ ਭੀ ਸਿੱਖ ਲੀਡਰ ਆਪੋ ਆਪਣੀ ਡਫਰੀ ਵਜਾਉਂਦੇ ਹਨ ਅਤੇ ਕੌਮ ਦੇ ਜਜ਼ਬਾਤ ਦੀ ਕਦਰ ਨਾ ਕਰਦੇ ਹੋਏ, ਕੌਮ ਨੂੰ ਵੇਚ-ਖਾਣ ਦੇ ਰਾਹੇ ਪੈ ਗਏ ਹਨ ਤਾਂ ਸ਼ਾਹ ਮੁਹੰਮਦ ਦੇ ਕਹੇ ਹੋਏ ਇਹ ਸ਼ਬਦ ਅੱਜ ਵੀ ਉਨੇ ਹੀ ਠੀਕ ਸਾਬਤ ਹੋਣਗੇ ਜਿੰਨੇ ਇਹ ਇਥੇ ਕਹੇ ਜਾਣ ਸਮੇਂ ਸਨ-ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ ਫ਼ੌਜਾਂ ਜਿਤ ਕੇ ਅੰਤ ਨੂੰ ਹਾਰੀਆਂ ਨੇ।*[105]

ਸਮੁਚੇ ਰੂਪ ਵਿਚ ਇਹ ਪੁਸਤਕ ਹਿੰਦੂ ਬਹੁਗਿਣਤੀ ਦੀਆਂ ਸਿੱਖਾਂ ਪ੍ਰਤੀ ਵਿਰੋਧੀ ਨੀਤੀਆਂ ਪੇਸ਼ ਕਰਨ ਦੇ ਨਾਲ-ਨਾਲ ਸਿੱਖਾਂ ਨੂੰ ਵੀ ਆਪਣੀ ਮੌਜੂਦਾ ਸਥਿਤੀ ਦਾ ਜ਼ਿੰਮੇਵਾਰ ਠਹਿਰਾਉਂਦੀ ਹੈ।

ਸਿੱਖ ਵੀਰਾਂ ਨੂੰ ਹਲੂਣਾ

ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ ਵਲੋਂ 'ਹਲੂਣਾ' ਸਿਰਲੇਖ ਹੇਠ ਟ੍ਰੈਕਟ (ਨੰ.15, 31, 45, 103 ਤੇ 122) ਰੂਪ ਵਿਚ ਪਹਿਲਾਂ ਉਪਲਬਧ ਇਹ ਪੁਸਤਕ 1987 ਈ. ਵਿਚ ਸਿੰਘ ਬ੍ਰਦਰਜ਼, ਅੰਮ੍ਰਿਤਸਰ ਵਲੋਂ ਪ੍ਰਕਾਸ਼ਿਤ ਹੋਈ। ਵਧਦੀ ਮੰਗ ਨੂੰ

---

104. *ਕਿਉ ਕੀਤੋ ਵੇਸਾਹੁ*, ਪੂਰਵ ਅੰਕਤ, ਪੰਨਾ ੧੭੭.
105. *ਓਹੀ*, ਪੰਨਾ ੧੯੯.

ਮੁਖ ਰਖ ਕੇ ਇਸ ਦੀ ਤਿੰਨ ਵਾਰ ਪ੍ਰਕਾਸ਼ਨਾ ਕੀਤੀ ਗਈ। ਇਸ ਰਚਨਾ ਨੇ ਕੁਰਾਹੇ ਪਈ ਸਿੱਖ ਕੌਮ ਨੂੰ ਆਪਣੇ ਗੌਰਵਮਈ ਵਿਰਸੇ ਨਾਲ ਜੋੜਨ ਵਿਚ ਅਹਿਮ ਭੂਮਿਕਾ ਨਿਭਾਈ ਹੈ। ਪੁਸਤਕ ਨੂੰ ਪੰਜ ਅਧਿਆਇਆਂ ਵਿਚ ਵੰਡਿਆ ਗਿਆ ਹੈ।

ਪਹਿਲੇ ਅਧਿਆਇ, *ਦੇਖਾ-ਦੇਖੀ ਫ਼ੈਸ਼ਨ, ਸਿਨੇਮਾ, ਟੈਲੀਵੀਜ਼ਨ ਆਦਿ ਅਤੇ ਸਿੱਖੀ ਰੂਪ ਤੇ ਰਹਿਣੀ* ਵਿਚ ਲੇਖਕ ਦੇਖਾ-ਦੇਖੀ ਪਿਛੇ ਲੱਗਣ ਵਾਲੇ ਲੋਕ-ਸੁਭਾਅ ਬਾਰੇ ਕਹਿੰਦਾ ਹੈ ਕਿ ਸਦੀਆਂ ਬਧੀ ਭਾਰਤ ਦੀ ਗੁਲਾਮੀ ਦਾ ਕਾਰਨ ਭਾਰਤੀਆਂ ਦੀ ਗੁਲਾਮ ਬਿਰਤੀ ਹੋਣਾ ਹੈ। ਇਸ ਗੁਲਾਮ ਬਿਰਤੀ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮੂਲੋਂ ਖ਼ਤਮ ਕਰਨ ਲਈ ਇਕ ਨਵੀਂ ਕ੍ਰਾਂਤੀ ਲਿਆਂਦੀ, ਜਿਸ ਤਹਿਤ ਉਨ੍ਹਾਂ ਨੇ ਹਰੇਕ ਮਨੁਖ ਨੂੰ, ਜੋ ਉਨ੍ਹਾਂ ਦੇ ਅਨੁਸਾਰੀ ਹੋਇਆ, 'ਦਾਸ' ਤੋਂ 'ਸਿੰਘ' ਬਣ ਕੇ ਵਿਚਰਨ ਤੇ 'ਬਿਪਰਨ ਕੀ ਰੀਤ' ਦੇ ਉਲਟ ਬਗਾਵਤ ਕਰਨ ਦਾ ਹੁਕਮ ਦਿਤਾ। ਪਰੰਤੂ ਸਿੱਖਾਂ ਨੇ ਇਸ ਹੁਕਮ ਨੂੰ ਬੀਤਦੇ ਸਮੇਂ ਨਾਲ ਵਿਸਾਰ ਦਿਤਾ ਤੇ ਉਹੋ ਰਸਮਾਂ-ਰੀਤਾਂ ਕਰਨ ਅਤੇ ਪਿਛੇ ਲਗ ਤੁਰਨ ਦੀ ਆਦਤ ਜਿਸ ਤੋਂ ਸਤਿਗੁਰੂ ਨੇ ਇਨ੍ਹਾਂ ਨੂੰ ਮੋੜਿਆ ਸੀ ਫਿਰ ਪੈ ਗਈ। ਅੰਨੇ-ਵਾਹ ਨਕਲ ਕਰਨ ਦੀ ਲੋਕ ਰੁਚੀ ਬਾਰੇ ਕਰਤਾ ਲਿਖਦਾ ਹੈ :

> *ਮੇਰਾ ਭਾਵ ਕਿਸੇ ਉਪਰ ਕੋਈ ਉਟੰਕਣ ਕਰਨ ਦਾ ਨਹੀਂ, ਸਗੋਂ ਇਹ ਦਸਣਾ ਹੈ ਕਿ ਅੰਧਾ-ਧੁੰਦ ਕਿਸੇ ਗੱਲ ਨੂੰ ਅਪਨਾਅ ਲੈਣਾ ਕੋਈ ਸਿਆਣਪ ਨਹੀਂ, ਖਾਸ ਕਰ ਜਦੋਂ ਅਜਿਹਾ ਕਰਨ ਦਾ ਕੋਈ ਲਾਭ ਨਾ ਹੋਵੇ, ਅਤੇ ਜਿਸ ਨਾਲ ਕਿਸੇ ਅਸੂਲ ਦਾ ਘਾਤ ਹੁੰਦਾ ਜਾਂ ਸਾਡੇ ਆਚਰਣ ਉਤੇ ਉਸਦਾ ਮਾੜਾ ਅਸਰ ਪੈਂਦਾ ਹੋਵੇ।*[106]

ਲੇਖਕ ਅਨੁਸਾਰ ਉਸ ਨੂੰ ਇਹ ਲੇਖ ਲਿਖਣ ਦੀ ਪ੍ਰੇਰਨਾ ਕਿਸੇ ਬੱਚੀ ਦੇ ਜਨਮ ਦਿਨ ਦੇ ਉਤਸਵ ਮੌਕੇ ਸ਼ਮੂਲੀਅਤ ਕਰਨ ਗਏ ਦੌਰਾਨ ਹੋਈ।[107] ਅਜੋਕੇ ਫੈਸ਼ਨ-ਪ੍ਰਸਤੀ ਵਾਲੇ ਜ਼ਮਾਨੇ ਵਿਚ ਫੈਸ਼ਨਾਂ ਦੇ ਪ੍ਰਚਲਤ ਹੋਣ ਬਾਰੇ ਕਰਤਾ ਲਿਖਦਾ ਹੈ :

> *ਕੋਈ ਮਨਚਲਾ ਅਜਿਹੀ ਗੱਲ ਕਰ ਦਿੰਦਾ ਹੈ ਜਿਸ ਵਿਚ ਕੁਝ ਨਵੱਪਣ ਜਾਂ ਨਵੀਨਤਾ ਹੁੰਦੀ ਹੈ, ਜਿਸ ਵਿਚ ਵਿਸ਼ੇਸ਼ ਵਡਿਆਈ ਤਾਂ ਕੋਈ ਨਹੀਂ, ਬਲਕਿ ਆਮ ਕਰਕੇ ਕਿਸੇ ਨਾ ਕਿਸੇ ਪੱਖੋਂ ਇਹ ਹੀਣਤਾ ਦਿਵਾਉਣ ਵਾਲੀ ਹੁੰਦੀ ਹੈ ਪ੍ਰੰਤੂ ਨਵੀਂ ਤੇ ਕਈ ਵਾਰ ਅਸਚਰਜ ਹੋਣ ਕਰਕੇ ਇਹ ਖਿਚ ਵਾਲੀ ਜ਼ਰੂਰ ਲਗਦੀ ਹੈ ਜਿਸ ਲਈ ਓਹੋ ਜਿਹੇ ਹੋਰ ਮਨਚਲੇ ਉਸਨੂੰ ਅਪਣਾਅ ਲੈਂਦੇ ਹਨ।*[108]

---

106. ਨਰੈਣ ਸਿੰਘ, *ਸਿੱਖ ਵੀਰਾਂ ਨੂੰ ਹਲੂਣਾ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1987, ਪੰਨਾ ੨੧.
107. *ਉਹੀ*, ਪੰਨਾ ੨੨.
108. *ਸਿੱਖ ਵੀਰਾਂ ਨੂੰ ਹਲੂਣਾ*, ਪੂਰਵ ਅੰਕਤ, ਪੰਨਾ ੨੨.

ਲੇਖਕ ਅਨੁਸਾਰ ਫੈਸ਼ਨ ਦੀ ਆੜ ਹੇਠ ਲੋਕ ਕੇਵਲ ਸਰੀਰਕ ਪ੍ਰਦਰਸ਼ਨੀ ਕਰਦੇ ਹਨ। ਅਜਿਹੇ ਪਹਿਰਾਵੇ ਨੂੰ ਗੁਰੂ ਸਾਹਿਬ ਖੁਆਰੀ ਦਾ ਕਾਰਨ ਦਸਦੇ ਹੋਏ ਵਰਜਦੇ ਹਨ ...

ਬਾਬਾ ਹੋਰੁ ਪੈਨਣੁ ਖੁਸੀ ਖੁਆਰੁ॥
ਜਿਤੁ ਪੈਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥੧॥ ਰਹਾਉ॥ [109]

ਮਨੁਖ ਦੀ ਅਸਲੀ ਸੁੰਦਰਤਾ ਉਸ ਦੇ ਆਚਰਨ ਵਿਚ ਹੈ। ਸਿੱਖੀ ਦੀ ਨਿਸ਼ਾਨੀ, ਗੁਰੂ ਕੀ ਮੋਹਰ 'ਕੇਸਾਂ' ਉਪਰ ਟਿਪਣੀ ਕਰਦੇ ਹੋਏ ਲੇਖਕ ਕਹਿੰਦਾ ਹੈ :

> *ਨੰਗੇ ਸਿਰ ਵਿਚਰਨਾ ਭਾਰਤੀ ਸਭਿਅਤਾ ਅੰਦਰ ਸੋਗ ਦੀ ਨਿਸ਼ਾਨੀ ਸੀ। ਅੱਜ ਵੀ ਹਿੰਦੂ ਘਰਾਂ ਵਿਚ, ਜਿਥੇ ਕਿਧਰੇ ਪੱਗ ਜਾਂ ਟੋਪੀ ਪਹਿਨਣ ਦਾ ਸੁਭਾਉ ਹਾਲਾਂ ਕਾਇਮ ਹੈ, ਘਰ ਵਿਚ ਮੌਤ ਹੋ ਜਾਣ 'ਤੇ ਇਹ ਉਤਾਰ ਕੇ ਰੱਖੀ ਜਾਂਦੀ ਹੈ। ਪੰਜਾਬੀ (ਮੁਹਾਵਰੇ) ਵਿਚ ਇਸਤ੍ਰੀ ਦੇ ਸਿਰੋਂ ਨੰਗੀ ਹੋ ਜਾਣਾ ਅਥਵਾ ਉਸਦਾ ਰੰਡੀ ਹੋ ਜਾਣਾ ਹੈ।* [110]

ਲੋਕਾਂ ਦੁਆਰਾ ਆਪਣੇ ਨਾਮ ਨਾਲ ਜਾਤ ਲਗਾਉਣ ਬਾਰੇ ਵੀ ਕਰਤਾ ਟਿਪਣੀ ਕਰਦਾ ਹੈ। ਇਸ ਦੇ ਨਾਲ ਹੀ ਸਿਨੇਮਾ ਤੇ ਟੈਲੀਵਿਜ਼ਨ ਦੇ ਮਾੜੇ ਅਸਰਾਂ ਅਤੇ ਸਮਾਜ ਵਿਚਲੇ ਪ੍ਰਚਲਤ ਤਿਉਹਾਰਾਂ ਦਾ ਖੰਡਨ ਵੀ ਹੈ।

ਦੂਜੇ ਅਧਿਆਇ, *ਵਹਿਮ ਭਰਮ ਤੇ ਸਿੱਖੀ ਅਤੇ ਸਿੱਖੀ ਜ਼ਾਬਤਾ* ਵਿਚ ਸਮਾਜ 'ਚ ਪ੍ਰਚਲਤ ਸ਼ਗਨਾਂ-ਅਪਸ਼ਗਨਾਂ ਬਾਰੇ ਗੁਰਬਾਣੀ ਦੀ ਰੌਸ਼ਨੀ ਵਿਚ ਪੜਚੋਲ ਹੈ। ਧਾਗੇ -ਤਵੀਤ ਕਰਨ ਵਾਲਿਆਂ ਅਤੇ ਡੇਰੇਦਾਰਾਂ ਵਲੋਂ ਲੋਕਾਂ ਦੀ ਕੀਤੀ ਜਾ ਰਹੀ ਲੁਟ ਬਾਰੇ ਵਿਸਤਾਰ ਸਹਿਤ ਚਰਚਾ ਹੈ। ਅਜੋਕੇ ਬੁਧੀਜੀਵੀਆਂ ਦੀਆਂ ਨਵੀਨ ਖੋਜਾਂ 'ਤੇ ਟਿਪਣੀ ਕਰਦਾ ਹੋਇਆ ਲੇਖਕ ਕਹਿੰਦਾ ਹੈ :

> *ਜੇਕਰ ਇਹ ਵਿਦਵਾਨ ਕੇਵਲ ਆਪਣੀ ਵਿਦਵਤਾ ਨੂੰ ਚਮਕਾਉਣ ਲਈ ਕੋਈ ਨਵੀਨ ਪਰ ਸਿੱਧੀ ਪੁੱਠੀ ਗੱਲ ਕਰਨ, ਜੋ ਗੁਰਮਤਿ ਦੇ ਮੁਢਲੇ ਅਸੂਲਾਂ ਦਾ ਹੀ ਘਾਤ ਕਰਦੀ ਹੋਵੇ ਤਾਂ ਇਹ ਉਨ੍ਹਾਂ ਦੀ ਵਿਦਵਤਾ ਨਹੀਂ, ਸਗੋਂ ਆਪਣੀ ਜਹਾਲਤ ਦਰਸਾਉਣ ਦੀ ਗੱਲ ਹੋਵੇਗੀ।* [111]

ਸਿੱਖਾਂ ਨੂੰ ਸਿੱਖੀ ਸਰੂਪ ਪ੍ਰਤੀ ਵਫ਼ਾਦਾਰੀ ਵਖਾਉਣ ਲਈ ਪ੍ਰੇਰਦਾ ਹੋਇਆ ਲੇਖਕ ਇਸ ਨੂੰ ਸਿੱਖੀ ਦੀ ਮਹਾਨ ਸੇਵਾ ਦਸਦਾ ਹੈ। ਰੰਝ ਵਿਚ ਆਇਆ ਲੇਖਕ ਕਹਿੰਦਾ ਹੈ :

---

109. ਸ੍ਰੀ ਗੁਰੂ ਗ੍ਰੰਥ ਸਾਹਿਬ, ੧੬.
110. *ਸਿੱਖ ਵੀਰਾਂ ਨੂੰ ਹਲੂਣਾ*, ਪੂਰਵ ਅੰਕਤ, ਪੰਨਾ ੨੪.
111. *ਉਹੀ*, ਪੰਨਾ ੪੪.

> *ਸਾਡੇ ਅੱਜ ਦੇ ਸਿੱਖ ਨੌਜਵਾਨਾਂ ਦਾ ਸਿੱਖ ਸਰੂਪ ਦੇ ਮਾਮਲੇ ਵਿਚ ਆਜ਼ਾਦ ਖਿਆਲ ਹੋਣਾ ਜਾਂ ਦਾੜ੍ਹੀ ਤੇ ਕੇਸ ਰੱਖਣ ਲਈ ਦਲੀਲ ਦਾ ਆਸਰਾ ਲੈਣਾ ਸਿੱਖੀ ਤਥਾ ਸਿੱਖ ਕੌਮ ਨਾਲ ਵੱਡਾ ਧਰੋਹ ਹੈ।*[112]

ਤੀਜੇ ਅਧਿਆਇ, *ਸਿੱਖੀ ਹੋਂਦ ਨੂੰ ਖਤਰੇ* ਵਿਚ ਲੇਖਕ ਨੇ ਸਿੱਖੀ ਰਾਹ ਤੋਂ ਭਟਕੇ ਇਕ ਸਿੱਖ ਨੌਜਵਾਨ ਨਾਲ ਕੀਤੀ ਵਾਰਤਾ ਬੜੇ ਨਾਟਕੀ ਢੰਗ ਨਾਲ ਪੇਸ਼ ਕੀਤੀ ਹੈ। ਇਸ ਵਿਚ ਖਾਲਸਾ ਕਾਲਜ, ਅੰਮ੍ਰਿਤਸਰ ਦੇ ਇਕ ਪਤਿਤ ਸਿੱਖ ਵਿਦਿਆਰਥੀ ਨੂੰ ਸਾਬਤ ਸੂਰਤ ਹੋਣ ਲਈ ਪ੍ਰੇਰਿਆ ਗਿਆ ਹੈ। ਪ੍ਰੇਰਨਾ ਦਿੰਦੇ ਹੋਏ ਕਰਤਾ ਨੇ ਪੁਰਾਤਨ ਸਿੱਖਾਂ ਵਲੋਂ ਦੀਤੀਆਂ ਕੁਰਬਾਨੀਆਂ ਦਾ ਲੇਖਾ-ਜੋਖਾ ਪੇਸ਼ ਕਰਦੇ ਹੋਏ ਸਿੱਖ ਇਤਿਹਾਸ 'ਤੇ ਝਾਤ ਪਾਈ ਹੈ। ਕਰਤਾ ਵਲੋਂ ਦਿਤੀ ਪ੍ਰੇਰਨਾ ਸਦਕਾ ਉਸ ਨੌਜਵਾਨ ਨੇ ਅੰਮ੍ਰਿਤ ਛਕ ਕੇ ਤਿਆਰ-ਬਰ-ਤਿਆਰ ਸਿੰਘ ਸਜਣ ਦਾ ਪ੍ਰਣ ਲਿਆ।

ਚੌਥੇ ਅਧਿਆਇ, *ਸਿੱਖ ਦੀ ਨਿਘਰਦੀ ਦਸ਼ਾ ਦੇ ਕਾਰਨ ਅਤੇ ਸੁਧਾਰ ਦੇ ਉਪਾਅ* ਵਿਚ ਇਕ ਗੁਰਮਤਿ ਸਮਾਗਮ ਦਾ ਦ੍ਰਿਸ਼ ਹੈ ਜਿਥੇ ਇਕ ਪ੍ਰਚਾਰਕ ਸਿੱਖ ਇਤਿਹਾਸ ਦੇ ਖੂਨੀ ਵਰਕਿਆਂ ਦੀ ਵਾਰਤਾ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਦਾ ਹੈ। ਸਰੋਤਿਆਂ ਵਿਚ ਹੋਰਨਾਂ ਤੋਂ ਇਲਾਵਾ ਕੁਝ ਨੌਜਵਾਨ ਲੜਕੇ ਵੀ ਸ਼ਾਮਿਲ ਹੁੰਦੇ ਹਨ। ਸਮਾਗਮ ਤੋਂ ਅਗਲੇ ਦਿਨ ਉਹ ਨੌਜਵਾਨ ਬੀਤੇ ਦਿਨ ਹੋਏ ਭਾਸ਼ਣ 'ਤੇ ਵਿਚਾਰ-ਚਰਚਾ ਛੇੜਦੇ ਹੋਏ ਅਜੋਕੇ ਸਿੱਖਾਂ ਦੀ ਨਿਘਰਦੀ ਦਸ਼ਾ ਦਾ ਸਿੱਖ ਇਤਿਹਾਸ ਨਾਲ ਮੁਲਾਂਕਣ ਕਰਦੇ ਨਜ਼ਰ ਆਉਂਦੇ ਹਨ। ਲੇਖਕ ਨੇ ਇਹ ਸਾਰੀ ਵਾਰਤਾਲਾਪ ਬੜੇ ਨਾਟਕੀ ਅੰਦਾਜ਼ ਵਿਚ ਪੇਸ਼ ਕੀਤੀ ਹੈ।

ਪੰਜਵੇਂ ਅਧਿਆਇ, *ਕਦੇ ਸੋਚਿਆ ਈ ਆਪਣੇ ਵਿਰਸੇ ਨੂੰ* ਵਿਚ ਲੇਖਕ ਨੇ ਸੰਖੇਪ ਵਿਚ ਸਿੱਖ ਇਤਿਹਾਸ ਵਰਨਣ ਕਰਦੇ ਹੋਏ ਭਾਵੁਕ ਕਰਨ ਵਾਲੇ ਅੰਦਾਜ਼ ਵਿਚ ਸਿੱਖ ਵੀਰਾਂ ਨੂੰ ਹਲੂਣਾ ਦਿਤਾ ਹੈ। ਵਿਰੋਧੀਆਂ ਵਲੋਂ ਸਿੱਖਾਂ 'ਤੇ ਕੀਤੇ ਜਾ ਰਹੇ ਹਮਲੇ ਬਾਰੇ ਚਾਨਣਾ ਪਾਉਂਦਾ ਹੋਇਆ ਲੇਖਕ ਕਹਿੰਦਾ ਹੈ :

> *ਮੇਰੇ ਸਿੰਘ ਵੀਰ, ਤੇਰੇ ਉਤੇ ਇਹ੍ਹ ਪ੍ਰਭਾਵ ਪਾਇਆ ਜਾ ਰਿਹਾ ਏ, ਅਤੇ ਤੂੰ ਦਰ-ਪਰਦਾ ਇਸ ਦਾ ਸ਼ਿਕਾਰ ਹੋ ਰਿਹਾ ਏਂ। ਤੇਰਾ ਆਚਰਨ ਤੈਥੋਂ ਖੋਹਿਆ ਜਾ ਰਿਹਾ ਏ, ਤੇਰਾ ਰੂਪ ਧੁੰਧਲਾ, ਨਹੀਂ ਨਹੀਂ ਤੈਨੂੰ ਕਰੂਪ ਕੀਤਾ ਜਾ ਰਿਹਾ ਏ, ਵਰਜੀਆਂ ਬਿਦਤਾਂ ਵਿਚ ਤੈਨੂੰ ਮੁੜ ਫਸਾਇਆ ਜਾ ਰਿਹਾ ਏ। ਤੇਰੀ ਪਗੜੀ ਉਤਾਰੀ ਜਾ ਰਹੀ ਏ, ਸੰਭਾਲ ਏਸ ਪਗੜੀ ਨੂੰ। ਇਸੇ ਵਿਚ ਤੇਰੀ ਸ਼ਾਨ ਏ, ਇਸੇ ਤੈਨੂੰ ਸਰਦਾਰ ਕੀਤਾ। ਕਿਉਂ ਸਰਦਾਰੀ ਨੂੰ ਹੱਥੋਂ ਗੁਆਉਂਦਾ*

---

112. *ਸਿੱਖ ਵੀਰਾਂ ਨੂੰ ਹਲੂਣਾ*, ਪੂਰਵ ਅੰਕਤ, ਪੰਨਾ ਪ0.

> *ਏਂ? ਸ਼ੇਰ ਤੋਂ ਮਿਰਗ ਕਿਉਂ ਬਣਦਾ ਏਂ? ਜੇ ਤੂੰ ਸ਼ੇਰ ਨਾ ਰਿਹਾ ਤਾਂ ਤੈਨੂੰ ਹੋਰ ਕੋਈ ਸ਼ੇਰ ਖਾ ਜਾਏਗਾ। ਤੂੰ ਮਹਾਨ ਵਿਰਸੇ ਦਾ ਮਾਲਕ ਏਂ, ਆਪਣਾ ਵਿਰਸਾ ਕਿਉਂ ਖੋਹਦਾਂ ਏਂ? ਤੇ ਰਖ ਉਸ ਮਹਾਨ ਗੁਰੂ ਦੀ ਮਹਾਨ ਵਡਿਆਈ ਨੂੰ ਜਿਸ ਦੇ ਬਖਸ਼ੇ ਆਬੇ-ਹਾਯਾਤ ਨੇ ਤੈਨੂੰ ਗਿਦੜੋਂ ਸ਼ੇਰ ਕਰ ਦਿਤਾ। ਤੈਨੂੰ ਦਾਸ ਤੋਂ ਸਰਦਾਰ ਬਣਾ ਦਿਤਾ। ਅਪਣਾਅ ਅਜਿਹੇ ਗੁਰੂ ਦਾ ਰੂਪ ਤੇ ਰਹਿਣੀ ਅਤੇ ਕਾਇਮ ਰਖ ਗੁਰੂ ਨਾਲ ਪੈਦਾ ਹੋਈ ਸਿੰਘ ਦੀ ਸਾਂਝ।*[113]

ਸਮੁਚੇ ਰੂਪ ਵਿਚ ਪੁਸਤਕ ਨੇ ਵਾਕਿਆ ਹੀ ਸਿੱਖਾਂ ਨੂੰ ਇਕ ਹਲੂਣਾ ਦਿਤਾ ਹੈ ਤਾਂ ਜੋ ਸਿੱਖ ਦੇਖਾ-ਦੇਖੀ ਦਾ ਰਾਹ ਛਡ ਕੇ ਆਪਣੇ ਅਨਮੋਲ ਵਿਰਸੇ ਨਾਲ ਜੁੜ ਸਕਣ।

ਮੇਰਾ ਜੀਵਨ ਪੰਧ ਤੇ ਸਾਹਿਤ ਰੁਚੀ

ਇਹ ਸ੍ਵੈ-ਜੀਵਨੀ ਪਹਿਲਾਂ 1982 ਵਿਚ ਅਤੇ ਫਿਰ ਦੂਜੀ ਵਾਰ 1990 ਵਿਚ ਕੁਝ ਵਾਧਿਆਂ ਨਾਲ ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ ਵਲੋਂ ਪ੍ਰਕਾਸ਼ਿਤ ਕੀਤੀ ਗਈ।

ਜ਼ਿਕਰਯੋਗ ਹੈ ਕਿ ਸ੍ਵੈ-ਜੀਵਨੀ ਵਿਚ ਲੇਖਕ ਦੀਆਂ ਭਾਵਨਾਵਾਂ ਤੇ ਜਜ਼ਬੇ ਤੀਖਣ ਰੂਪ ਲੈ ਲੈਂਦੇ ਹਨ। ਸ੍ਵੈ-ਜੀਵਨੀ ਲਿਖਣ ਦਾ ਇਕ ਅਹਿਮ ਪਖ ਇਹ ਹੈ ਕਿ ਇਸ ਨੂੰ ਲਿਖਣ ਵਾਲਾ ਅੰਕਤ ਭਾਵਨਾਵਾਂ ਪਿਛੇ ਖੁਦ ਆਪ ਲੁਕਿਆ ਹੁੰਦਾ ਹੈ ਅਤੇ ਉਸ ਦਾ ਲਿਖਿਆ ਹਰੇਕ ਸ਼ਬਦ ਆਪਣੇ ਵਿਚ ਲੇਖਕ ਦੀ ਆਤਮਾ ਨੂੰ ਸਮੋਈ ਬੈਠਾ ਹੁੰਦਾ ਹੈ।

ਕਰਤਾ ਅਨੁਸਾਰ ਉਸ ਨੂੰ ਆਪਣੀ ਸ੍ਵੈ-ਜੀਵਨੀ ਲਿਖਣ ਦੀ ਪ੍ਰੇਰਨਾ ਪ੍ਰਸਿਧ ਇਤਿਹਾਸਕਾਰ ਡਾਕਟਰ ਗੰਡਾ ਸਿੰਘ ਜੀ ਵਲੋਂ ਹੋਈ।[114]

ਇਤਿਹਾਸਕ ਦ੍ਰਿਸ਼ਟੀ ਤੋਂ ਇਹ ਪੁਸਤਕ ਬਹੁਤ ਮਹਤਵਪੂਰਨ ਹੈ ਕਿਉਂਕਿ ਨਨਕਾਣਾ ਸਾਹਿਬ, ਖਾਲਸਾ ਕਾਲਜ ਬੰਬਈ ਦੀ ਉਸਾਰੀ, ਅਛੂਤ ਜਾਤੀਆਂ ਅੰਦਰ ਗੁਰਮਤਿ ਪ੍ਰਚਾਰ ਦਾ ਮਸਲਾ ਅਤੇ ਪਛੜੀਆਂ ਸ਼੍ਰੇਣੀਆਂ ਦੀ ਭਲਾਈ ਹਿਤ ਘਾਲਣਾ ਆਦਿ ਜਿਹੇ ਕਈ ਅਹਿਮ ਵਾਕਿਆਤ ਇਸ ਸ੍ਵੈ-ਜੀਵਨੀ ਬਗੈਰ ਹਨੇਰੇ ਵਿਚ ਹੀ ਰਹਿ ਜਾਣੇ ਸਨ।

ਆਰੰਭ ਵਿਚ ਲੇਖਕ ਆਪਣੇ ਮੁਢਲੇ ਜੀਵਨ ਸੰਬੰਧੀ ਜਾਣਕਾਰੀ ਮੁਹਈਆ ਕਰਵਾਉਂਦਾ ਹੈ।[115] ਆਪਣੇ ਜਨਮ, ਪਰਿਵਾਰਕ ਪਿਛੋਕੜ, ਵਿਦਿਆ, ਵਿਆਹ,

---

113. *ਸਿੱਖ ਵੀਰਾਂ ਨੂੰ ਹਲੂਣਾ*, ਪੂਰਵ ਅੰਕਤ, ਪੰਨਾ ੧੧੨.
114. *ਮੇਰਾ ਜੀਵਨ ਪੰਧ ਤੇ ਸਾਹਿਤ ਰੁਚੀ*, ਪੂਰਵ ਅੰਕਤ, ਪੰਨਾ 'ਖ'.
115. ਪਹਿਲੇ ਅਧਿਆਇ ਵਿਚ ਅਸੀਂ ਇਸ ਪੁਸਤਕ ਦੇ ਆਧਾਰ 'ਤੇ ਸਰਦਾਰ ਨਰੈਣ ਸਿੰਘ ਦੇ ਜੀਵਨ ਦਾ ਪੂਰੇ ਵਿਸਤਾਰ ਨਾਲ ਜ਼ਿਕਰ ਕਰ ਆਏ ਹਾਂ। ਇਸ ਲਈ ਇਥੇ ਕੇਵਲ ਇਸ਼ਾਰੇ ਮਾਤਰ ਹੀ ਗੱਲ ਕੀਤੀ ਜਾ ਰਹੀ ਹੈ ਤਾਂ ਜੋ ਕਿਸੇ ਵੀ ਘਟਨਾ ਆਦਿ ਦਾ ਦੁਹਰਾਅ ਨਾ ਹੋ ਸਕੇ।

ਆਦਿ ਬਾਰੇ ਦਸ ਕੇ ਕਰਤਾ ਆਪਣੇ ਵਿਦਿਆਰਥੀ ਜੀਵਨ ਦੌਰਾਨ ਵਾਪਰੀਆਂ ਇਤਿਹਾਸਕ ਘਟਨਾਵਾਂ-ਕਾਮਾਗਾਟਾ ਮਾਰੂ ਜਹਾਜ਼ ਦੀ ਘਟਨਾ, ਜਲ੍ਹਿਆਂ ਵਾਲੇ ਬਾਗ ਦਾ ਸਾਕਾ, ਨਨਕਾਣਾ ਸਾਹਿਬ ਦਾ ਸਾਕਾ ਅਤੇ ਮੋਰਚਾ ਗੁਰੂ ਕਾ ਬਾਗ ਆਦਿ ਦਾ ਜ਼ਿਕਰ ਕਰਦਾ ਹੈ।

ਜੀਵਨ ਦੇ ਦੂਜੇ ਪੜਾਅ ਦਾ ਜ਼ਿਕਰ ਕਰਦੇ ਹੋਏ ਕਰਤਾ ਆਪਣੇ ਦੁਆਰਾ ਨਿਭਾਈਆਂ ਸੇਵਾਵਾਂ ਦਾ ਪੂਰੇ ਵਿਸਤਾਰ ਨਾਲ ਵੇਰਵਾ ਦਿੰਦਾ ਹੈ। ਸਾਹਿਤਕ ਰੁਚੀ ਦੇ ਆਰੰਭ ਬਾਰੇ ਕਰਤਾ ਦਸਦਾ ਹੈ ਕਿ ਉਸ ਦਾ ਪਹਿਲਾ ਲੇਖ ਚਾਲੀ ਮੁਕਤਿਆਂ ਦੀ ਸ਼ਹੀਦੀ ਸੰਬੰਧੀ, ਸਿੱਖ ਯੰਗ ਮੈਨਜ਼ ਐਸੋਸੀਏਸ਼ਨ (Sikh Young Mens Association) ਵਲੋਂ ਪ੍ਰਕਾਸ਼ਿਤ ਕੀਤਾ ਗਿਆ।[116] ਖਾਲਸਾ ਹਾਈ ਸਕੂਲ, ਖਾਨੇਵਾਲ ਦੇ ਮੁਖ ਅਧਿਆਪਕ ਦੀ ਸੇਵਾ ਨਿਭਾਉਂਦੇ ਸਮੇਂ ਲੇਖਕ ਨੂੰ ਕਵੀ ਮੋਹਨ ਸਿੰਘ ਮਾਹਿਰ ਦੀ ਸੰਗਤ ਮਿਲਣ ਕਾਰਨ ਕਵਿਤਾ ਲਿਖਣ ਦੀ ਪ੍ਰੇਰਨਾ ਹੋਈ। ਉਸ ਸਮੇਂ ਕਰਤਾ ਦੁਆਰਾ ਲਿਖੇ ਕਾਵਯ ਨਿਬੰਧ ਵਿਚੋਂ ਇਕ ਕਾਵਿ-ਟੁਕੜੀ ਇਉਂ ਹੈ :

ਧੀਉੜੀ ਇਕ ਅਮੀਰ ਦੀ ਨਾਲ ਲਾਡਾਂ ਪਾਲੀ
ਇਕ ਇਕੱਲੀ ਬੇਟੜੀ ਜਿਉਂ ਫੁਲ ਡਾਲੀ
ਸੁੰਦਰ ਵਾਂਙੂ ਸੋਹਣੀ ਜਾਂ ਹੀਰ ਸਲੇਟੀ
ਯੂਸਫ ਦੂਜਾ ਜਨਮਿਆ ਹੋ ਸਾਹਿਬ ਬੇਟੀ...[117]

ਇਕ ਹੋਰ ਕਵਿਤਾ *'ਬਦਲੋਟੀ'* ਸਿਰਲੇਖ ਹੇਠ ਉਕਤ ਕਵੀ ਦੇ ਸਾਵੇ ਪੱਤਰ ਸੰਗ੍ਰਹਿ ਵਿਚ ਸ਼ਾਮਿਲ ਕੀਤੀ ਗਈ।

ਇਸ ਪਿਛੋਂ ਲੇਖਕ ਆਪਣੇ ਜੀਵਨ ਵਿਚਲੇ ਇਕ ਨਵੇਂ ਮੋੜ ਦੀ ਗੱਲ ਕਰਦਾ ਹੈ ਜਦੋਂ ਉਸ ਦੀ ਨਿਯੁਕਤੀ ਬਤੌਰ ਮੈਨੇਜਰ, ਸ੍ਰੀ ਨਨਕਾਣਾ ਸਾਹਿਬ ਹੁੰਦੀ ਹੈ। ਕਰਤਾ ਨੇ ਨਨਕਾਣਾ ਸਾਹਿਬ ਵਿਖੇ ਆਪਣੀਆਂ ਜ਼ਿੰਮੇਵਾਰੀਆਂ ਦਾ ਜ਼ਿਕਰ ਵਿਸਤਾਰ ਵਿਚ ਕੀਤਾ ਹੈ। ਇਸ ਵਿਚ 1947 ਦੀ ਵੰਡ ਵੇਲੇ ਦੇ ਦੁਖਾਂਤ 'ਤੇ ਵੀ ਚਰਚਾ ਕੀਤੀ ਹੈ। ਆਜ਼ਾਦੀ ਤੋਂ ਭਾਰਤ ਆਉਣ ਮਗਰੋਂ ਆਪਣੇ ਦੁਆਰਾ ਨਿਭਾਈਆਂ ਸਮੁਚੀਆਂ ਸੇਵਾਵਾਂ ਦਾ ਖੁਲਾਸਾ ਕਰਕੇ ਅੰਤਿਮ ਨੌਕਰੀ ਤੋਂ ਸੇਵਾ ਮੁਕਤ ਹੋਣ ਉਪਰੰਤ ਲੇਖਕ ਮੁੜ ਸਾਹਿਤ ਵਲ ਪਰੰਞਣ ਦੀ ਕਹਾਣੀ ਸੁਣਾਉਂਦਾ ਹੈ :

ਮੈਂ ਹੁਣ ਗੁਰਬਾਣੀ ਨੂੰ ਵਿਚਾਰਨ ਤੇ ਇਸ ਦੇ ਕਈ ਪੱਖਾਂ ਤੇ ਲੇਖ ਲਿਖਣੇ ਅਰੰਭ ਕੀਤੇ। ਆਮ ਤੌਰ ਤੇ ਮੈਂ ਬਾਣੀ ਦੇ ਸਾਹਿਤਕ ਪੱਖ ਵਿਚਾਰ ਹੇਠ ਲਿਆਉਂਦਾ, ਜਿਸ ਦਾ ਪ੍ਰਭਾਵ ਮੇਰੇ ਰਹਿੰਦੇ ਜੀਵਨ ਤੇ ਪਿਆ, ਜਿਸ ਨੇ ਇਸ ਤੋਂ ਪਿਛੋਂ ਦੇ 25-30 ਸਾਲ ਮੈਨੂੰ ਸਿੱਖ ਧਰਮ ਬਾਰੇ ਲੇਖ ਲਿਖਣ ਦੀ ਪ੍ਰੇਰਨਾ ਦਿੱਤੀ।[118]

---

116. *ਮੇਰਾ ਜੀਵਨ ਪੰਧ ਤੇ ਸਾਹਿਤ ਰੁਚੀ*, ਪੂਰਵ ਅੰਕਤ, ਪੰਨਾ 48.
117. *ਉਹੀ*, ਪੰਨੇ 48-65.
118. ਬਲਬੀਰ ਸਿੰਘ ਦਿਲ (ਪ੍ਰੋ.) *ਅਣਪਰਖੇ ਹੀਰੇ*, ਲਾਹੌਰ ਬੁਕ ਸ਼ਾਪ, ਲੁਧਿਆਣਾ, 1946, ਪੰਨੇ ੩੬੩-੬੪.

ਸਮੁਚੇ ਰੂਪ ਵਿਚ ਪੁਸਤਕ ਤੋਂ ਪਤਾ ਲਗਦਾ ਹੈ ਕਿ ਸਰਦਾਰ ਨਰੈਣ ਸਿੰਘ ਕਿੰਨੀ ਉਚੀ-ਸੁਚੀ ਸ਼ਖ਼ਸੀਅਤ ਦੇ ਮਾਲਕ ਸਨ ਜਿਨ੍ਹਾਂ ਨੇ ਆਪਣਾ ਸਮੁਚਾ ਜੀਵਨ ਸਿੱਖੀ ਕਮਾਉਣ ਤੇ ਪ੍ਰਚਾਰਨ ਨਮਿਤ ਲੰਘਾਇਆ।

ਲਾਲ ਬਾਦਸ਼ਾਹ

ਇਹ ਪੁਸਤਕ ਵਿਲੀਅਮ ਸ਼ੈਕਸਪੀਅਰ ਦੇ ਮਸ਼ਹੂਰ ਅੰਗਰੇਜ਼ੀ ਨਾਟਕ *ਕਿੰਗ ਲੀਅਰ* (*King Lear*) ਦਾ ਪੰਜਾਬੀ ਅਨੁਵਾਦ ਹੈ ਜਿਹੜੀ 1931 ਵਿਚ ਫੁਲਵਾੜੀ ਪ੍ਰੈਸ, ਲਾਹੌਰ ਦੁਆਰਾ ਪ੍ਰਕਾਸ਼ਿਤ ਹੋਈ। ਪ੍ਰੋ. ਬਲਬੀਰ ਸਿੰਘ ਦਿਲ ਨੇ ਆਪਣੀ ਕਿਤਾਬ ਅਣਪਰਖੇ ਹੀਰੇ ਵਿਚ ਇਸ ਅਨੁਵਾਦ ਬਾਰੇ ਇਉਂ ਜ਼ਿਕਰ ਕੀਤਾ ਹੈ :

> *ਲਾਲ ਬਾਦਸ਼ਾਹ ਨੂੰ ਪੰਜਾਬੀ ਦੇ ਸਭ ਤੋਂ ਪਹਿਲੇ ਸਫਲ ਅਨੁਵਾਦਾਂ ਵਿਚ ਗਿਣਿਆ ਜਾ ਸਕਦਾ ਹੈ। ਇਸ ਪੁਸਤਕ ਦੀ ਉਥਾਨਕਾ ਰਾਹੀਂ ਵਿਦਵਾਨ ਅਨੁਵਾਦਕ ਨੇ ਨਾਟਕ ਕਲਾ ਬਾਰੇ ਹੇਠ ਲਿਖੇ ਵਿਸ਼ਿਆਂ ਉਤੇ ਕਲਮ ਉਠਾਉਣ ਵਿਚ ਪਹਿਲ ਕੀਤੀ ਸੀ :*
> *(ੳ) 'ਟ੍ਰੈਜਿਡੀ' ਜਾਂ 'ਦੁਖਾਂਤ' ਬਾਰੇ ਪੱਛਮੀ ਦ੍ਰਿਸ਼ਟੀਕੋਣ*
> *(ਅ) ਸ਼ੈਕਸਪੀਅਰ ਅਤੇ 'ਟ੍ਰੈਜਿਡੀ'*
> *(ੲ) ਕਿੰਗ ਲੀਅਰ ਨਾਮੀ ਦੁਖਾਂਤ ਦੀਆਂ ਵਿਸ਼ੇਸ਼ਤਾਈਆਂ*[119]

ਸਰਦਾਰ ਨਰੈਣ ਸਿੰਘ ਨੇ ਇਹ ਅਨੁਵਾਦ 1930 ਵਿਚ ਐਮ. ਏ.(ਅੰਗਰੇਜ਼ੀ) ਪਾਸ ਕਰਨ ਉਪਰੰਤ ਕੀਤਾ। ਸ਼ੈਕਸਪੀਅਰ ਦੇ ਨਾਟਕਾਂ ਸੰਬੰਧੀ ਅਨੁਵਾਦਕ ਦੀ ਵਿਸ਼ਾਲ ਸੋਝੀ ਤੇ ਤੀਖਣ ਸੂਝ ਸੀ। ਪੰਜਾਬੀ ਸਾਹਿਤ ਦੀ ਨਵੀਂ-ਨਵੀਂ ਲਗਨ ਕਾਰਨ ਅਨੁਵਾਦਕ ਨੇ ਇਸ ਕਾਰਜ ਨੂੰ ਪੂਰੇ ਉਤਸ਼ਾਹ ਤੇ ਕਰੜੀ ਘਾਲ ਨਾਲ ਸਿਰੇ ਚਾੜ੍ਹਿਆ। ਉਨ੍ਹਾਂ ਨੇ ਮੂਲ ਰਚਨਾ ਦਾ ਲਫਜ਼ੀ ਤਰਜ਼ਮਾ ਕਰਨ ਦੀ ਥਾਂ ਉਸ ਨੂੰ ਪੰਜਾਬੀ ਸਭਿਆਚਾਰਕ ਜੀਵਨ ਵਿਚ ਢਾਲ ਕੇ ਪੇਸ਼ ਕੀਤਾ ਹੈ। ਅੰਗਰੇਜ਼ੀ ਨਾਵਾਂ-ਥਾਵਾਂ ਅਤੇ ਰਸਮਾਂ-ਰਿਵਾਜ਼ਾਂ ਨੂੰ ਪੰਜਾਬੀ ਜੀਵਨ ਦੇ ਅਨੁਕੂਲ ਬਣਾ ਕੇ ਨਕਲ ਵਿਚੋਂ ਅਸਲ ਦਾ ਭੁਲੇਖਾ ਪਾਇਆ ਹੈ। ਸਰਦਾਰ ਨਰੈਣ ਸਿੰਘ ਅਨੁਸਾਰ :

> *ਮੈਂ ਤਾਜ਼ਾ ਤਾਜ਼ਾ ਐਮ. ਏ. ਪਾਸ ਕੀਤਾ ਸੀ, ਜਿਸ ਵਿਚ ਅੰਗਰੇਜ਼ੀ ਦੇ ਉਘੇ ਨਾਟਕ ਕਰਤਾ ਸ਼ੈਕਸਪੀਅਰ ਦਾ ਅਧਿਐਨ ਵਡੀ ਦਿਲਚਸਪੀ ਨਾਲ ਕੀਤਾ ਸੀ। ਮੈਂ ਉਸ ਦੇ ਨਾਟਕ 'ਕਿੰਗ ਲੀਅਰ' ਨੂੰ ਪੰਜਾਬੀ ਵਿਚ ਉਲਥਾਉਣ ਦਾ ਮਨ ਬਣਾਇਆ ਅਤੇ ਐਸਾ ਕਰਨਾ ਆਰੰਭ ਦਿਤਾ। ਅੰਗਰੇਜ਼ੀ ਅਤੇ ਪੰਜਾਬੀ ਦੇ ਮੁਹਾਵਰਿਆਂ ਤੇ ਰਸਮਾਂ-ਰੀਤਾਂ ਵਿਚ ਫਰਕ ਅਤੇ ਸਭਿਆਚਾਰਕ ਤੇ ਸਮਾਜਕ ਵਖਰੇਵਿਆਂ ਕਾਰਨ ਅਖਰੀ ਤਰਜ਼ਮਾ ਠੀਕ ਨ ਬੈਠਦਾ ਵੇਖ ਕੇ ਮੈਂ ਕੁਝ ਖੁਲ੍ਹਾ ਜੇਹਾ ਅਨੁਵਾਦ ਕਰਨਾ ਠੀਕ*

119. ਉਧਰਿਤ : *ਮੇਰਾ ਜੀਵਨ ਪੰਧ ਤੇ ਸਾਹਿਤ ਰੁਚੀ*, ਪੂਰਵ ਅੰਕਤ, ਪੰਨੇ 196-97.

ਸਮਝਿਆ ਅਤੇ ਇਸ ਨੂੰ ਵਧੇਰੀ ਪੰਜਾਬੀ ਰੰਗਤ ਦੇਣ ਲਈ ਕੇਵਲ ਪਾਤਰਾਂ ਤੇ ਸਥਾਨਾਂ ਦੇ ਨਾਮ ਹੀ (ਨਹੀਂ) ਬਦਲ ਦਿੱਤੇ, ਬਲਕਿ ਪਾਤਰਾਂ ਦੇ ਸੁਭਾਵਾਂ ਨੂੰ ਵੀ ਪੰਜਾਬੀ ਰੰਗਤ ਦੇ ਦਿਤੀ ਅਤੇ ਪੰਜਾਬੀ ਮੁਹਾਵਰਿਆਂ, ਬੋਲ ਚਾਲ ਦੇ ਢੰਗ ਤੇ ਪੰਜਾਬੀ ਕਾਵਯ ਫਰਜ਼ਾਂ ਨੂੰ ਖੁਲ ਕੇ ਵਰਤਿਆ ਹੈ।[120]

ਅਨੁਵਾਦਕ ਨੇ ਕਿਤੇ-ਕਿਤੇ ਕੋਈ ਸਤਰ ਅਨੁਵਾਦ ਨੂੰ ਰੋਚਕ ਬਣਾਉਣ ਲਈ ਸਮੇਂ-ਸਥਾਨ ਦੇ ਅਨੁਕੂਲ ਆਪਣੇ ਵਲੋਂ ਵੀ ਪਾਈ ਹੈ ਅਤੇ ਕਈ ਥਾਈਂ ਅਸਲ ਨੂੰ ਕੁਝ ਘਟਾਇਆ-ਵਧਾਇਆ ਵੀ ਹੈ। ਸਮੁਚੇ ਰੂਪ ਵਿਚ ਮੂਲ ਘਟਨਾ ਅਤੇ ਹੋਰ ਸੰਬੰਧਿਤ ਨਾਟਕੀ-ਮੌਕਿਆਂ ਵਿਚ ਕੋਈ ਅਦਲਾ-ਬਦਲਾ ਨਹੀਂ ਕੀਤੀ ਗਈ। ਇਥੋਂ ਤਕ ਕਿ ਰੂਪਕ ਪਖ ਤੋਂ ਬਿਲਕੁਲ ਛੇੜ-ਛਾੜ ਨਹੀਂ ਕੀਤੀ। ਮੂਲ ਰਚਨਾ ਦੀ ਵਿਉਂਤ ਪੰਜਾਬੀ ਅਨੁਵਾਦ ਵਿਚ ਕਾਇਮ ਰਖੀ ਹੈ।

ਨਾਟਕ ਨੂੰ 5 ਨਾਟਾਂ ਵਿਚ ਵੰਡਿਆ ਗਿਆ ਹੈ। ਨਾਟ ਅਗੋਂ ਝਾਕੀਆਂ ਵਿਚ ਵੰਡੇ ਹੋਏ ਹਨ। ਪਹਿਲੇ ਨਾਟ ਵਿਚ ਪੰਜ ਝਾਕੀਆਂ, ਦੂਜੇ ਵਿਚ ਚਾਰ ਝਾਕੀਆਂ ਅਤੇ ਤੀਜੇ ਵਿਚ ਸਤ ਝਾਕੀਆਂ ਹਨ। ਪੂਰੇ ਨਾਟਕ ਵਿਚ ਕੁਲ 20 ਪਾਤਰ ਹਨ ਜਿਨ੍ਹਾਂ ਨੂੰ ਪੰਜਾਬੀ ਨਾਂ ਦਿਤੇ ਗਏ ਹਨ।

ਇਹ ਪੰਜਾਬੀ ਵਿਚ ਛਪਿਆ ਪਹਿਲਾ ਦੁਖਾਂਤ ਨਾਟਕ ਸੀ। ਭਾਵੇਂ ਉਸ ਸਮੇਂ ਜਦੋਂ ਪੰਜਾਬੀ ਦੀ ਕੋਈ ਪੁਛ-ਗਿਛ ਨਹੀਂ ਸੀ, ਇਸ ਨੂੰ ਯੋਗ ਸਤਿਕਾਰ ਨਾ ਮਿਲਿਆ ਪਰ ਆਜ਼ਾਦੀ ਤੋਂ ਪਿਛੋਂ ਇਸ ਦੀਆਂ ਦੋ ਐਡੀਸ਼ਨਾਂ ਭਾਸ਼ਾ ਵਿਭਾਗ, ਪੰਜਾਬ ਨੇ ਪ੍ਰਕਾਸ਼ਿਤ ਕੀਤੀਆਂ ਅਤੇ ਪੰਜਾਬੀ ਯੂਨੀਵਰਸਿਟੀ ਦੇ ਐਮ.ਏ. (ਪੰਜਾਬੀ) ਦੇ ਕੋਰਸ ਵਿਚ ਵੀ ਇਹ ਕਈ ਸਾਲ ਲਗਾ ਰਿਹਾ।

ਸਰਦਾਰ ਨਰੈਣ ਸਿੰਘ ਦੀ ਭਾਸ਼ਾ ਸ਼ੈਲੀ

ਸਰਦਾਰ ਨਰੈਣ ਸਿੰਘ ਦੀਆਂ ਸਮੁਚੀਆਂ ਰਚਨਾਵਾਂ ਦਾ ਸਰਵੇਖਣ ਕਰਨ ਉਪਰੰਤ ਉਨ੍ਹਾਂ ਦੀ ਭਾਸ਼ਾ-ਸ਼ੈਲੀ ਦੇ ਗੁਣਾਂ ਤੇ ਲਛਣਾਂ ਬਾਰੇ ਚਰਚਾ ਕਰਨ ਤੋਂ ਪਹਿਲਾਂ ਭਾਸ਼ਾ-ਸ਼ੈਲੀ ਅਤੇ ਇਸ ਨੂੰ ਪ੍ਰਭਾਵਿਤ ਕਰਨ ਵਾਲੇ ਤਤਾਂ ਬਾਰੇ ਵਿਚਾਰ ਕਰਨੀ ਸਾਰਥਕ ਹੋਵੇਗੀ।

ਕਿਸੇ ਵੀ ਸਾਹਿਤ ਵਿਚ ਸ਼ੈਲੀ ਦਾ ਅਰਥ ਰਚਨਾ ਵਿਚੋਂ ਪ੍ਰਗਟ ਹੁੰਦੀ ਲੇਖਕ ਦੀ ਸ਼ਖ਼ਸੀਅਤ ਤੋਂ ਹੈ। ਭਾਵ, ਕਿਸੇ ਵਾਰਤਕਕਾਰ ਦੀ ਸ਼ੈਲੀ ਦਾ ਅਧਿਐਨ ਉਸ ਲੇਖਕ ਦੀ ਸ਼ਖ਼ਸੀਅਤ ਨੂੰ ਉਸ ਦੀ ਲਿਖਤ 'ਚੋਂ ਲਭਣ ਤੇ ਪਛਾਣਨ ਦਾ ਜਤਨ ਹੁੰਦਾ ਹੈ। ਲੇਖਕ ਦੀ ਸ਼ਖ਼ਸੀਅਤ ਦੀ ਇਹ ਪਛਾਣ ਲਿਖਤ ਵਿਚ ਸ਼ਬਦਾਂ ਦੀ ਵਰਤੋਂ, ਵਾਕਾਂ ਦੀ ਬਣਤਰ, ਸਰਲਤਾ, ਸਾਦਗੀ, ਰਵਾਨਗੀ, ਮਿਠਾਸ, ਵਿਅੰਗ

120. *ਮੇਰਾ ਜੀਵਨ ਪੰਧ ਤੇ ਸਾਹਿਤ ਰੁਚੀ*, ਪੂਰਵ ਅੰਕਤ, ਪੰਨਾ 68.

ਤੋਂ ਵੀ ਕੀਤੀ ਜਾ ਸਕਦੀ ਹੈ। ਸ਼ਖ਼ਸੀਅਤ ਤੋਂ ਇਲਾਵਾ ਕਿਸੇ ਰਚਨਾ ਦਾ ਵਿਸ਼ਾ-ਵਸਤੂ, ਲੇਖਕ ਦੀ ਸਮਕਾਲੀ ਸਥਿਤੀ ਤੇ ਮੰਤਵ ਆਦਿ ਕੁਝ ਅਜਿਹੇ ਤਤ ਹਨ ਜਿਹੜੇ ਕਿਸੇ ਵੀ ਵਾਰਤਕਕਾਰ ਦੀ ਸ਼ੈਲੀ ਨੂੰ ਪ੍ਰਭਾਵਿਤ ਕਰਦੇ ਹਨ।

ਦੂਜੇ ਸ਼ਬਦਾਂ ਵਿਚ ਵਿਚਾਰ, ਭਾਸ਼ਾ ਦਾ ਜਾਮਾ ਪਾ ਕੇ ਸ਼ੈਲੀ ਦਾ ਰੂਪ ਧਾਰਦੇ ਹਨ। ਇਸੇ ਲਈ ਹੀ 'ਸ਼ੈਲੀ ਨੂੰ ਸ਼ਖ਼ਸੀਅਤ' (Style is Personality) ਕਿਹਾ ਗਿਆ ਹੈ, ਕਿਉਂਕਿ ਸ਼ੈਲੀ ਵਿਚ ਹੀ ਲੇਖਕ ਦੀ ਸ਼ਖ਼ਸੀਅਤ ਲੁਕੀ ਹੁੰਦੀ ਹੈ।

ਸ਼ੈਲੀ ਸੰਬੰਧੀ ਉਪਰੋਕਤ ਦ੍ਰਿਸ਼ਟੀਕੋਣ ਦੇ ਆਧਾਰ 'ਤੇ ਸਰਦਾਰ ਨਰੈਣ ਸਿੰਘ ਦੀ ਵਾਰਤਕ ਦਾ ਅਧਿਐਨ ਕੀਤਿਆਂ ਪਤਾ ਚਲਦਾ ਹੈ ਕਿ ਉਨ੍ਹਾਂ ਦੀ ਸ਼ਖ਼ਸੀਅਤ ਦੀ ਉਸਾਰੀ ਵਿਚ ਉਸ ਸਮੇਂ ਦੇ ਧਾਰਮਿਕ ਵਾਤਾਵਰਣ ਨੇ ਬੜਾ ਡੂੰਘਾ ਅਸਰ ਪਾਇਆ। ਉਨ੍ਹਾਂ ਦਿਨਾਂ ਵਿਚ ਸਿੰਘ ਸਭਾ ਲਹਿਰ ਪੂਰੇ ਜੋਬਨ 'ਤੇ ਸੀ। ਭਾਈ ਵੀਰ ਸਿੰਘ ਵਰਗੇ ਲੇਖਕ ਆਪਣੀਆਂ ਲਿਖਤਾਂ ਰਾਹੀਂ ਸਿੱਖ ਧਰਮ ਤੇ ਸਿੱਖ ਇਤਿਹਾਸ ਦੇ ਵਖ-ਵਖ ਪਖਾਂ ਨੂੰ ਉਜਾਗਰ ਕਰ ਰਹੇ ਸਨ। ਇਸੇ ਤਰਜੀਹ 'ਤੇ ਸਰਦਾਰ ਨਰੈਣ ਸਿੰਘ ਨੇ ਆਪਣੀਆਂ ਲਿਖਤਾਂ, ਜਿਨ੍ਹਾਂ ਦਾ ਰਚਨਾ ਕਾਲ ਮੋਟੇ ਤੌਰ 'ਤੇ 1957 ਤੋਂ 1990 ਤਕ ਬਣਦਾ ਹੈ,[121] ਵਿਚ ਵੀ ਮੁਖ ਰੂਪ ਵਿਚ ਸਿੱਖ ਸਿਧਾਂਤ ਤੇ ਇਤਿਹਾਸ ਨੂੰ ਹੀ ਆਪਣਾ ਵਿਸ਼ਾ ਬਣਾਇਆ ਹੈ।

ਸਰਦਾਰ ਨਰੈਣ ਸਿੰਘ ਦੀਆਂ ਲਿਖਤਾਂ ਤੋਂ ਇਹ ਗੱਲ ਸਪਸ਼ਟ ਹੁੰਦੀ ਹੈ ਕਿ ਉਹ ਸੁਦੇਸੀ ਸਭਿਆਚਾਰ ਜਿਉਂਦੇ ਸਨ। ਧਾਰਮਕ ਪ੍ਰਵਿਰਤੀ ਹੋਣ ਕਾਰਨ ਉਹ ਸਿੱਖੀ ਰਹਿਤ-ਬਹਿਤ ਵਿਚ ਪ੍ਰਪਕ ਸਨ। ਉਨ੍ਹਾਂ ਦੀ ਹਰੇਕ ਗੱਲ ਕੁਝ ਮੁਖ ਨੁਕਤਿਆਂ-ਪੰਥ, ਰਹਿਤ-ਮਰਯਾਦਾ, ਪੰਜਾਬੀ ਬੋਲੀ ਅਤੇ ਸਿੱਖ ਸਥਿਤੀ 'ਤੇ ਕੇਂਦਰਿਤ ਰਹਿੰਦੀ ਸੀ। ਮਿਸਾਲ ਵਜੋਂ, ਅਜੋਕੇ ਸਿੱਖ ਨੌਜਵਾਨਾਂ ਨੂੰ ਪਤਿਤਪੁਣੇ ਦਾ ਸ਼ਿਕਾਰ ਹੁੰਦੇ ਵੇਖ ਉਨ੍ਹਾਂ ਨੇ *ਸਿੱਖ ਵੀਰਾਂ ਨੂੰ ਹਲੂਣਾ* ਵਿਚ ਕੁਝ ਸ਼ਬਦ ਇਉਂ ਦਰਜ ਕੀਤੇ ਹਨ :

> *ਖਾਲਸੇ ਦਾ ਇਹੋ ਨਿਆਰਾਪਣ ਹੀ ਹੈ, ਜਿਸੇ ਨੇ ਇਸ ਦਾ ਡੰਕਾ ਦੁਨੀਆ ਭਰ ਵਿਚ ਵਜਾ ਦਿੱਤਾ ਹੋਇਆ ਏ। ਇਹ ਇਸ ਦੇ ਨਿਆਰੇ ਰੂਪ ਸਦਕਾ ਏ, ਜੋ ਇਸ ਨੂੰ ਵੇਖਣ ਸਾਰ ਦੇਖਣ ਵਾਲਾ ਸਮਝ ਲੈਂਦਾ ਏ ਕਿ ਇਹ ਸੂਰਮਿਆਂ ਦੀ ਸ਼੍ਰੇਣੀ ਵਿਚੋਂ ਹੈ। ਤੇ ਇਹ ਖਿਆਲ ਕਿ ਇਸ ਦਾ ਬਾਹਰਮੁਖੀ ਰੂਪ ਉਨ੍ਹਾਂ ਜਿਹਾ ਏ ਜਿਨ੍ਹਾਂ ਦਾ ਜਗ 'ਤੇ ਡੰਕਾ ਵਜਿਆ ਏ, ਇਸ ਨੂੰ ਹੋਰ ਮਜਬੂਤ ਕਰ ਦੇਂਦਾ ਹੈ। ਮੇਰੇ ਵੀਰ, ਕੀ ਤੂੰ ਕਦੀ ਸੋਚਿਆ ਏ, ਤੇਰੇ ਇਸ ਬਾਹਰਮੁਖੀ ਨਿਆਰੇਪਣ ਦੀ ਕਿਤਨੀ ਵਡਿਆਈ ਹੈ?, ਕੀ ਤੂੰ*

121. ਸਰਦਾਰ ਨਰੈਣ ਸਿੰਘ ਦੀ ਪਹਿਲੀ ਰਚਨਾ ਲਾਲ ਬਾਦਸ਼ਾਹ ਭਾਵੇਂ 1931 ਈ. ਵਿਚ ਪ੍ਰਕਾਸ਼ਿਤ ਹੋਈ, ਪਰੰਤੂ ਵਿਸ਼ੇਸ਼ ਰੂਪ ਵਿਚ ਉਨ੍ਹਾਂ ਨੇ ਸਾਹਿਤ ਸਿਰਜਨਾ ਦਾ ਕੰਮ 1957 ਈ. ਵਿਚ ਪੈਪਸੂ ਸਰਕਾਰ ਦੀ ਨੌਕਰੀ ਤੋਂ ਸੇਵਾ ਮੁਕਤ ਹੋਣ ਉਪਰੰਤ ਸ਼ੁਰੂ ਕੀਤਾ। ਸਾਡੀ ਜਾਣਕਾਰੀ ਅਨੁਸਾਰ ਇਨ੍ਹਾਂ ਦੀ ਅੰਤਿਮ ਰਚਨਾ ਆਪਣੀ ਸ੍ਵੈ-ਜੀਵਨੀ ਵਿਚ ਵਾਧਾ ਕਰਕੇ ਉਸ ਨੂੰ ਮੁੜ 1990 ਈ. ਵਿਚ ਪ੍ਰਕਾਸ਼ਿਤ ਕਰਨਾ ਸੀ।

ਕਦੀ ਸੋਚਿਆ ਏ ਕਿ ਇਸ ਚਿਹਰੇ-ਮੋਹਰੇ ਦੇ ਸਰੂਪ ਪਿਛੇ ਕੀ ਛੁਪਿਆ ਪਿਆ ਹੈ?[122]

ਇਸੇ ਤਰ੍ਹਾਂ *ਸਿੱਖੀ ਪਿਆਰੀ ਕਿ ਜਾਤ ਪਿਆਰੀ* ਟ੍ਰੈਕਟ ਵਿਚ ਉਨ੍ਹਾਂ ਨੇ ਗੁਰਬਾਣੀ ਰਾਹੀਂ ਸਪਸ਼ਟ ਕੀਤਾ ਹੈ ਕਿ ਪਰਮਾਤਮਾ ਇਕ ਹੈ। ਪਰਮਾਤਮਾ ਦੀ ਏਕਤਾ ਦਰਸਾਉਣ ਦੇ ਨਾਲ-ਨਾਲ ਉਨ੍ਹਾਂ ਨੇ ਮਨੁਖ ਮਾਤਰ ਵਿਚਲੀ ਏਕਤਾ ਨੂੰ ਵੀ ਦ੍ਰਿੜ ਕਰਵਾਇਆ ਹੈ। ਉਹ ਕਹਿੰਦੇ ਹਨ ਕਿ ਜੇਕਰ ਪਰਮਾਤਮਾ ਇਕ ਹੈ, ਉਸ ਦੀ ਕ੍ਰਿਤ ਵੀ ਇਕੋ ਹੀ ਹੈ ਤਾਂ ਫਿਰ ਇਸ ਕ੍ਰਿਤ ਦੀਆਂ ਜਾਤਾਂ, ਭਿੰਨ-ਭਿੰਨ ਕਿਸ ਤਰ੍ਹਾਂ ਹੋ ਸਕਦੀਆਂ ਹਨ? ਇਸ ਬਾਰੇ ਉਹ ਲਿਖਦੇ ਹਨ :

> *....ਪਰ ਵੱਡੀ ਮੂਰਖਤਾ ਦੀ ਗਲ ਜੋ ਉਨ੍ਹਾਂ ਇਕੋ ਜੈਸੇ ਸਰੀਰ, ਅੰਗ ਤੇ ਸ਼ਕਲ ਰਖਦੇ ਮਨੁੱਖਾਂ ਨੇ ਕੀਤੀ ਹੈ, ਉਹ ਆਪਣੇ ਆਪ ਨੂੰ ਵਖੋ-ਵੱਖ ਜਾਤ ਬਿਰਾਦਰੀਆਂ ਅੰਦਰ, ਅਥਵਾ ਕਿਸੇ ਨੂੰ ਬ੍ਰਾਹਮਣ, ਕਿਸੇ ਨੂੰ ਖਤਰੀ, ਵੈਸ਼, ਸ਼ੂਦਰ ਆਦਿ ਕਹਿਣ ਦੀ ਹੈ। ਗੁਰੂ ਜੀ ਨੇ ਇਸ ਪ੍ਰਕਾਰ ਦੀ ਜਾਤ ਵੰਡ ਨੂੰ ਵੱਡੇ ਹਾਸ ਰਸ ਅੰਦਰ ਭਗਤ ਕਬੀਰ ਜੀ ਦੀ ਰਸਨਾ ਦੁਆਰਾ ਇਹ ਕਹਿ ਕੇ ਭੰਡਿਆ ਹੈ- ਜਉ ਤੂ ਬ੍ਰਾਹਮਣ ਬ੍ਰਾਹਮਣੀ ਜਾਇਆ॥ ਤਉ ਆਨ ਬਾਟ ਕਾਹੇ ਨਹੀ ਆਇਆ॥*[123]

ਪੰਜਾਬੀ ਬੋਲੀ ਦਾ ਦਰਦ ਹਿਰਦੇ ਵਿਚ ਵਸਾਉਂਦੇ ਹੋਏ ਉਹ *ਰੰਗਲਾ ਪੰਜਾਬ ਲੀਰੋ ਲੀਰ ਕਿਵੇਂ ਹੋਇਆ* ਟ੍ਰੈਕਟ ਵਿਚ ਲਿਖਦੇ ਹਨ :

> *ਪੰਜਾਬੀ ਸਿੱਖਾਂ ਦੀ ਨਿਰੀ ਮਾਂ ਬੋਲੀ ਹੀ ਨਹੀਂ ਸੀ, ਸਗੋਂ ਉਨ੍ਹਾਂ ਦੀ ਧਰਮ-ਭਾਸ਼ਾ ਵੀ ਸੀ ਅਤੇ ਪੰਜਾਬੀ ਨੂੰ ਸੂਬੇ ਦੀ ਭਾਸ਼ਾ ਹੋਣ ਦਾ ਅਧਿਕਾਰ ਦੇਣ ਨਾਲ ਸਿੱਖੀ ਦੇ ਪ੍ਰਚਾਰ ਦਾ ਰਸਤਾ ਖੁਲਦਾ ਸੀ।*[124]

ਸਰਦਾਰ ਨਰੈਣ ਸਿੰਘ ਦੀ ਸ਼ੈਲੀ ਦਾ ਇਕ ਹੋਰ ਗੁਣ ਇਹ ਹੈ ਕਿ ਉਹ ਬੇਬਾਕ ਬੋਲਦੇ ਸਨ। ਉਨ੍ਹਾਂ ਦੀਆਂ ਲਿਖਤਾਂ ਵਿਚ ਕਿਸੇ ਕਿਸਮ ਦਾ ਡਰ ਨਹੀਂ ਝਲਕਦਾ। ਮਿਸਾਲ ਵਜੋਂ, ਆਪਣੀ ਸ੍ਵੈ-ਜੀਵਨੀ *ਮੇਰਾ ਜੀਵਨ ਪੰਧ ਤੇ ਸਾਹਿਤ ਰੁਚੀ* ਵਿਚ ਉਹ ਲਿਖਦੇ ਹਨ ਕਿ ਇਕ ਵਾਰ ਗੁਰਦੁਆਰਾ ਕਮੇਟੀ, ਨਨਕਾਣਾ ਸਾਹਿਬ ਦੇ ਪ੍ਰਧਾਨ ਤੇ ਉਨ੍ਹਾਂ ਵਿਚ ਕਿਸੇ ਪ੍ਰਬੰਧਕੀ ਮਸਲੇ 'ਤੇ ਵਿਚਾਰ ਹੋ ਰਹੀ ਸੀ। ਖਿਆਲਾਂ ਦੇ ਵਿਰੋਧ ਕਾਰਨ ਪ੍ਰਧਾਨ ਕੁਝ ਨਾਰਾਜ਼ ਹੋ ਕੇ ਉਚੀ ਬੋਲਣ ਲਗੇ,

---

122. *ਸਿੱਖ ਵੀਰਾਂ ਨੂੰ ਹਲੂਣਾ*, ਪੂਰਵ ਅੰਕਤ, ਪੰਨਾ ੧੦੯.

123. ਨਰੈਣ ਸਿੰਘ, *ਸਿੱਖੀ ਪਿਆਰੀ ਕਿ ਜਾਤ ਪਿਆਰੀ* (ਟ੍ਰੈਕਟ ਨੰ. 411), ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ, ਪੰਨਾ 3.

124. ਨਰੈਣ ਸਿੰਘ, *ਰੰਗਲਾ ਪੰਜਾਬ ਲੀਰੋ ਲੀਰ ਕਿਵੇਂ ਹੋਇਆ* (ਟ੍ਰੈਕਟ ਨੰ.401), ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ, ਪੰਨੇ 4-5.

ਜਿਸ ਨੂੰ ਸੁਣ ਕੇ ਕਾਫੀ ਆਦਮੀ ਦਫ਼ਤਰ ਦੇ ਬਾਹਰ ਇਕੱਠੇ ਹੋ ਗਏ। ਗੱਲ ਹਦੋਂ ਲੰਘਦੀ ਦੇਖ ਉਨ੍ਹਾਂ ਨੇ ਨੌਕਰੀ ਤੋਂ ਅਸਤੀਫਾ ਦੇਣ ਦੀ ਪੇਸ਼ਕਸ਼ ਕਰ ਦਿਤੀ :

> *ਸ੍ਰਦਾਰ ਬਹਾਦਰ ਜੇ ਤੁਸੀਂ ਮੇਰੇ ਤੋਂ ਏਨੇ ਔਖੇ ਹੋ*
> *ਤਾਂ ਮੈਂ ਸਰਵਿਸ ਤੋਂ ਅਸਤੀਫਾ ਦੇਂਦਾ ਹਾਂ।*[125]

ਉਨ੍ਹਾਂ ਦੀਆਂ ਲਿਖਤਾਂ ਚਾਪਲੂਸੀ ਤੋਂ ਨਿਰਲੇਪ ਹਨ। ਬਲਕਿ ਰੰਝ ਵਿਚ ਆਏ ਉਹ ਕਿਤੇ-ਕਿਤੇ ਖਰੀਆਂ-ਖਰੀਆਂ ਵੀ ਸੁਣਾ ਜਾਂਦੇ ਹਨ। ਮਿਸਾਲ ਵਜੋਂ, ਪਿਛੇ ਦਸੇ ਅਨੁਸਾਰ ਖਾਲਸਾ ਕਾਲਜ, ਬੰਬਈ ਦੀ ਉਸਾਰੀ ਵੇਲੇ ਇਕ ਦਿਨ ਜਦੋਂ ਲੋਹੇ ਦੇ ਠੇਕੇਦਾਰ ਨੇ ਸਰਦਾਰ ਨਰੈਣ ਸਿੰਘ ਨੂੰ ਰਿਸ਼ਵਤ ਦੇਣ ਦੀ ਅਸਫਲ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਨੇ ਫੋਨ 'ਤੇ ਠੇਕੇਦਾਰ ਨੂੰ ਖ਼ੂਬ ਡਾਂਟ ਫਿਟਕਾਰ ਪਾਈ।

ਸਰਦਾਰ ਨਰੈਣ ਸਿੰਘ ਦੀਆਂ ਰਚਨਾਵਾਂ ਨੂੰ ਪੜ੍ਹਣ ਤੋਂ ਬਾਅਦ ਇਹ ਪਤਾ ਚਲਦਾ ਹੈ ਕਿ ਉਨ੍ਹਾਂ ਦੀਆਂ ਸਮੁਚੀਆਂ ਲਿਖਤਾਂ ਦਾ ਇਕੋ ਰੰਗ ਹੈ। ਭਾਵ ਕਿ ਉਨ੍ਹਾਂ ਨੇ ਸਾਕਾ ਨਨਕਾਣਾ ਸਾਹਿਬ, ਮੋਰਚਾ ਗੁਰੂ ਕਾ ਬਾਗ ਅਤੇ ਹੋਰ ਅਜਿਹੀਆਂ ਘਟਨਾਵਾਂ ਨੂੰ ਆਪਣੀਆਂ ਕਈ ਲਿਖਤਾਂ ਵਿਚ ਪੇਸ਼ ਕੀਤਾ ਹੈ। ਜਿਵੇਂ, *ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ*, *ਅਕਾਲੀ ਮੋਰਚੇ ਅਤੇ ਝੱਬਰ*, *ਅਕਾਲੀ ਲਹਿਰ ਦਾ ਨਾਇਕ ਜਥੇਦਾਰ : ਭਾਈ ਕਰਤਾਰ ਸਿੰਘ ਝੱਬਰ* ਅਤੇ *ਸ਼ਹੀਦੀ ਸਾਕਾ ਨਨਕਾਣਾ ਸਾਹਿਬ* ਆਦਿ।[126] ਉਨ੍ਹਾਂ ਦੀਆਂ ਲਿਖਤਾਂ ਦਾ ਵਿਸ਼ੇਸ਼ ਗੁਣ ਹੈ ਕਿ ਉਹ ਕਿਸੇ ਗੱਲ ਦਾ ਪ੍ਰਭਾਵ ਨਹੀਂ ਪਾਉਂਦੇ ਬਲਕਿ ਘਟਨਾਵਾਂ ਨੂੰ ਜਾਤੀ ਦਰਦ ਨਾਲ ਪੇਸ਼ ਕਰਦੇ ਹਨ।[127]

ਸਰਦਾਰ ਨਰੈਣ ਸਿੰਘ ਦੀ ਜੀਵਨ-ਪਹੁੰਚ ਬੌਧਿਕਤਾ ਦੇ ਨਾਲ-ਨਾਲ ਭਾਵੁਕਤਾ ਵਾਲੀ ਹੈ। ਮਿਸਾਲ ਵਜੋਂ, *ਨਾਨਕ ਨਿਰਮਲ ਪੰਥ ਚਲਾਇਆ* ਵਿਚ ਉਹ ਨਾਮ ਦੀ ਵਿਆਖਿਆ ਕਰਦੇ ਹੋਏ ਪੂਰੇ ਹਵਾਲਿਆਂ ਤੇ ਉਦਾਹਰਣਾਂ ਨਾਲ ਆਪਣੀ ਗੱਲ ਦੀ ਪੁਸ਼ਟੀ ਕਰਦੇ ਹਨ[128], ਜਿਸ ਤੋਂ ਉਨ੍ਹਾਂ ਦੀ ਬੌਧਿਕਤਾ ਦਾ ਪ੍ਰਤਖ ਝਲਕਾਰਾ ਪੈਂਦਾ ਹੈ। ਇਸੇ ਤਰ੍ਹਾਂ ਉਨ੍ਹਾਂ ਅੰਦਰਲੀ ਭਾਵੁਕਤਾ ਤਾਂ ਤਕਰੀਬਨ ਹਰੇਕ ਲਿਖਤ ਵਿਚ ਦਿਸਦੀ ਹੈ। ਮਿਸਾਲ ਵਜੋਂ, *ਮੈਂ ਸਿੱਖ ਕਿਉਂ ਹਾਂ* ਤਾਂ ਇਸ ਲਛਣ ਨਾਲ ਭਰਪੂਰ ਹੈ।[129]

ਸਰਦਾਰ ਨਰੈਣ ਸਿੰਘ ਦੀਆਂ ਲਿਖਤਾਂ ਵਿਚ ਗਹਿਰਾ ਅਨੁਭਵ ਬੋਲਦਾ ਹੈ। ਉਹ ਜਿੰਨੇ ਵੀ ਤਰਕ ਦਿੰਦੇ ਹਨ, ਆਮ ਲੋਕਾਂ ਦੀ ਸਮਝ ਗੋਚਰੇ ਹਨ। ਵਿਦਵਾਨਾਂ ਲਈ ਇਨ੍ਹਾਂ ਤਰਕਾਂ ਨੂੰ ਬਿਆਨ ਨਹੀਂ ਕੀਤਾ ਗਿਆ। ਉਨ੍ਹਾਂ ਦੇ ਵਿਚਾਰਾਂ ਨੇ ਸਾਧਨਾ

---

125. *ਮੇਰਾ ਜੀਵਨ ਪੰਧ ਤੇ ਸਾਹਿਤ ਰੁਚੀ*, ਪੂਰਵ ਅੰਕਤ, ਪੰਨਾ 89.
126. ਨਨਕਾਣਾ ਸਾਹਿਬ ਦੀ ਘਟਨਾ ਦਾ ਵੇਰਵਾ ਇਨ੍ਹਾਂ ਲਿਖਤਾਂ ਵਿਚ ਦੇਖਣ ਲਈ ਵੇਖੋ : *ਮੇਰਾ ਜੀਵਨ ਪੰਧ ਤੇ ਸਾਹਿਤ ਰੁਚੀ*, ਪੂਰਵ ਅੰਕਤ, ਪੰਨੇ 19-22 ; *ਅਕਾਲੀ ਮੋਰਚੇ ਅਤੇ ਝੱਬਰ*, ਪੂਰਵ ਅੰਕਤ, ਪੰਨਾ 65 ; *ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ*, ਪੂਰਵ ਅੰਕਤ, ਪੰਨੇ 13-4 ; *ਅਕਾਲੀ ਲਹਿਰ ਦਾ ਨਾਇਕ ਜਥੇਦਾਰ : ਭਾਈ ਕਰਤਾਰ ਸਿੰਘ ਝੱਬਰ*, ਪੂਰਵ ਅੰਕਤ, ਪੰਨੇ 90-4.
127. ਮਿਸਾਲ ਵਜੋਂ, ਉਨ੍ਹਾਂ ਨੇ ਨਨਕਾਣਾ ਸਾਹਿਬ ਦੇ ਸ਼ਹੀਦੀ ਸਾਕੇ ਨੂੰ ਅੱਖੀਂ ਡਿਠਾ ਪੇਸ਼ ਕੀਤਾ ਹੈ।
128. *ਨਾਨਕ ਨਿਰਮਲ ਪੰਥ ਚਲਾਇਆ*, ਪੂਰਵ ਅੰਕਤ, ਪੰਨੇ 14-41.
129. ਟ੍ਰੈਕਟ ਨੰ. 2.

'ਚੋਂ ਜਨਮ ਲਿਆ ਹੈ, ਇਹ ਕਿਸੇ ਤੋਂ ਉਧਾਰਾ ਲਿਆ ਗਿਆਨ ਨਹੀਂ।

ਸਰਦਾਰ ਨਰੈਣ ਸਿੰਘ ਦੀਆਂ ਲਿਖਤਾਂ 'ਚੋਂ ਇਕ ਹੋਰ ਗੱਲ ਸਪਸ਼ਟ ਹੁੰਦੀ ਹੈ ਕਿ ਉਹ ਸਿੱਖੀ ਪ੍ਰਤੀ ਵਫ਼ਾ ਪਾਲ ਰਹੇ ਹਨ। ਉਹ ਕਿਸੇ ਕਿਸਮ ਦੇ ਲਾਲਚ, ਪੈਸੇ ਆਦਿ ਲਈ ਨਹੀਂ ਲਿਖਦੇ ਬਲਕਿ ਉਨ੍ਹਾਂ ਦਾ ਇਕੋ-ਇਕ ਮਕਸਦ ਸਿੱਖੀ ਦਾ ਪ੍ਰਚਾਰ ਹੈ। ਦਰਸ਼ਨ ਦੀਆਂ ਗੱਲਾਂ ਵੀ ਉਨ੍ਹਾਂ ਨੇ ਆਮ ਲੋਕਾਂ ਦੇ ਪੱਧਰ 'ਤੇ ਹੀ ਬੜੇ ਸੌਖੇ ਢੰਗ ਨਾਲ ਪੇਸ਼ ਕੀਤੀਆਂ ਹਨ।[130]

ਆਪਣੀ ਤਰਕ ਦੇ ਸਪਸ਼ਟੀਕਰਨ ਲਈ ਉਹ ਕਈ ਵਾਰ ਇਤਿਹਾਸ, ਮਿਤਿਹਾਸ ਅਤੇ ਜੀਵਨ ਅਨੁਭਵ ਵਿਚੋਂ ਵੀ ਉਧਾਰਣਾਂ ਦੇ ਕੇ ਗੱਲ ਕਰਦੇ ਹਨ। ਮਿਸਾਲ ਵਜੋਂ, *ਕਿਉਂ ਕੀਤੋ ਵੇਸਾਹੁ* ਵਿਚ ਉਨ੍ਹਾਂ ਨੇ ਲਗਪਗ ਹਰੇਕ ਟਿਪਣੀ ਨਾਲ ਅਜਿਹੀਆਂ ਉਦਾਹਰਣਾਂ ਦਿਤੀਆਂ ਹਨ। ਇਸੇ ਤਰ੍ਹਾਂ *ਨਾਨਕ ਨਿਰਮਲ ਪੰਥ ਚਲਾਇਆ* ਵਿਚ ਰੱਬ ਦੀ ਵਿਆਪਕਤਾ ਬਾਰੇ ਗੱਲ ਕਰਦੇ ਹੋਏ ਉਹ ਡਾ. ਟੈਗੋਰ ਦਾ ਹਵਾਲਾ ਇਸ ਤਰ੍ਹਾਂ ਦਿੰਦੇ ਹਨ :

> *ਡਾ. ਟੈਗੋਰ ਆਪਣੀ ਰਚਨਾ ਗੀਤਾਂਜਲੀ ਅੰਦਰ ਲਿਖਦਾ ਹੈ ਕਿ ਮੇਰਾ ਰੱਬ ਉਥੇ ਹੈ ਜਿਥੇ ਹਾਲੀ ਹਲ ਵਾਹੁੰਦਾ ਜਾਂ ਕੋਈ ਕਾਂਮਾ ਕਿਰਤੀ ਆਪਣਾ ਵਿਹਾਰ ਪੂਰਨ ਨੇਕ ਨੀਅਤ ਨਾਲ ਨਿਭਾ ਰਿਹਾ ਹੈ।*[131]

ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਦੌਰਾਨ ਮੋਰਚਾ ਗੁਰੂ ਕਾ ਬਾਗ ਦੀ ਗੱਲ ਕਰਦੇ ਹੋਏ ਉਹ ਇਕ ਹੋਰ ਅਜਿਹੀ ਉਦਾਹਰਣ ਪ੍ਰੋ. ਰੁਚੀ ਰਾਮ ਸਾਹਨੀ ਦੀ ਦਿੰਦੇ ਹਨ ਜਿਨ੍ਹਾਂ ਨੇ ਇਸ ਮੋਰਚੇ ਦੇ ਵਖੋ-ਵਖ ਦ੍ਰਿਸ਼ਾਂ ਨੂੰ ਬਹੁਤ ਨੇੜੇ ਰਹਿ ਕੇ ਵੇਖਿਆ ਤੇ ਜਾਂਚਿਆ।[132]

ਵਿਸ਼ੇ ਪਖੋਂ ਸਰਦਾਰ ਨਰੈਣ ਸਿੰਘ ਦੀਆਂ ਸਾਰੀਆਂ ਲਿਖਤਾਂ ਸਿੱਖ ਧਰਮ ਦੁਆਲੇ ਘੁੰਮਦੀਆਂ ਹਨ ਜਿਨ੍ਹਾਂ ਦਾ ਉਦੇਸ਼ ਸਿੱਖ ਧਰਮ ਪ੍ਰਤੀ ਵਿਸ਼ਵਾਸ ਪੈਦਾ ਕਰਨਾ ਹੈ। ਕਈ ਵਾਰ ਵਿਸਤਾਰ ਵਿਚ ਦੁਹਰਾਅ ਦਾ ਅੰਸ਼ ਵੀ ਉਨ੍ਹਾਂ ਦੀਆਂ ਲਿਖਤਾਂ ਵਿਚ ਆ ਜਾਂਦਾ ਹੈ, ਜਿਸ ਨਾਲ ਨੀਰਸਤਾ ਅਵਚੇਤਨ ਹੀ ਹੋ ਜਾਂਦੀ ਹੈ।

ਸਮੁਚੇ ਰੂਪ ਵਿਚ ਅਸੀਂ ਦੇਖਦੇ ਹਾਂ ਕਿ ਸਰਦਾਰ ਨਰੈਣ ਸਿੰਘ ਦੀ ਲੇਖਣੀ ਦਾ ਆਪਣਾ ਹੀ ਨਿਰਾਲਾ ਢੰਗ ਹੈ ਜਿਹੜਾ ਕਿ ਪਾਠਕਾਂ ਨੂੰ ਬਹੁਤ ਟੁੰਬਦਾ ਹੈ।

ਸਰਦਾਰ ਨਰੈਣ ਸਿੰਘ ਦੀਆਂ ਉਪਰੋਕਤ ਰਚਨਾਵਾਂ ਦੇ ਸਰਵੇਖਣ ਅਤੇ ਉਨ੍ਹਾਂ ਦੀ ਭਾਸ਼ਾ ਸ਼ੈਲੀ ਤੋਂ ਪਤਾ ਚਲਦਾ ਹੈ ਕਿ ਉਹ ਉਚ ਕੋਟੀ ਦੇ ਸਾਹਿਤਕਾਰ ਸਨ ਜਿਨ੍ਹਾਂ ਨੇ ਆਪਣੀਆਂ ਵਡਮੁਲੀਆਂ ਰਚਨਾਵਾਂ ਰਾਹੀਂ ਸਿੱਖ ਪੰਥ ਦੀ ਮਹਾਨ ਸੇਵਾ ਕੀਤੀ।

***

---

130. ਵੇਖੋ : *ਨਾਮ ਦਾਰੂ* (ਟ੍ਰੈਕਟ ਨੰ. 18), *ਹੁਕਮ* (ਟ੍ਰੈਕਟ ਨੰ.41), *ਕਾਲ ਅਕਾਲ* (ਟ੍ਰੈਕਟ ਨੰ. 170), *ਸਰਗੁਨ ਨਿਰਗੁਨ ਨਿਰੰਕਾਰ* (ਟ੍ਰੈਕਟ ਨੰ. 342), *ਮਨ* (ਟ੍ਰੈਕਟ ਨੰ. 284).
131. *ਨਾਨਕ ਨਿਰਮਲ ਪੰਥ ਚਲਾਇਆ*, ਪੂਰਵ ਅੰਕਤ, ਪੰਨਾ 27.
132. *ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ*, ਪੂਰਵ ਅੰਕਤ, ਪੰਨਾ 44.

3

ਸਰਦਾਰ ਨਰੈਣ ਸਿੰਘ ਦੀ ਦੇਣ

ਸਰਦਾਰ ਨਰੈਣ ਸਿੰਘ ਦਾ ਸਮੁਚਾ ਜੀਵਨ ਗੁਰਮਤਿ ਨੂੰ ਸਮਰਪਿਤ ਸੀ। ਉਹ ਬਹੁਤ ਹੀ ਗੰਭੀਰ ਤੇ ਸਿਦਕੀ ਵਿਦਵਾਨ ਸਨ ਜਿਨ੍ਹਾਂ ਨੇ ਆਪਣੇ ਸਮੁਚੇ ਜੀਵਨ ਦੌਰਾਨ ਸਿੱਖ ਪੰਥ ਦੀਆਂ ਰੀਝਾਂ ਹਿਰਦੇ 'ਚ ਪਾਲਦੇ ਹੋਏ ਪੰਥ ਦੀ ਚੜ੍ਹਦੀਕਲਾ ਲਈ ਇਕ ਸੰਘਰਸ਼ਮਈ ਜੀਵਨ ਬਤੀਤ ਕੀਤਾ। ਉਨ੍ਹਾਂ ਦੀ ਸਿੱਖੀ ਪ੍ਰਤੀ ਬਹੁ-ਪਖੀ ਦੇਣ ਹੈ ਜਿਸ ਨੂੰ ਅਸੀਂ ਤਿੰਨ ਪਖਾਂ ਤੋਂ ਵਿਚਾਰਾਂਗੇ- ਵਿਦਿਅਕ ਖੇਤਰ, ਸਮਾਜਿਕ ਖੇਤਰ ਅਤੇ ਧਾਰਮਿਕ ਖੇਤਰ।

ਵਿਦਿਅਕ ਖੇਤਰ

ਸਰਦਾਰ ਨਰੈਣ ਸਿੰਘ ਨੇ ਵਿਦਿਆ ਦੇ ਪ੍ਰਸਾਰ ਤੇ ਪ੍ਰਫੁਲਤਾ ਲਈ ਅਹਿਮ ਭੂਮਿਕਾ ਨਿਭਾਈ ਹੈ। ਆਪ ਪੜ੍ਹੇ-ਲਿਖੇ ਤੇ ਸੂਝਵਾਨ ਹੋਣ ਕਾਰਨ ਉਹ ਇਸ ਗੱਲ ਤੋਂ ਜਾਣੂੰ ਸਨ ਕਿ ਸਿੱਖਾਂ ਦਾ ਆਪਣੇ ਵਿਰਸੇ ਤੋਂ ਟੁਟਣ ਦਾ ਇਕ ਮੁਖ ਕਾਰਨ ਉਨ੍ਹਾਂ ਦੇ ਬੱਚਿਆਂ ਦਾ ਵਿਦਿਆ ਤੋਂ ਸਖਣੇ ਹੋਣਾ ਸੀ। ਬੱਚਿਆਂ ਨੂੰ ਪੜ੍ਹਾਈ ਨਾਲ ਜੋੜਣ ਹਿਤ ਉਨ੍ਹਾਂ ਨੇ ਆਪਣੇ ਜੀਵਨ-ਕਾਲ ਦੌਰਾਨ ਸਿਧੇ ਜਾਂ ਅਸਿਧੇ ਰੂਪ ਵਿਚ ਕਈ ਸਕੂਲ-ਕਾਲਜਾਂ ਦੀ ਸਿਰਜਣਾ ਵਿਚ ਲੋੜੀਂਦਾਂ ਯੋਗਦਾਨ ਪਾਇਆ। ਇਨ੍ਹਾਂ ਦਾ ਸੰਖੇਪ ਵੇਰਵਾ ਇਸ ਪ੍ਰਕਾਰ ਹੈ :

ਖਾਲਸਾ ਕਾਲਜ, ਬੰਬਈ

ਸਰਦਾਰ ਨਰੈਣ ਸਿੰਘ ਦੀ ਵਿਦਿਅਕ ਖੇਤਰ ਵਿਚ ਦੇਣ ਸੰਬੰਧੀ ਸਭ ਤੋਂ ਮੁਢਲੀ ਕੜੀ ਖਾਲਸਾ ਕਾਲਜ, ਬੰਬਈ ਹੈ। ਆਪ ਨੇ ਇਸ ਦੀ ਉਸਾਰੀ ਤੇ ਇਸ ਨੂੰ ਚਲਾਉਣ ਵਿਚ ਅਹਿਮ ਭੂਮਿਕਾ ਨਿਭਾਈ। ਖਾਲਸਾ ਕਾਲਜ ਬਣਾਉਣ ਪਿਛੇ ਬੜੀ ਦਿਲਚਸਪ ਕਹਾਣੀ ਹੈ।

ਗੱਲ ਕੁਝ ਇਉਂ ਹੋਈ ਕਿ ਵੀਹਵੀਂ ਸਦੀ ਦੇ ਮੁਢਲੇ ਦਹਾਕਿਆਂ ਵਿਚ ਕਥਿਤ 'ਅਛੂਤਾਂ' ਅੰਦਰ ਬਹੁਤ ਜਾਗ੍ਰਿਤੀ ਆਈ। ਉਸ ਸਮੇਂ ਡਾ. ਬੀ. ਆਰ. ਅੰਬੇਦਕਰ ਅਛੂਤ ਲੋਕਾਂ ਦੇ ਆਗੂ ਸਨ। ਉਹ ਹਿੰਦੂ ਸਮਾਜ ਅੰਦਰ ਪ੍ਰਚਲਿਤ ਜਾਤ-ਵਰਣ ਵੰਡ ਦੇ ਸਖ਼ਤ ਵਿਰੋਧੀ ਸਨ। ਇਸ ਬਾਰੇ ਉਨ੍ਹਾਂ ਆਪਣੀ ਪੁਸਤਕ *Annihilation of Caste* ਵਿਚ ਬੜੇ ਵਿਸਤਾਰਪੂਰਵਕ ਹਿੰਦੂ ਸਮਾਜ ਦੇ ਜਾਤ-

ਵਰਣ ਦੇ ਵਿਤਕਰਿਆਂ ਦਾ ਵਰਨਣ ਕੀਤਾ ਹੈ।[1] ਅਛੂਤ ਜਾਤੀਆਂ ਦੀ ਤਰਸਯੋਗ ਸਥਿਤੀ ਨੂੰ ਵਿਚਾਰਦੇ ਹੋਏ ਸਾਲ 1935-36 ਈ. ਵਿਚ ਡਾ. ਅੰਬੇਦਕਰ ਨੇ ਅਠ ਕਰੋੜ ਅਨੁਯਾਈਆਂ ਸਣੇ ਹਿੰਦੂ ਧਰਮ ਤਿਆਗ ਕੇ ਕੋਈ ਹੋਰ ਧਰਮ ਗ੍ਰਹਿਣ ਕਰਨ ਦਾ ਮਨ ਬਣਾਇਆ। ਸਿਟੇ ਵਜੋਂ ਭਾਰਤ ਦੇ ਸਾਰੇ ਧਰਮਾਂ- ਬੋਧੀ, ਜੈਨੀ, ਇਸਾਈ ਅਤੇ ਮੁਸਲਮਾਨਾਂ ਦੇ ਪੈਰੋਕਾਰਾਂ ਨੇ ਇਨ੍ਹਾਂ ਕਥਿਤ ਅਠ ਕਰੋੜ ਅਛੂਤਾਂ ਨੂੰ ਆਪਣੇ ਵਿਚ ਸਮਾਅ ਲੈਣ ਦੀ ਕੋਸ਼ਿਸ਼ ਕੀਤੀ। ਨਨਕਾਣਾ ਸਾਹਿਬ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਇਨ੍ਹਾਂ ਅਛੂਤਾਂ ਅੰਦਰ ਚਲ ਰਹੀ ਇਸ ਲਹਿਰ ਪ੍ਰਤੀ ਸੁਚੇਤ ਸੀ ਜਿਸ ਦਾ ਪੂਰਨ ਜਾਇਜ਼ਾ ਲੈਣ ਲਈ ਕਮੇਟੀ ਨੇ ਸਰਦਾਰ ਨਰੈਣ ਸਿੰਘ ਅਧੀਨ ਇਕ ਵਫਦ ਮਹਾਂਰਾਸ਼ਟਰ ਵਿਖੇ ਭੇਜਿਆ। ਇਸ ਵਫਦ ਨੇ ਜਨਵਰੀ, 1936 ਨੂੰ ਬੰਬਈ ਪਹੁੰਚ ਕੇ ਮਹਾਂਰਾਸ਼ਟਰ ਦੇ ਮੁਹਾਰ, ਮਾਂਗ, ਚਮਾਰ ਅਤੇ ਭੰਗੀ ਆਦਿ ਅਛੂਤ ਜਾਤੀਆਂ ਦੇ ਲੋਕਾਂ ਨੂੰ ਸਿੱਖ ਧਰਮ ਦੀ ਮੁਢਲੀ ਜਾਣਕਾਰੀ ਦੇਣ ਹਿਤ ਛੋਟੇ-ਛੋਟੇ ਟ੍ਰੈਕਟ ਅੰਗਰੇਜ਼ੀ ਅਤੇ ਮਰਹਟੀ ਭਾਸ਼ਾ ਵਿਚ ਛਪਵਾ ਕੇ ਵੰਡੇ।

ਉਨ੍ਹੀਂ ਦਿਨੀਂ ਮਹਾਂਰਾਸ਼ਟਰ ਦੀਆਂ ਅਛੂਤ ਜਾਤੀਆਂ ਵਲੋਂ ਪੂਨੇ ਵਿਖੇ ਇਕ ਕਾਨਫਰੰਸ ਰਖੀ ਹੋਈ ਸੀ। ਸਿੱਖ ਧਰਮ ਅੰਦਰ ਸਮਾਨਤਾ ਤੇ ਅਭੇਦਤਾ ਦਾ ਅਮਲੀ ਸਬੂਤ ਦੇਣ ਲਈ ਸਰਦਾਰ ਨਰੈਣ ਸਿੰਘ ਨੇ ਆਪਣੇ ਸਾਥੀਆਂ ਸਣੇ ਪੂਨੇ ਜਾ ਕੇ ਇਸ ਕਾਨਫਰੰਸ ਦੇ ਪੰਡਾਲ ਨੇੜੇ ਬੰਬਈ ਅਤੇ ਪੂਨੇ ਦੀਆਂ ਸਿੰਘ ਸਭਾਵਾਂ ਦੀ ਸਹਾਇਤਾ ਨਾਲ 11-12 ਜਨਵਰੀ, 1936 ਨੂੰ ਗੁਰੂ ਕਾ ਲੰਗਰ ਲਗਾਇਆ। ਇਸ ਵਿਚ ਸੈਂਕੜੇ ਸਿੱਖਾਂ ਨੇ ਅਛੂਤ ਜਾਤੀਆਂ ਦੇ ਲੋਕਾਂ ਦੀਆਂ ਪੰਗਤਾਂ ਵਿਚ ਬੈਠ ਕੇ ਪ੍ਰਸ਼ਾਦਾ ਛਕਿਆ। ਇਥੋਂ ਤਕ ਕਿ ਲੰਗਰ ਪਕਾਉਣ ਅਤੇ ਵਰਤਾਉਣ ਵਾਲੇ ਵੀ ਅਛੂਤ ਲੋਕ ਤੇ ਕਈ ਸਿੱਖ ਸਨ। ਇਸ ਦ੍ਰਿਸ਼ ਤੋਂ ਅਛੂਤ ਲੋਕ ਬਹੁਤ ਪ੍ਰਭਾਵਿਤ ਹੋਏ।

ਇਸੇ ਤਰ੍ਹਾਂ ਅੰਮ੍ਰਿਤਸਰ ਵਿਖੇ ਇਕ ਗੁਰਮਤਿ ਪ੍ਰਚਾਰ ਕਾਨਫਰੰਸ ਹੋਈ ਜਿਸ ਵਿਚ ਸਿੱਖ ਕੌਮ ਦੇ ਮੁਖੀ ਆਗੂਆਂ ਤੋਂ ਇਲਾਵਾ ਡਾ. ਅੰਬੇਦਕਰ ਨੇ ਵੀ ਹਿਸਾ ਲਿਆ। ਕਾਨਫਰੰਸ ਦੌਰਾਨ ਲਗਾਏ ਗੁਰੂ ਕੇ ਲੰਗਰ ਦਾ ਦ੍ਰਿਸ਼ ਵੇਖਣ ਯੋਗ ਸੀ ਜਿਸ ਤੋਂ ਬਾਹਰੋਂ ਆਏ ਅਛੂਤ ਬਹੁਤ ਪ੍ਰਭਾਵਿਤ ਹੋਏ। ਇਸ ਉਪਰੰਤ ਇਹ ਗੱਲ ਲਗਪਗ ਤੈਅ ਹੋਈ ਸਮਝੀ ਗਈ ਕਿ ਅਛੂਤ ਹੁਣ ਸਿੱਖ ਧਰਮ ਵਿਚ ਸ਼ਾਮਲ ਹੋ ਜਾਣਗੇ।

ਡਾ. ਅੰਬੇਦਕਰ ਨਾਲ ਜਦੋਂ ਇਸ ਮੁਦੇ 'ਤੇ ਗੱਲ ਕੀਤੀ ਗਈ ਤਾਂ ਉਨ੍ਹਾਂ ਸਰਬ ਹਿੰਦ ਸਿੱਖ ਮਿਸ਼ਨ ਦੇ ਸਾਹਮਣੇ ਸਿੱਖ ਧਰਮ ਵਿਚ ਸ਼ਾਮਿਲ ਹੋਣ ਦੇ ਇਵਜ਼ ਵਜੋਂ ਇਕ ਕਾਲਜ ਅਤੇ ਪ੍ਰੈੱਸ ਲਗਾਉਣ ਦੀ ਮੰਗ ਰਖੀ। ਮਿਸ਼ਨ ਨੇ ਦੋਨੋਂ ਗੱਲਾਂ ਪ੍ਰਵਾਨ ਕਰਦੇ ਹੋਏ ਮਾਸਟਰ ਕੇਹਰ ਸਿੰਘ (ਮੁਖ ਅਧਿਆਪਕ, ਖਾਲਸਾ ਹਾਈ

---

1. ਡਾ. ਅੰਬੇਦਕਰ ਨੇ ਇਸ ਕਿਤਾਬ ਦੇ ਪੰਨਾ 42 'ਤੇ ਤਾਂ ਇਥੋਂ ਤਕ ਕਹਿ ਦਿਤਾ ਕਿ, "ਅਸਲ ਵਿਚ ਅਜਿਹੀ ਕੋਈ ਕੌਮ ਜਿਸ ਨੂੰ 'ਹਿੰਦੂ' ਕਿਹਾ ਜਾਏ, ਹੈ ਹੀ ਨਹੀਂ। ਇਹ ਕਈ ਜਾਤਾਂ ਵਾਲਿਆਂ ਦਾ ਇਕ ਗਰੋਹ ਹੈ।" - ਉਧਰਿਤ. ਨਰੈਣ ਸਿੰਘ, *ਖਾਲਸਾ ਕਾਲਜ ਕਿਉਂ ਤੇ ਕਿਵੇਂ* (ਟ੍ਰੈਕਟ ਨੰ. 124), ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ, 1982 (ਦੂਜੀ ਵਾਰ), ਪੰਨਾ 3.

ਸਕੂਲ, ਲਾਹੌਰ) ਦੀ ਸੇਵਾ ਲਗਾ ਦਿਤੀ। ਫਲਸਰੂਪ, ਮਾਸਟਰ ਕੇਹਰ ਸਿੰਘ ਤੇ ਸਥਾਨਕ ਸਿੰਘ ਸਭਾ ਨੇ ਵਿਚਾਰ ਕਰਕੇ ਕਾਲਜ ਉਸਾਰੀ ਲਈ ਜਗ੍ਹਾ ਮਿਥ ਕੇ ਇਸ ਤਹਿਤ ਨਗਰ ਨਿਗਮ ਨੂੰ 5000/- ਰੁਪਏ ਬਿਆਨਾ ਦੇ ਕੇ 27,642 ਵਰਗ ਗਜ਼ ਜ਼ਮੀਨ ਦੀ ਕਾਗਜ਼ੀ ਕਾਰਵਾਈ ਕਰ ਲਈ। ਮਾਸਟਰ ਕੇਹਰ ਸਿੰਘ ਹੁਰਾਂ ਨੇ ਜ਼ਮੀਨ ਲੈਣ ਸਾਰ ਅਰਦਾਸਾ ਸੋਧ ਕੇ ਇਮਾਰਤ ਦੀਆਂ ਨੀਹਾਂ ਦੀ ਖ਼ੁਦਾਈ ਆਰੰਭ ਕਰਵਾ ਕੇ ਲੋੜੀਂਦਾ ਸਾਮਾਨ ਮੰਗਵਾ ਲਿਆ। ਇਕ-ਦੋ ਦਿਨਾਂ ਵਿਚ ਸਾਰਾ ਜ਼ਰੂਰੀ ਸਾਮਾਨ ਆਉਣ 'ਤੇ ਇਮਾਰਤ ਦੀਆਂ ਨੀਹਾਂ ਭਰੀਆਂ ਜਾਣ ਲਗੀਆਂ। ਇਸ ਦੇ ਨਾਲ ਹੀ ਬਿਲਾਂ ਦੀ ਭਰਮਾਰ ਵੀ ਹੋ ਗਈ, ਜਿਸ ਦੀ ਕੁਲ ਰਾਸ਼ੀ ਲਗਪਗ 70-80 ਹਜ਼ਾਰ ਰੁਪਏ ਸੀ, ਪਰ ਕੇਹਰ ਸਿੰਘ ਹੋਰਾਂ ਦੇ ਪਲੇ ਸਾਮਾਨ ਦੀ ਢੋਆ-ਢੁਆਈ ਭਰਨ ਜੋਗੇ ਪੈਸੇ ਵੀ ਨਹੀਂ ਸਨ।

ਦੂਜੇ ਪਾਸੇ ਜਿਉਂ-ਜਿਉਂ ਡਾ. ਅੰਬੇਦਕਰ ਦੇ ਸਾਥੀਆਂ ਸਣੇ ਸਿੱਖ ਧਰਮ ਧਾਰਨ ਕਰਨ ਦੀਆਂ ਗੱਲਾਂ ਹਿੰਦੂ ਆਗੂਆਂ ਤਕ ਪੁਜ ਰਹੀਆਂ ਸਨ, ਉਹ ਇਸ ਵਿਚ ਰੁਕਾਵਟ ਪੈਦਾ ਕਰਨ ਦੀਆਂ ਕੋਝੀਆਂ ਚਾਲਾਂ ਸੋਚ ਰਹੇ ਸਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਕਾਲਜ ਇਮਾਰਤ ਦੀ ਉਸਾਰੀ ਲਈ ਪੈਸਾ ਨਾ ਹੋਣ ਦੀ ਸੂਰਤ ਵਿਚ ਇਸ ਨੇ ਇਹ ਕੰਮ ਨਨਕਾਣਾ ਸਾਹਿਬ ਦੀ ਗੁਰਦੁਆਰਾ ਕਮੇਟੀ ਨੂੰ ਦੇ ਦਿਤਾ। ਸਰਦਾਰ ਨਰੈਣ ਸਿੰਘ ਨੂੰ ਇਸ ਸਮੇਂ ਤਕ ਪ੍ਰਬੰਧਕੀ ਕਾਰਜਾਂ ਦਾ ਬਹੁਤ ਤਜ਼ਰਬਾ ਹੋ ਗਿਆ ਸੀ। ਇਸ ਲਈ ਕਮੇਟੀ ਨੇ ਆਪ ਨੂੰ ਇਸ ਕਾਰਜ ਲਈ ਵਧੇਰੇ ਯੋਗ ਸਮਝਦੇ ਹੋਏ ਕਾਲਜ ਦੀ ਉਸਾਰੀ ਆਦਿ ਦਾ ਪ੍ਰਬੰਧ 22 ਮਾਰਚ, 1937 ਨੂੰ ਸੌਂਪ ਦਿਤਾ।

ਡਾ. ਅੰਬੇਦਕਰ ਦੀ ਤੀਬਰ ਇਛਾ ਸੀ ਕਿ ਕਾਲਜ ਉਸਾਰੀ ਦਾ ਕੰਮ ਜਲਦੀ ਤੋਂ ਜਲਦੀ ਮੁਕੰਮਲ ਹੋ ਜਾਵੇ ਤਾਂ ਜੋ ਕਾਲਜ ਦਾ ਦਾਖਲਾ ਉਸੇ ਸਾਲ ਕੀਤਾ ਜਾ ਸਕੇ। ਬੰਬਈ ਯੂਨੀਵਰਸਿਟੀ ਵਲੋਂ ਨਵੇਂ ਅਕਾਦਮਿਕ ਵਰ੍ਹੇ ਲਈ 20 ਜੂਨ ਤੋਂ 10 ਜੁਲਾਈ, 1937 ਤਕ ਦਾਖਲੇ ਦੀਆਂ ਤਾਰੀਕਾਂ ਨੀਯਤ ਸਨ। ਇਸ ਵਿਚ ਕੇਵਲ ਤਿੰਨ ਮਹੀਨੇ ਦਾ ਵਕਫਾ ਸੀ ਜਿਸ ਦੌਰਾਨ ਇਮਾਰਤ ਮੁਕੰਮਲ ਕਰਨੀ, ਫਰਨੀਚਰ ਬਣਵਾਉਣਾ, ਸਾਇੰਸ ਲੈਬੋਰੇਟਰੀ, ਲਾਇਬ੍ਰੇਰੀ ਆਦਿ ਤਿਆਰ ਕਰਵਾਉਣ ਦਾ ਕੰਮ ਮੁਕੰਮਲ ਕਰਨਾ ਸੀ। ਇਸ ਲਈ ਸਰਦਾਰ ਨਰੈਣ ਸਿੰਘ ਨੇ ਆਪਣੇ ਸਾਥੀਆਂ- ਸ. ਸੰਤੋਖ ਸਿੰਘ ਇੰਜੀਨੀਅਰ, ਸੰਤ ਸੂਰਤ ਸਿੰਘ ਅਤੇ ਸ. ਗੁਰਦਿੱਤ ਸਿੰਘ ਸੇਠੀ ਨਾਲ ਮਿਲ ਕੇ ਪੂਰੀ ਮਿਹਨਤ ਤੇ ਇਮਾਨਦਾਰੀ ਨਾਲ ਦਿਨ-ਰਾਤ ਇਕ ਕਰਦੇ ਹੋਏ ਇਸ ਪਾਸੇ ਧਿਆਨ ਦੇਣਾ ਸ਼ੁਰੂ ਕੀਤਾ। ਐਨੇ ਚਿਰ ਨੂੰ ਕਾਲਜ ਦੀ ਹਰ ਪ੍ਰਕਾਰ ਦੀ ਤਿਆਰੀ ਮੁਕੰਮਲ ਹੋਣ ਸਾਰ ਡਾ. ਅੰਬੇਦਕਰ ਦੇ ਪੈਰ ਡਗਮਗਾਉਣ ਲਗੇ।

ਫਿਰਕੂ ਹਿੰਦੂ ਆਗੂਆਂ ਨੇ ਅਛੂਤਾਂ ਵਿਚੋਂ ਕਈ ਮੁਖੀ ਸਜਣਾਂ ਨੂੰ ਆਪਣੇ ਪ੍ਰਭਾਵ ਅਧੀਨ ਕਰ ਲਿਆ ਅਤੇ ਹਿੰਦੂ ਮਤ ਵਿਚਲੀ ਛੂਤ-ਛਾਤ ਹਮੇਸ਼ਾਂ ਲਈ ਖ਼ਤਮ ਕਰਕੇ ਗਰੀਬ ਅਛੂਤ ਜਨਤਾ ਨੂੰ ਹੋਰ ਲੋਕਾਂ ਦੀ ਪਧਰ 'ਤੇ ਲਿਆਉਣ ਦੇ

ਝੂਠੇ ਵਾਇਦੇ ਦਿਤੇ। ਇਸ ਪ੍ਰਕਾਰ ਕਈ ਅਛੂਤ ਮੁਖੀਆਂ ਨੂੰ ਡਾ. ਅੰਬੇਦਕਰ ਨਾਲੋਂ ਪਾੜ ਕੇ ਇਕ ਵਖਰੀ 'ਹਰੀਜਨ' ਸੰਸਥਾ ਕਾਇਮ ਕਰ ਲਈ ਗਈ ਅਤੇ ਵਡੀ ਗਿਣਤੀ ਅਛੂਤਾਂ ਨੂੰ ਹਿੰਦੂ ਕਹਿਣਾ ਮਨਾ ਲਿਆ ਗਿਆ।

ਇਨ੍ਹਾਂ ਦਿਨਾਂ ਵਿਚ ਹੀ ਗਾਂਧੀ ਨੇ ਮਰਨ ਵਰਤ ਦਾ ਪਾਖੰਡ ਕਰਕੇ ਸਰਕਾਰ 'ਤੇ ਇਹ ਦਬਾਅ ਪਾਇਆ ਕਿ ਉਹ ਅਛੂਤ ਜਾਤੀਆਂ ਨੂੰ ਪਛੜੀਆਂ ਹਿੰਦੂ ਸ਼੍ਰੇਣੀਆਂ ਕਰਾਰ ਦੇ ਕੇ ਵਿਸ਼ੇਸ਼ ਰਿਆਇਤਾਂ ਦੇਣ ਦਾ ਐਲਾਨ ਕਰੇ। ਉਸ ਦੇ ਮਨ ਅੰਦਰ ਇਹ ਭੈਅ ਸੀ ਕਿ ਜੇ ਅਠ ਕਰੋੜ ਅਛੂਤ ਸਿੱਖ ਬਣ ਜਾਂਦੇ ਹਨ ਤਾਂ ਦੇਸ਼ ਅੰਦਰ ਇਕ ਵਡੀ ਅਕਲੀਅਤ (ਘਟ ਗਿਣਤੀ ਕੌਮ) ਖੜ੍ਹੀ ਹੋ ਜਾਵੇਗੀ ਜਿਸ ਦਾ ਹਿੰਦੂਆਂ 'ਤੇ ਬਹੁਤ ਮਾੜਾ ਅਸਰ ਹੋਵੇਗਾ। ਉਸ ਸਮੇਂ ਪੰਡਤ ਮਦਨ ਮੋਹਨ ਮਾਲਵੀਆ ਵਾਈਸਰਾਏ ਹਿੰਦ ਦਾ ਐਗਜ਼ੈਕਟਿਵ ਕੌਂਸਲ (Executive Council) ਮੈਂਬਰ ਸੀ। ਉਸ ਦੇ ਜ਼ੋਰ ਦੇਣ 'ਤੇ ਸਰਕਾਰ ਵਲੋਂ ਅਛੂਤਾਂ ਨੂੰ ਵਿਸ਼ੇਸ਼ ਰਿਆਇਤਾਂ ਦਿਤੇ ਜਾਣ ਦਾ ਐਲਾਨ ਕਰ ਦਿਤਾ ਗਿਆ। ਇਸ ਗੱਲ ਨੇ ਡਾ. ਅੰਬੇਦਕਰ ਨੂੰ ਵੀ ਪ੍ਰਭਾਵਿਤ ਕੀਤਾ ਜਿਸ ਕਰਕੇ ਸਿੱਖ ਬਣਨ ਵਾਲੀ ਪਕੜ ਉਸ ਦੇ ਮਨੋਂ ਵੀ ਜਾਂਦੀ ਰਹੀ। ਇਸ ਦੇ ਨਾਲ ਹੀ ਡਾ. ਅੰਬੇਦਕਰ ਦਾ ਸਿੱਖਾਂ ਤੇ ਖਾਲਸਾ ਕਾਲਜ ਪ੍ਰਤੀ ਰਵਈਆ ਵੀ ਬਦਲ ਗਿਆ।

ਸਿਟੇ ਵਜੋਂ ਬੰਬਈ ਅੰਦਰ ਖਾਲਸਾ ਕਾਲਜ ਖੋਲ੍ਹਣ ਵਾਲੀ ਕਹਾਣੀ ਦਾ ਉੱਝ ਤਾਂ ਭਾਵੇਂ ਭੋਗ ਪੈ ਗਿਆ ਪਰੰਤੂ ਜਿਸ ਸਥਿਤੀ ਵਿਚ ਕਾਲਜ ਸੀ ਉਸ ਅੰਦਰ ਕਾਲਜ ਦਾ ਨਾ ਖੁਲਣਾ ਸਿੱਖ ਕੌਮ ਲਈ ਵਡੀ ਨਮੋਸ਼ੀ ਦਾ ਕਾਰਨ ਬਣ ਸਕਦਾ ਸੀ। ਇਸ ਸੰਬੰਧੀ ਕੁਝ ਸਮੇਂ ਦੇ ਵਿਚਾਰ-ਵਟਾਂਦਰੇ ਮਗਰੋਂ ਸਿੱਖ ਵਿਚਾਰਵਾਨਾਂ ਵਿਚ ਕਾਲਜ ਦਾ ਕੰਮ ਜਾਰੀ ਰਖਣ ਦਾ ਫੈਸਲਾ ਹੋਇਆ। ਇਮਾਰਤ ਦਾ ਰਹਿੰਦਾ ਕੰਮ ਦਸ-ਪੰਦਰਾਂ ਦਿਨਾਂ ਵਿਚ ਮੁਕੰਮਲ ਕਰ ਦਿਤਾ ਗਿਆ। ਕਾਲਜ ਦੀ ਮੁਕੰਮਲ ਉਸਾਰੀ 'ਤੇ ਜੋ ਖਰਚ ਆਇਆ ਉਹ ਇਸ ਦੇ ਸ਼ੁਰੂ ਹੋਣ ਤੋਂ ਪਹਿਲੇ ਦਸੇ ਖਰਚੇ ਨਾਲੋਂ ਕਿਤੇ ਘਟ ਸੀ। ਇਸ ਬਾਬਤ ਸਰਦਾਰ ਨਰੈਣ ਸਿੰਘ ਲਿਖਦੇ ਹਨ :

> *ਅਸਾਂ ਕਾਲਜ ਤੇ ਕੇਵਲ ਚਾਰ ਲਖ ਸਤਰਾਂ ਹਜ਼ਾਰ ਰੁਪੈਆ (4,17,000) ਖਰਚ ਕੀਤਾ ਸੀ ਅਤੇ ਕੋਈ ਬਿਲ ਬਕਾਇਆ ਨਹੀਂ ਸੀ, ਜਦੋਂ ਕਿ ਇਕੱਲੀ ਇਮਾਰਤ ਦਾ ਐਸਟੀਮੇਟ ਜੋ ਇਮਾਰਤ ਬਣਨੀ ਸ਼ੁਰੂ ਹੋਣ ਤੋਂ ਪਹਿਲੋਂ ਸਰਬ ਹਿੰਦ ਸਿੱਖ ਮਿਸ਼ਨ ਨੂੰ ਦਿੱਤਾ ਗਿਆ ਸੀ, ਦਸ ਲਖ ਰੁਪਏ ਦਾ ਸੀ।*[2]

ਕਾਲਜ ਵਿਚ ਪਹਿਲੇ ਸਾਲ ਦਾ ਦਾਖਲਾ 20 ਜੂਨ, 1937 ਨੂੰ ਸ਼ੁਰੂ ਹੋਇਆ ਜਿਹੜਾ ਕਿ ਬਹੁਤ ਘਟ ਸੀ। ਇਸ ਦਾ ਇਕ ਮੁਖ ਕਾਰਨ ਡਾ. ਅੰਬੇਦਕਰ ਅਤੇ ਹੋਰ ਅਛੂਤ ਆਗੂਆਂ ਵਲੋਂ ਕਾਲਜ ਦਾ ਵਿਰੋਧ ਕਰਨਾ ਸੀ। ਇਹ ਦਾਖਲਾ ਐਨਾ ਜ਼ਿਆਦਾ ਘਟ ਸੀ ਕਿ ਸਾਲ ਸਿਰੇ ਚਾੜ੍ਹਣ ਲਈ ਨਨਕਾਣਾ ਸਾਹਿਬ ਗੁਰਦੁਆਰਾ

---

2. *ਮੇਰਾ ਜੀਵਨ ਪੰਧ ਤੇ ਸਾਹਿਤ ਰੁਚੀ*, ਪੂਰਵ ਅੰਕਤ, ਪੰਨਾ 105.

ਕਮੇਟੀ ਨੂੰ ਚਾਲੀ-ਪੰਜਾਹ ਹਜ਼ਾਰ ਰੁਪਏ ਆਪਣੇ ਫੰਡ 'ਚੋਂ ਦੇਣੇ ਪਏ। ਇਥੇ ਹੀ ਬਸ ਨਹੀਂ ਗੁਰਦੁਆਰਾ ਕਮੇਟੀ ਨੂੰ ਹਰ ਸਾਲ ਚੰਗੀ ਮੋਟੀ ਰਕਮ ਕਾਲਜ ਚਲਾਉਣ ਹਿਤ ਖਰਚਣੀ ਪੈਂਦੀ ਰਹੀ। ਸਿਟੇ ਵਜੋਂ ਕਾਲਜ ਨੂੰ ਚਲਦੀ ਹਾਲਤ ਵਿਚ ਜਾਂ ਬੰਦ ਕਰਕੇ ਇਸ ਦੀ ਸਾਰੀ ਜਾਇਦਾਦ ਵੇਚਣ ਦੀ ਤਜਵੀਜ਼ ਰਖੀ ਗਈ। ਇਸ ਅਧੀਨ ਪੂਨੇ ਦੀ ਦਕਨ ਐਜੂਕੇਸ਼ਨ ਸੋਸਾਇਟੀ ਚਲਦਾ ਕਾਲਜ ਸਾਂਭਣ ਲਈ ਤਿਆਰ ਹੋ ਗਈ। ਇਸ ਤਹਿਤ ਰਖੀਆਂ ਸ਼ਰਤਾਂ ਬਾਰੇ ਦਕਨ ਸੋਸਾਇਟੀ ਦੀ ਇਕੱਤਰਤਾ ਤੋਂ ਪ੍ਰਵਾਨਗੀ ਲੈਣ ਉਪਰੰਤ ਅਗਲੀ ਕਾਰਵਾਈ ਕਰਨ ਦੀ ਗੱਲ ਤੈਅ ਹੋਈ। ਪਰੰਤੂ ਮਿਥੀ ਤਾਰੀਕ ਨੂੰ ਭਾਰੀ ਮੀਂਹ-ਤੂਫਾਨ ਆਉਣ ਕਾਰਨ ਬੰਬਈ ਤੇ ਪੂਨੇ ਦਰਮਿਆਨ ਆਵਾਜਾਈ ਤੇ ਤਾਲ-ਮੇਲ ਦੇ ਸਾਰੇ ਸਾਧਨ ਟੁਟਣ ਕਾਰਨ ਪੂਨੇ ਤੋਂ ਕੋਈ ਖਬਰ ਸਾਰ ਨਾ ਆ ਸਕੀ। ਜਦੋਂ ਦਸ ਦਿਨਾਂ ਬਾਅਦ ਸੋਸਾਇਟੀ ਦੇ ਪ੍ਰਤੀਨਿਧ ਕਾਲਜ ਪਰਤੇ ਤਾਂ ਉਸ ਸਮੇਂ ਦਾਖਲੇ ਬੰਦ ਹੋ ਗਏ ਸਨ ਅਤੇ ਕਾਲਜ ਵਿਚ ਕੇਵਲ 260 ਵਿਦਿਆਰਥੀ ਦਾਖਲ ਹੋਏ ਸਨ ਜਿਸ ਦਾ ਭਾਵ ਸਪਸ਼ਟ ਸੀ ਕਿ ਕਾਲਜ ਦਾ ਉਹ ਮਾਲੀ ਸਾਲ ਵੀ ਘਾਟੇ ਵਾਲਾ ਹੋਵੇਗਾ। ਘਾਟੇ ਦਾ ਪਖ ਵਿਚਾਰਦੇ ਹੋਏ ਦਕਨ ਸੋਸਾਇਟੀ ਨੇ ਕਾਲਜ ਲੈਣਾ ਅਗਲੇ ਸਾਲ ਤਕ ਮੁਲਤਵੀ ਕਰ ਦਿਤਾ ਅਤੇ ਇਸ ਤਰ੍ਹਾਂ ਕਾਲਜ ਵੇਚਣ ਵਾਲੀ ਗੱਲ ਵੀ ਧਰੀ-ਧਰਾਈ ਰਹਿ ਗਈ।

ਕਾਲਜ ਦਾ ਘਾਟਾ ਪੂਰਣ ਹਿਤ ਸਰਦਾਰ ਨਰੈਣ ਸਿੰਘ ਵਲੋਂ ਸਮੂਹ ਕਰਮਚਾਰੀਆਂ ਨੂੰ ਉਤਸ਼ਾਹਿਤ ਕੀਤਾ ਗਿਆ ਤੇ ਅਗਲੇ ਸਾਲ ਦਾ ਦਾਖਲਾ ਵਧਾਉਣ ਲਈ ਜਤਨ ਕਰਨ ਦੀ ਪ੍ਰੇਰਨਾ ਦਿਤੀ ਗਈ। ਫਲਸਰੂਪ ਅਗਲੇ ਸਾਲ 1942-43 ਵਿਚ 1014 ਵਿਦਿਆਰਥੀ ਦਾਖਲ ਹੋਏ ਜਿਨ੍ਹਾਂ ਦੀਆਂ ਫੀਸਾਂ ਆਦਿ ਤੋਂ ਕਾਲਜ ਨੂੰ 92,798/- ਰੁਪਏ ਦੀ ਰਕਮ ਪ੍ਰਾਪਤ ਹੋਈ।[3]

ਸੰਨ 1945 ਵਿਚ ਕਾਲਜ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਆ ਗਿਆ ਜਿਹੜਾ ਕਿ ਸਰਦਾਰ ਨਰੈਣ ਸਿੰਘ ਅਨੁਸਾਰ 1982 ਈ. ਤਕ ਬਹੁਤ ਵਧੀਆ ਚਲਦਾ ਰਿਹਾ। ਕਾਲਜ ਦੇ ਮੌਜੂਦਾ (2011) ਪ੍ਰਬੰਧ ਆਦਿ ਬਾਰੇ ਤਾਜ਼ਾ ਜਾਣਕਾਰੀ ਉਪਲਬਧ ਨਹੀਂ ਹੋ ਸਕੀ।

ਗੁਰਮਤਿ ਕਾਲਜ, ਪਟਿਆਲਾ

ਵਿਦਿਅਕ ਖੇਤਰ ਵਿਚ ਸਰਦਾਰ ਨਰੈਣ ਸਿੰਘ ਦੀ ਦੇਣ ਦੇ ਸੰਦਰਭ ਵਿਚ ਅਗਲੀ ਕੜੀ ਗੁਰਮਤਿ ਕਾਲਜ, ਪਟਿਆਲਾ ਸੰਬੰਧੀ ਹੈ। ਭਾਵੇਂ ਸਿਧੇ ਤੌਰ 'ਤੇ ਨਰੈਣ ਸਿੰਘ ਦਾ ਇਹ ਕਾਲਜ ਚਲਾਉਣ ਵਿਚ ਕੋਈ ਹਥ ਨਹੀਂ ਪਰੰਤੂ ਫਿਰ ਵੀ ਇਸ ਦੇ ਪ੍ਰਬੰਧ ਆਦਿ ਵਿਚ ਉਨ੍ਹਾਂ ਨੇ ਆਪਣਾ ਵਡਮੁਲਾ ਯੋਗਦਾਨ ਪਾਇਆ ਹੈ।

ਇਹ ਕਾਲਜ ਡੇਰਾ ਬਾਬਾ ਜੱਸਾ ਸਿੰਘ, ਸੂਲਰ ਰੋਡ, ਪਟਿਆਲਾ ਵਿਖੇ ਸਥਿਤ ਹੈ। ਕਿਸੇ ਸਮੇਂ ਇਹ ਪਟਿਆਲਾ ਦੇ ਰਾਜਿਆਂ ਦਾ ਸ਼ਿਕਾਰਗਾਹ ਜੰਗਲ ਸੀ

3. *ਖਾਲਸਾ ਕਾਲਜ ਕਿਉਂ ਤੇ ਕਿਵੇਂ*, ਪੂਰਵ ਅੰਕਤ, ਪੰਨਾ 35.

ਜਿਥੇ ਸੰਤ ਬਾਬਾ ਹਰਦਿਤ ਸਿੰਘ ਜੀ ਇਕਾਂਤ ਵਿਚ ਬੈਠ ਕੇ ਭਜਨ-ਬੰਦਗੀ ਕਰਦੇ ਸਨ। ਇਸੇ ਅਸਥਾਨ 'ਤੇ ਹੀ ਉਨ੍ਹਾਂ ਨੇ ਆਪਣੇ ਅੰਤਲੇ ਸੁਆਸ ਛਡੇ। ਆਪ ਦੀ ਇਕ ਸੇਵਕਾ ਬੀਬੀ ਜੱਸੀ, ਜਿਹੜੇ ਬਾਬਾ ਜੱਸਾ ਸਿੰਘ ਦੇ ਨਾਂ ਨਾਲ ਮਸ਼ਹੂਰ ਹੋਏ, ਕਾਫੀ ਲੰਮਾ ਸਮਾਂ ਇਥੇ ਹੀ ਨਾਮ-ਅਭਿਆਸ ਕਰਦੇ ਰਹੇ। ਇਨ੍ਹਾਂ ਨੇ ਵੀ ਆਪਣਾ ਸਰੀਰ ਇਥੇ ਹੀ ਛਡਿਆ ਜਿਥੇ ਇਨ੍ਹਾਂ ਦੀ ਯਾਦ ਵਿਚ ਇਕ ਗੁਰਦੁਆਰਾ ਸਾਹਿਬ ਮੌਜੂਦਾ ਸਮੇਂ (2011) ਸਥਿਤ ਹੈ। ਇਸ ਅਸਥਾਨ ਦਾ ਨਾਂ 'ਡੇਰਾ ਬਾਬਾ ਜੱਸਾਂ ਸਿੰਘ' ਹੈ।

ਬਾਬਾ ਜੱਸਾ ਸਿੰਘ ਤੋਂ ਪਿਛੋਂ ਸੰਗਤ ਵਲੋਂ ਇਸ ਅਸਥਾਨ ਦਾ ਪ੍ਰਬੰਧ ਭਾਵੇਂ ਸੰਤ ਬਾਬਾ ਨੰਦ ਸਿੰਘ ਜੀ ਸੰਗਰੂਰ ਵਾਲਿਆਂ ਨੂੰ ਸੌਂਪਿਆ ਗਿਆ ਪਰੰਤੂ ਇਸ ਦੀ ਪਕੀ ਸੇਵਾ ਸੰਤ ਗੁਰਮੁਖ ਸਿੰਘ ਜੀ ਦੇ ਹਥ ਰਹੀ। ਉਨ੍ਹਾਂ ਨੇ ਲਗਾਤਾਰ ਪੈਂਤੀ ਸਾਲ ਇਹ ਸੇਵਾ ਬੜੀ ਸ਼ਿਦਦ ਨਾਲ ਨਿਭਾਈ।

ਸੰਤ ਬਾਬਾ ਨੰਦ ਸਿੰਘ ਜੀ ਦੇ ਨਵੰਬਰ, 1963 ਵਿਚ ਅਕਾਲ ਚਲਾਣਾ ਕਰ ਜਾਣ ਪਿਛੋਂ ਸੰਤ ਗੁਰਮੁਖ ਸਿੰਘ ਜੀ ਨੂੰ ਸੰਗਤਾਂ ਪਾਸੋਂ ਦਸਤਾਰ ਦੀ ਬਖਸ਼ਿਸ਼ ਹੋਈ। ਡੇਰਾ ਬਾਬਾ ਜੱਸਾ ਸਿੰਘ ਦੇ ਨਾਂ 116 ਵਿਘੇ ਜ਼ਮੀਨ ਹੋਣ ਕਾਰਨ ਆਪ ਨੇ ਇਸ ਜਾਇਦਾਦ ਨੂੰ ਡੇਰੇ ਸਮੇਤ ਪੰਥ ਦੀ ਅਮਾਨਤ ਸਮਝਦੇ ਹੋਏ, ਇਸ ਦੀ ਸਾਂਭ-ਸਭਾਂਲ ਲਈ ਪਟਿਆਲਾ ਨਿਵਾਸੀ ਪਤਵੰਤਿਆਂ ਦੀ ਇਕ ਕਮੇਟੀ ਬਣਾ ਦਿਤੀ। ਸੰਤ ਜੀ ਨੇ ਡੇਰੇ ਦੀ ਸਮੁਚੀ ਜਾਇਦਾਦ ਦਾ ਇੰਤਕਾਲ ਇਸ ਕਮੇਟੀ (ਡੇਰਾ ਬਾਬਾ ਜੱਸਾ ਸਿੰਘ ਪਬ੍ਰੰਧਕ ਕਮੇਟੀ) ਦੇ ਨਾਂ ਕਰਵਾ ਦਿਤਾ। ਬਾਅਦ ਵਿਚ ਗੁਰਮਤਿ ਕਾਲਜ ਬਣਨ 'ਤੇ ਆਪ ਨੇ ਇਸ ਦੀ ਸਰਪ੍ਰਸਤੀ ਦੀ ਸੇਵਾ ਸਵੀਕਾਰ ਕਰ ਲਈ ਜਿਸ ਸਦਕਾ ਉਨ੍ਹਾਂ ਨੇ ਯੋਗ ਅਗਵਾਈ ਕਰਦੇ ਹੋਏ ਇਸ ਕਾਲਜ ਰਾਹੀਂ ਕਈ ਉਘੇ ਵਿਦਵਾਨ ਤੇ ਪ੍ਰਚਾਰਕ ਤਿਆਰ ਕਰਵਾ ਕੇ ਸਿੱਖ ਪੰਥ ਦੀ ਮਹਾਨ ਸੇਵਾ ਕੀਤੀ।

ਡੇਰਾ ਬਾਬਾ ਜੱਸਾ ਸਿੰਘ ਪ੍ਰਬੰਧਕ ਕਮੇਟੀ ਵਿਚਲੇ ਮੈਂਬਰਾਂ ਦਾ ਇਸ ਅਸਥਾਨ 'ਤੇ ਗੁਰਮਤਿ ਕਾਲਜ ਬਣਾਉਣ ਬਾਰੇ ਫੁਰਨਾ ਹੋਇਆ। ਮੁਢਲੀ ਅਵਸਥਾ ਵਿਚ ਸਰਦਾਰ ਨਰੈਣ ਸਿੰਘ ਤੇ ਹੋਰ ਮੈਂਬਰਾਂ ਨੇ ਇਕ ਐਸਾ ਆਸ਼ਰਮ ਖੋਲ੍ਹਣ ਦੀ ਤਜਵੀਜ਼ ਰਖੀ ਜਿਥੇ ਉਚ ਪਾਏ ਦੇ ਸਿੱਖ ਮਿਸ਼ਨਰੀ ਬਣਨ ਦੀ ਸਿਖਲਾਈ ਦਿਤੀ ਸਕੇ। ਇਸ ਪ੍ਰਥਾਇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਉਪ-ਕੁਲਪਤੀ ਸ. ਕ੍ਰਿਪਾਲ ਸਿੰਘ ਨਾਰੰਗ ਨਾਲ ਕਮੇਟੀ ਮੈਂਬਰਾਂ ਨੇ ਵਿਚਾਰ ਵਟਾਂਦਰਾ ਕਰਕੇ ਮਤਾ ਪਕਾਇਆ ਕਿ ਡੇਰਾ ਬਾਬਾ ਜੱਸਾ ਸਿੰਘ ਦੀ ਥਾਂ 'ਤੇ 'ਗੁਰਮਤਿ ਕਾਲਜ' ਨਾਂ ਦੀ ਇਕ ਸੰਸਥਾ ਖੋਲ੍ਹ ਕੇ ਦੋ ਸਾਲਾ ਪੋਸਟ-ਗ੍ਰੈਜੂਏਟ ਕੋਰਸ (Post Graduate Course) ਸ਼ੁਰੂ ਕੀਤਾ ਜਾਵੇ। ਇਸ ਵਿਚ ਤੁਲਨਾਤਮਿਕ ਧਰਮਾਂ (Comparative Religions) ਦੇ ਨਾਲ-ਨਾਲ ਸਿੱਖ ਧਰਮ ਦੀ ਵਿਸ਼ੇਸ਼ ਪੜ੍ਹਾਈ ਕਰਵਾਈ ਜਾਵੇ। ਵਿਦਿਆਰਥੀਆਂ ਨੂੰ ਹੋਸਟਲ ਦੀ ਸਹੂਲਤ ਦੇਣ ਦੀ ਵਿਚਾਰ ਵੀ ਰਖੀ ਗਈ ਤਾਂ ਜੋ ਉਹ ਦੋ ਸਾਲ ਦਾ ਅਮਲੀ ਜੀਵਨ ਬਿਤਾਉਣ ਉਪਰੰਤ ਧਾਰਮਿਕ ਰਹਿਣੀ ਅਤੇ ਸਿਧਾਂਤਾਂ ਦੋਹਾਂ ਵਿਚ ਨਿਪੁੰਨਤਾ ਹਾਸਲ ਕਰਕੇ ਬਤੌਰ ਵਿਦਵਾਨ ਮਿਸ਼ਨਰੀ ਸੰਸਾਰ ਵਿਚ ਵਿਚਰਨ।

ਕਾਲਜ ਖੋਲ੍ਹਣ ਲਈ ਤਕੜੇ ਫੰਡ ਦੀ ਜ਼ਰੂਰਤ ਸੀ ਜਿਸ ਤਹਿਤ ਸੰਤ ਗੁਰਮੁਖ ਸਿੰਘ, ਸ. ਗੁਰਬਖਸ਼ ਸਿੰਘ ਅਤੇ ਸਰਦਾਰ ਨਰੈਣ ਸਿੰਘ ਨੇ ਬੰਬਈ ਤੇ ਅਹਿਮਦਾਬਾਦ ਜਾ ਕੇ ਆਪੋ-ਆਪਣੇ ਰਸੂਖ ਸਦਕਾ ਲਗਪਗ ਪਚਤਰ ਹਜ਼ਾਰ ਰੁਪਏ ਸਹਾਇਤਾ ਫੰਡ ਵਜੋਂ ਇਕੱਠੇ ਕੀਤੇ।

ਬੰਬਈ ਵਿਖੇ ਸਰਦਾਰ ਨਰੈਣ ਸਿੰਘ ਹੁਰਾਂ ਨੇ ਇਕ ਇਸਾਈ ਮਿਸ਼ਨਰੀ ਸਕੂਲ ਦੇਖਿਆ ਜਿਥੇ ਛੋਟੀ ਉਮਰ ਦੇ ਬੱਚਿਆਂ ਨੂੰ ਇਸਾਈ ਮਤ ਦੀ ਮੁਢਲੀ ਸਿਖਿਆ ਦੇਣ ਦੇ ਨਾਲ-ਨਾਲ ਇਸਾਈ ਰਹਿਣੀ ਵੀ ਸਿਖਾਈ ਜਾਂਦੀ ਸੀ। ਇਸੇ ਤਰ੍ਹਾਂ ਹੀ ਇਸਾਈ ਮਤ ਦੀ ਅਗਲੇਰੀ ਪੜ੍ਹਾਈ/ਸਿਖਲਾਈ ਲਈ ਪੂਨੇ ਵਿਚ ਇਕ 'ਪਾਪਲ ਸੈਮੀਨਰੀ' (Papal Seminary) ਬਣੀ ਹੋਈ ਸੀ। ਇਸ ਵਿਚ ਮੁਢਲੀ ਜਾਣਕਾਰੀ ਪ੍ਰਾਪਤ ਨੌਜਵਾਨ ਦਾਖਲ ਕੀਤੇ ਜਾਂਦੇ ਸਨ ਜਿਨ੍ਹਾਂ ਨੂੰ ਪੰਜ ਸਾਲ ਦੀ ਹੋਰ ਅਗਲੇਰੀ ਸਿਖਿਆ ਦਿਤੀ ਜਾਂਦੀ ਸੀ। ਇਸ ਸੈਮੀਨਰੀ ਨੂੰ ਦੇਖਣ ਉਪਰੰਤ ਸਰਦਾਰ ਨਰੈਣ ਸਿੰਘ ਦੇ ਦਿਲ 'ਚ ਇਸੇ ਤਰ੍ਹਾਂ ਦਾ ਹੀ ਇਕ ਵਿਸ਼ਾਲ ਤੇ ਭਾਵਪੂਰਤ ਗੁਰਮਤਿ ਕਾਲਜ ਬਣਾਉਣ ਦੀ ਰੀਝ ਉਤਪੰਨ ਹੋਈ।

ਕਾਲਜ ਲਈ ਮਾਇਆ ਇਕੱਠੀ ਕਰਕੇ ਪ੍ਰਬੰਧਕਾਂ ਨੇ ਗੁਰਮਤਿ ਕਾਲਜ ਦੀ ਉਸਾਰੀ ਸ਼ੁਰੂ ਕਰਵਾ ਦਿਤੀ। ਇਮਾਰਤ ਮੁਕੰਮਲ ਹੋਣ 'ਤੇ ਜੁਲਾਈ,1968 ਵਿਚ ਗੁਰਮਤਿ ਕਾਲਜ ਦਾ ਦਾਖਲਾ ਸ਼ੁਰੂ ਹੋਇਆ। ਕਾਲਜ ਦੀ ਪੰਜਾਬੀ ਯੂਨੀਵਰਸਿਟੀ ਤੋਂ ਮਾਨਤਾ ਲੈਣ ਲਈ ਇਕ ਲਖ ਰੁਪਏ ਐਂਡੋਮੈਂਟ ਫੰਡ (Endowment Fund) ਦਿਖਾਉਣ ਦੀ ਲੋੜ ਸੀ ਜਿਸ ਲਈ ਉਪਰੋਕਤ ਦਸੀ ਮਾਇਆ ਵਿਚੋਂ ਕੁਝ ਫੰਡ ਲੈਣ ਦੇ ਨਾਲ-ਨਾਲ ਸਰਦਾਰ ਨਰੈਣ ਸਿੰਘ ਹੁਰਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਵਾਨਗੀ ਨਾਲ ਗੁਰਦੁਆਰਾ ਦੁਖਨਿਵਾਰਨ ਸਾਹਿਬ, ਪਟਿਆਲਾ ਤੋਂ ਚਾਲੀ ਹਜ਼ਾਰ ਰੁਪਏ ਬਤੌਰ ਕਰਜ਼ਾ ਲਏ। ਕਾਲਜ ਸ਼ੁਰੂ ਹੋਣ 'ਤੇ ਅਗਲੀ ਔਕੜ ਪ੍ਰਿੰਸੀਪਲ ਲਾਉਣ ਦੀ ਆਈ ਜਿਸ ਦਾ ਹਲ ਵੀ ਉਪ-ਕੁਲਪਤੀ, ਪੰਜਾਬੀ ਯੂਨੀਵਰਸਿਟੀ ਨੇ ਆਪ ਕਢ ਦਿਤਾ। ਉਨ੍ਹਾਂ ਦੀ ਸਿਫਾਰਸ਼ ਤੇ ਸਰਦਾਰ ਨਰੈਣ ਸਿੰਘ ਦੀ ਬੇਨਤੀ 'ਤੇ ਸ. ਸੋਹਣ ਸਿੰਘ, ਜੋ ਯੂ. ਐਨ. ਓ. ਦੀ ਨੌਕਰੀ ਤੋਂ ਸੇਵਾ ਮੁਕਤ ਹੋਏ ਸਨ, ਨੇ ਕੁਝ ਸਮੇਂ ਲਈ ਕਾਲਜ ਦਾ ਪ੍ਰਿੰਸੀਪਲ ਹੋਣਾ ਮਨਜ਼ੂਰ ਕਰ ਲਿਆ। ਅਗਲੇ ਸਾਲ (1969) ਸ. ਸੁਰਮੁਖ ਸਿੰਘ 'ਅਮੋਲ' ਨੂੰ ਕਾਲਜ ਦਾ ਪ੍ਰਿੰਸੀਪਲ ਨਿਯੁਕਤ ਕੀਤਾ ਗਿਆ। ਵਿਦਿਆਰਥੀਆਂ ਦੀ ਗਿਣਤੀ ਵਧਣ ਕਾਰਨ ਅਤੇ ਕਾਲਜ ਨੂੰ ਸੁਚਾਰੂ ਢੰਗ ਨਾਲ ਚਲਾਉਣ ਵਿਚ ਮਾਇਆ ਕਰਕੇ ਵਡੀ ਤੰਗੀ ਆਈ। ਕਰਮਚਾਰੀਆਂ ਦੀਆਂ ਤਨਖਾਹਾਂ ਆਦਿ ਤੋਂ ਇਲਾਵਾ ਹਰੇਕ ਵਿਦਿਆਰਥੀ ਨੂੰ ਦੋ ਸੌ ਰੁਪਏ ਮਹੀਨਾ ਵਜੀਫਾ ਵੀ ਦਿਤਾ ਜਾਂਦਾ ਸੀ ਜਿਸ ਤਹਿਤ ਕਾਲਜ ਦਾ ਐਨਾ ਖਰਚਾ ਝਲਣਾ ਗੁਰਦੁਆਰਾ ਕਮੇਟੀ ਦੇ ਵਸ ਦਾ ਨਾ ਰਿਹਾ। ਇਸ ਲਈ ਸਰਦਾਰ ਨਰੈਣ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਵਲੋਂ 'ਗੁਰੂ ਨਾਨਕ ਫਾਊਂਡੇਸ਼ਨ' (ਦਿੱਲੀ) ਨਾਮਕ ਸੰਸਥਾ ਨੂੰ ਕਾਲਜ ਦੀ ਸੇਵਾ ਸੌਂਪਣ ਦੀ ਤਜਵੀਜ਼ ਰਖੀ ਗਈ।

ਪ੍ਰਬੰਧਕਾਂ ਦੀ ਸਹਿਮਤੀ ਹੋਣ 'ਤੇ ਕਾਲਜ 'ਗੁਰੂ ਨਾਨਕ ਫਾਉਂਡੇਸ਼ਨ' ਅਧੀਨ ਕਰ ਦਿਤਾ ਗਿਆ। ਉਸ ਵੇਲੇ ਤੋਂ ਇਹ ਕਾਲਜ ਕਾਫੀ ਲੰਮੇ ਅਰਸੇ ਤਕ ਬੜੀ ਚੰਗੀ ਤਰ੍ਹਾਂ ਚਲਦਾ ਰਿਹਾ ਜਿਸ ਨੇ ਸਿੱਖ ਪੰਥ ਦੀ ਝੋਲੀ ਕਈ ਮਹਾਨ ਸ਼ਖ਼ਸੀਅਤਾਂ ਪਾਈਆਂ। ਇਨ੍ਹਾਂ ਨੇ ਅਗੋਂ ਅਨੇਕਾਂ ਵਿਦਿਆਰਥੀਆਂ ਨੂੰ ਗੁਰਮਤਿ ਦੀ ਰੌਸ਼ਨੀ ਦੇ ਕੇ ਗੁਰੂ ਨਾਨਕ ਦੇ ਗਾਡੀ ਰਾਹ ਦਾ ਪਾਂਧੀ ਬਣਾਇਆ। ਮੌਜੂਦਾ ਸਮੇਂ ਦੌਰਾਨ (2011) ਉਸਾਰੂ ਸੋਚ ਵਾਲੇ ਪ੍ਰਬੰਧਕ ਨਾ ਹੋਣ ਦੀ ਸੂਰਤ ਵਿਚ ਇਹ ਕਾਲਜ ਆਪਣੇ ਮੂਲ ਆਸ਼ੇ ਤੋਂ ਭਟਕ ਚੁਕਿਆ ਹੈ।

ਗੁਰੂ ਨਾਨਕ ਦੇਵ ਮਾਡਰਨ ਸਕੂਲ

ਸਰਦਾਰ ਨਰੈਣ ਸਿੰਘ ਦਾ ਵਿਦਿਅਕ ਖੇਤਰ ਵਿਚਲਾ ਅਗਲੇਰਾ ਕਦਮ 'ਗੁਰੂ ਨਾਨਕ ਦੇਵ ਮਾਡਰਨ ਸਕੂਲ' ਸ਼ੁਰੂ ਕਰਨਾ ਸੀ। ਆਪਣੇ ਜੀਵਨ ਦੇ ਅੰਤਲੇ ਸਾਲਾਂ ਵਿਚ ਸਰਦਾਰ ਨਰੈਣ ਸਿੰਘ ਦੇ ਮਨ ਵਿਚ ਇਕ ਅਜਿਹਾ ਸਕੂਲ ਖੋਲ੍ਹਣ ਦਾ ਫੁਰਨਾ ਹੋਇਆ ਜਿਥੇ ਵਿਦਿਆਰਥੀਆਂ ਨੂੰ ਛੋਟੇ ਹੁੰਦਿਆਂ ਤੋਂ ਹੀ ਗੁਰਮਤਿ ਦੀ ਲਾਗ ਲਗਾਈ ਜਾ ਸਕੇ। ਆਪ ਅਨੁਸਾਰ :

> *ਮੇਰੀ ਇਕ ਇਛਾ ਇਹ ਭੀ ਹੈ ਕਿ ਮੈਂ ਆਪਣੇ ਜੀਉਂਦੇ ਜੀਅ ਆਬਾਦੀ ਬੂਟਾ ਸਿੰਘ ਵਾਲਾ ਲਾਗੇ ਸਵਾ ਤਿੰਨ ਏਕੜ ਜ਼ਰਈ ਜ਼ਮੀਨ ਦਾ ਇਕ ਟ੍ਰਸਟ ਸਥਾਪਤ ਕਰ ਕੇ ਇਸ ਟ੍ਰਸਟ ਵਲੋਂ ਇਕ ਗੁਰਮਤਿ ਸਕੂਲ ਚਾਲੂ ਕਰ ਦੇਵਾਂ, ਜਿਸ ਵਿਚ ਵਿਦਿਆਰਥੀਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸ਼ੁਧ ਪਾਠ ਤੇ ਜਿੰਨਾ ਕੁ ਸੰਭਵ ਹੋਵੇ ਅਰਥ ਬੋਧ ਕਰਾਇਆ ਜਾਇਆ ਕਰੇ। ਥੋੜੀ ਬਹੁਤ ਜਾਣ ਪਛਾਣ ਸਿੱਖ ਇਤਿਹਾਸ ਨਾਲ ਵੀ ਕਰਾਈ ਜਾਵੇ। ਇਹ ਸਕੂਲ ਮੇਰੇ ਜੀਵਨ ਉਪਰੰਤ ਭੀ ਉਸੇ ਟ੍ਰਸਟ ਅਧੀਨ ਚਾਲੂ ਰਹੇ ਅਤੇ ਗੁਰਮਤਿ ਦੀ ਲਾਗ ਲਗਾਉਂਦਾ ਰਹੇ।*[4]

ਸਰਦਾਰ ਨਰੈਣ ਸਿੰਘ ਦੁਆਰਾ ਆਪਣੇ ਫੁਰਨੇ ਨੂੰ ਅਮਲੀ ਰੂਪ ਦਿੰਦੇ ਹੋਏ ਪਿੰਡ ਬੂਟਾ ਸਿੰਘ ਵਾਲਾ, ਸਨੌਰ (ਪਟਿਆਲਾ) ਵਿਖੇ 1982 ਨੂੰ 'ਗੁਰੂ ਨਾਨਕ ਦੇਵ ਮਾਡਰਨ ਸਕੂਲ' ਖੋਲ੍ਹਿਆ ਗਿਆ। ਇਸ ਨੂੰ ਬਾਅਦ ਵਿਚ ਪੰਜਾਬ ਸਕੂਲ ਸਿਖਿਆ ਬੋਰਡ ਤੋਂ ਮਾਨਤਾ ਲੈ ਕੇ ਹਾਈ ਸਕੂਲ ਵਿਚ ਤਬਦੀਲ ਕਰ ਦਿਤਾ ਗਿਆ। ਜਿੰਨਾ ਚਿਰ ਸਰਦਾਰ ਨਰੈਣ ਸਿੰਘ ਜਿਉਂਦੇ ਰਹੇ ਸਕੂਲ ਦਾ ਪ੍ਰਬੰਧ ਵਧੀਆ ਚਲਦਾ ਰਿਹਾ ਪਰੰਤੂ ਇਨ੍ਹਾਂ ਦੇ ਅਕਾਲ ਚਲਾਣਾ ਕਰ ਜਾਣ ਪਿਛੋਂ ਹੌਲੇ-ਹੌਲੇ ਇਸ ਦੀ ਦਸ਼ਾ ਵਿਚ ਨਿਘਾਰ ਆਉਂਦਾ ਗਿਆ। ਕੁਝ ਚਿਰ ਇਸ ਸਕੂਲ ਦੀ ਦੇਖ-ਰੇਖ ਸਰਦਾਰ ਨਰੈਣ ਸਿੰਘ ਦੇ ਪੁਤਰ ਸ. ਜਸਇੰਦਰ ਸਿੰਘ ਨੇ ਕੀਤੀ ਪਰ ਅਜਕਲ੍ਹ (2011) ਇਨ੍ਹਾਂ ਦੀ ਵੀ ਬਜ਼ੁਰਗ ਅਵਸਥਾ ਹੋਣ ਕਾਰਨ ਸਕੂਲ ਦੀ ਸਾਰ ਲੈਣ ਵਾਲਾ ਕੋਈ ਨਹੀਂ।

4. *ਮੇਰਾ ਜੀਵਨ ਪੰਧ ਤੇ ਸਾਹਿਤ ਰੁਚੀ*, ਪੂਰਵ ਅੰਕਤ, ਪੰਨਾ 236.

ਸਕੂਲ ਵਿਚ ਵਿਦਿਆਰਥੀ ਵੀ ਕੁਝ ਗਿਣਤੀ ਦੇ ਹੀ ਹਨ ਅਤੇ ਇਸ ਦੀ ਮਾਲੀ ਹਾਲਤ ਵੀ ਬਹੁਤ ਤਰਸਯੋਗ ਹੈ।

ਹੋਰ ਸਕੂਲ

ਉਪਰੋਕਤ ਸਕੂਲ ਖੋਲ੍ਹਣ ਤੋਂ ਇਲਾਵਾ ਸਰਦਾਰ ਨਰੈਣ ਸਿੰਘ ਨੇ ਨਨਕਾਣਾ ਸਾਹਿਬ ਵਿਖੇ ਸੇਵਾ ਨਿਭਾਉਂਦੇ ਸਮੇਂ ਅਸਿਧੇ ਰੂਪ ਵਿਚ ਕਈ ਹੋਰ ਸਕੂਲ ਖੋਲ੍ਹਣ ਦੇ ਵੀ ਸਫਲ ਜਤਨ ਕੀਤੇ ਜਿਵੇਂ, ਪ੍ਰਾਇਮਰੀ ਸਕੂਲ ਕੋਟ ਸਾਧੂਰਾਮ ਤੇ ਕੋਟ ਦਰਬਾਰ ਸਾਹਿਬ (ਦੋਵੇਂ ਸਕੂਲ ਗੁਰੂ ਨਾਨਕ ਖਾਲਸਾ ਹਾਈ ਸਕੂਲ ਦੀਆਂ ਸ਼ਾਖਾਵਾਂ ਦੇ ਤੌਰ 'ਤੇ ਖੋਲ੍ਹੇ)। ਮੇਰਠ ਲਾਗੇ ਇਕ ਪਿੰਡ (ਨਾਮਾਲੂਮ) ਵਿਚ ਲੜਕੀਆਂ ਦਾ ਸਕੂਲ, ਨੌਰੰਗਪੁਰ ਜ਼ਿਲ੍ਹਾ ਮੁਰਾਦਾਬਾਦ ਵਿਚ ਲੜਕਿਆਂ ਦਾ ਹਾਈ ਸਕੂਲ, ਪਨਿਹਾਲੀ (ਜ਼ਿਲ੍ਹਾ ਬੁਲੰਦ ਸ਼ਹਿਰ) ਵਿਚ ਪ੍ਰਾਇਮਰੀ ਸਕੂਲ ਅਤੇ ਕੁਚੇਸਰ (ਜ਼ਿਲ੍ਹਾ ਮੁਰਾਦਾਬਾਦ) ਵਿਚ ਰਾਣੀ ਰਾਜਬੰਸ ਕੌਰ ਦੇ ਨਾਂ 'ਤੇ ਮਿਡਲ ਸਕੂਲ ਤੋਂ ਇਲਾਵਾ ਨਨਕਾਣਾ ਸਾਹਿਬ ਦੇ ਕਈ ਸਥਾਨਕ ਸਕੂਲ ਵੀ ਬਣਵਾਏ।

ਇਨ੍ਹਾਂ ਸਕੂਲਾਂ ਤੋਂ ਇਲਾਵਾ ਸਰਦਾਰ ਨਰੈਣ ਸਿੰਘ ਨੇ ਨਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਯਾਦ ਵਿਚ 'ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਅੰਮ੍ਰਿਤਸਰ' ਬਣਵਾਉਣ ਵਿਚ ਵੀ ਅਹਿਮ ਯੋਗਦਾਨ ਪਾਇਆ। ਇਹ ਕਾਲਜ ਗੁਰਦੁਆਰਾ ਨਨਕਾਣਾ ਸਾਹਿਬ ਕਮੇਟੀ ਅਧੀਨ ਚਲਦਾ ਰਿਹਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਨ ਤੋਂ ਬਾਅਦ ਇਸ ਦਾ ਪ੍ਰਬੰਧ ਵਰਤਮਾਨ ਸਮੇਂ (2011) ਤਕ ਇਸੇ ਅਧੀਨ ਹੈ। ਇਸ ਕਾਲਜ ਨੇ ਵੀ ਅਨੇਕਾਂ ਵਿਦਵਾਨ ਪ੍ਰਚਾਰਕ ਸਿੱਖ ਪੰਥ ਦੀ ਝੋਲੀ ਪਾਏ ਹਨ।

ਅਜ ਵੀ ਇਹ ਕਾਲਜ ਨੌਜਵਾਨਾਂ ਨੂੰ ਗੁਰਮਤਿ ਦੀ ਸਿਖਿਆ ਦੇ ਕੇ ਉਨ੍ਹਾਂ ਨੂੰ ਅਗੋਂ ਸਿੱਖ ਪੰਥ ਦੀ ਸੇਵਾ ਕਰਨ ਦੇ ਯੋਗ ਬਣਾ ਰਿਹਾ ਹੈ।

ਸਮਾਜਿਕ ਖੇਤਰ

ਸਰਦਾਰ ਨਰੈਣ ਸਿੰਘ ਨੇ ਜਿਥੇ ਵਿਦਿਅਕ ਖੇਤਰ ਵਿਚ ਅਹਿਮ ਭੂਮਿਕਾ ਨਿਭਾਈ ਉਥੇ ਸਮਾਜਿਕ ਖੇਤਰ ਵਿਚ ਵੀ ਉਨ੍ਹਾਂ ਦੀ ਦੇਣ ਕਿਤੇ ਘਟ ਨਹੀਂ। ਇਸ ਖੇਤਰ ਵਿਚਲਾ ਆਪ ਦਾ ਸਭ ਤੋਂ ਵਧ ਮਹਤਵਪੂਰਨ ਤੇ ਸਾਰਥਕ ਕੰਮ ਕਥਿਤ ਅਛੂਤ ਜਾਤਾਂ/ਪਛੜੀਆਂ ਸ਼੍ਰੇਣੀਆਂ ਨਾਲ ਸੰਬੰਧਿਤ ਲੋਕਾਂ ਦਾ ਜੀਵਨ ਪਧਰ ਉਚਾ ਚੁਕਣ ਵਿਚ ਯਥਾ-ਸੰਭਵ ਮਦਦ ਕਰਨਾ ਸੀ। ਸਰਦਾਰ ਨਰੈਣ ਸਿੰਘ ਨੂੰ ਸਮੁਚੇ ਜੀਵਨ ਦੌਰਾਨ ਜਦੋਂ ਕਦੇ ਵੀ ਅਜਿਹਾ ਮੌਕਾ ਮਿਲਿਆ ਉਨ੍ਹਾਂ ਨੇ ਕਥਿਤ ਨੀਵੇਂ ਲੋਕਾਂ ਦੀ ਹਰ ਸੰਭਵ ਮਦਦ ਕੀਤੀ।

ਅਸਲ ਵਿਚ ਸਰਦਾਰ ਨਰੈਣ ਸਿੰਘ ਦਾ ਪਛੜੀਆਂ ਸ਼੍ਰੇਣੀਆਂ ਨਾਲ ਸੰਬੰਧਿਤ ਲੋਕਾਂ ਪ੍ਰਤੀ ਝੁਕਾਅ ਵਿਦਿਆਰਥੀ ਜੀਵਨ ਦੌਰਾਨ ਹੋਇਆ। ਉਸ ਸਮੇਂ ਵਾਪਰੀ ਇਕ ਘਟਨਾ ਨੇ ਆਪ ਦੇ ਮਨ 'ਤੇ ਡੂੰਘਾ ਪ੍ਰਭਾਵ ਪਾਇਆ। ਇਹ ਘਟਨਾ ਇਸ ਪ੍ਰਕਾਰ ਸੀ :

ਸਰਦਾਰ ਨਰੈਣ ਸਿੰਘ ਦੇ ਵਿਦਿਆਰਥੀ ਜੀਵਨ ਸਮੇਂ ਸਿੰਘ ਸਭਾ ਲਹਿਰ ਦੇ ਪ੍ਰਚਾਰ ਸਦਕਾ ਦਲਿਤ ਵਰਗ/ਪਛੜੀਆਂ ਸ਼੍ਰੇਣੀਆਂ ਨੂੰ ਅੰਮ੍ਰਿਤ ਛਕਾ ਕੇ ਸਮਾਜਿਕ ਬਰਾਬਰਤਾ ਦਿਤੀ ਜਾਣ ਲਗੀ। ਇਸੇ ਮੰਤਵ ਹਿਤ ਉਨ੍ਹਾਂ ਦਿਨਾਂ ਵਿਚ ਜਲ੍ਹਿਆਂ ਵਾਲਾ ਬਾਗ, ਅੰਮ੍ਰਿਤਸਰ [5] ਵਿਖੇ ਰਖੇ ਇਕ ਧਾਰਮਿਕ ਸਮਾਗਮ ਵਿਚ ਬਹੁਤ ਸਾਰੇ ਰਵਿਦਾਸੀਆਂ ਨੂੰ ਅੰਮ੍ਰਿਤ ਛਕਾਇਆ ਗਿਆ। ਨਵੇਂ ਸਜੇ ਸਿੰਘ ਸ੍ਰੀ ਗੁਰੂ ਰਾਮ ਦਾਸ ਜੀ ਦੇ ਦਰ 'ਤੇ ਨਤਮਸਤਕ ਹੋਣ ਲਈ ਦਰਬਾਰ ਸਾਹਿਬ ਵਿਖੇ ਦੇਗ (ਪ੍ਰਸ਼ਾਦ) ਲੈ ਕੇ ਗਏ। ਉਸ ਸਮੇਂ ਸਮਾਗਮ ਕਰਵਾਉਣ ਵਾਲੇ ਸਜਣਾਂ ਦੀ ਬੇਨਤੀ 'ਤੇ ਖਾਲਸਾ ਕਾਲਜ ਦੇ ਲੈਕਚਰਾਰ ਬਾਵਾ ਹਰਕ੍ਰਿਸ਼ਨ ਸਿੰਘ ਤੇ ਉਨ੍ਹਾਂ ਦੇ ਕੁਝ ਵਿਦਿਆਰਥੀ, ਜਿਨ੍ਹਾਂ ਵਿਚ ਸਰਦਾਰ ਨਰੈਣ ਸਿੰਘ ਵੀ ਸ਼ਾਮਿਲ ਸਨ, ਵੀ ਉਨ੍ਹਾਂ ਸਿੰਘਾਂ ਨਾਲ ਸ੍ਰੀ ਦਰਬਾਰ ਸਾਹਿਬ ਗਏ। ਇਸ ਪਿਛੇ ਕਾਰਨ ਇਹ ਸੀ ਕਿ ਅਛੂਤ ਜਾਤੀਆਂ 'ਚੋਂ ਸਜੇ ਸਿੰਘਾਂ ਵਲੋਂ ਭੇਟਾ ਕੀਤਾ ਪ੍ਰਸ਼ਾਦ ਦਰਬਾਰ ਸਾਹਿਬ ਦੇ ਪੁਜਾਰੀ ਪ੍ਰਵਾਨ ਨਹੀਂ ਸਨ ਕਰਦੇ। ਇਸ ਲਈ ਇਹ ਸਾਰੇ ਸਜਣ ਪੁਜਾਰੀਆਂ ਨੂੰ ਗੁਰਮਤਿ ਦੀ ਰੌਸ਼ਨੀ ਦੇਣ ਗਏ ਸਨ ਪਰੰਤੂ ਪੁਜਾਰੀਆਂ ਨੇ ਆਪਣੀ ਰਵਾਇਤ ਅਨੁਸਾਰ ਪ੍ਰਸ਼ਾਦ ਪ੍ਰਵਾਨ ਕਰਨ ਤੋਂ ਇਨਕਾਰ ਕਰ ਦਿਤਾ। ਕੁਝ ਸਮਾਂ ਵਿਚਾਰ-ਚਰਚਾ ਕਰਨ ਉਪਰੰਤ ਜਦੋਂ ਪੁਜਾਰੀ ਨਾ ਮੰਨੇ ਤਾਂ ਪੁਜਾਰੀਆਂ ਤੇ ਸੰਗਤ ਦੀ ਸਹਿਮਤੀ ਨਾਲ ਹੋਏ ਫੈਸਲੇ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਨਮੁਖ ਅਰਦਾਸ ਕਰਕੇ ਇਹ ਮੁਖਵਾਕ ਲਿਆ ਗਿਆ :

ਸੋਰਠਿ ਮ : ੩

ਨਿਗੁਣਿਆ ਨੋ ਆਪੇ ਬਖਸਿ ਲਏ ਭਾਈ ਸਤਿਗੁਰ ਕੀ ਸੇਵਾ ਲਾਇ॥
ਸਤਿਗੁਰ ਕੀ ਸੇਵਾ ਊਤਮ ਹੈ ਭਾਈ ਰਾਮ ਨਾਮਿ ਚਿਤੁ ਲਾਇ॥੧॥
ਹਰਿ ਜੀਉ ਆਪੇ ਬਖਸਿ ਮਿਲਾਇ ਗੁਣਹੀਣ ਹਮ ਅਪਰਾਧੀ ਭਾਈ
ਪੂਰੈ ਸਤਿਗੁਰਿ ਲਏ ਰਲਾਇ॥ ਰਹਾਉ॥
ਕਉਣ ਕਉਣ ਅਪਰਾਧੀ ਬਖਸਿਅਨੁ ਪਿਆਰੇ ਸਾਚੈ ਸਬਦਿ ਵੀਚਾਰਿ॥
ਭਉਜਲ ਪਾਰਿ ਉਤਾਰਿਅਨੁ ਭਾਈ ਸਤਿਗੁਰ ਬੇੜੈ ਚਾੜਿ॥ ੨॥
ਮਨੂਰੈ ਤੇ ਕੰਚਨ ਭਏ ਭਾਈ ਗੁਰੁ ਪਾਰਸੁ ਮੇਲਿ ਮਿਲਾਇ॥
ਆਪੁ ਛੋਡਿ ਨਾਉ ਮਨਿ ਵਸਿਆ ਭਾਈ ਜੋਤੀ ਜੋਤਿ ਮਿਲਾਇ॥ ੩॥
ਹਉ ਵਾਰੀ ਹਉ ਵਾਰਣੈ ਭਾਈ ਸਤਿਗੁਰ ਕਉ ਸਦ ਬਲਿਹਾਰੈ ਜਾਉ॥
ਨਾਮੁ ਨਿਧਾਨੁ ਜਿਨਿ ਦਿਤਾ ਭਾਈ ਗੁਰਮਤਿ ਸਹਜਿ ਸਮਾਉ॥ ੪॥
ਗੁਰ ਬਿਨੁ ਸਹਜੁ ਨ ਊਪਜੈ ਭਾਈ ਪੂਛਹੁ ਗਿਆਨੀਆ ਜਾਇ॥
ਸਤਿਗੁਰ ਕੀ ਸੇਵਾ ਸਦਾ ਕਰਿ ਭਾਈ ਵਿਚਹੁ ਆਪੁ ਗਵਾਇ॥ ੫॥
ਗੁਰਮਤੀ ਭਉ ਊਪਜੈ ਭਾਈ ਭਉ ਕਰਣੀ ਸਚੁ ਸਾਰੁ॥
ਪ੍ਰੇਮ ਪਦਾਰਥੁ ਪਾਈਐ ਭਾਈ ਸਚੁ ਨਾਮੁ ਆਧਾਰੁ॥੬॥

5. ਇਹ ਸਮਾਗਮ 10 ਤੋਂ 12 ਅਕਤੂਬਰ, 1920 ਨੂੰ ਹੋਇਆ ਸੀ। ਇਥੇ ਵਾਪਰੀ ਇਹ ਘਟਨਾ ਵੀ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਦੇ ਆਗਾਜ਼ ਦਾ ਇਕ ਕਾਰਨ ਬਣੀ। ਵੇਖੋ : *ਮੇਰਾ ਜੀਵਨ ਪੰਧ ਤੇ ਸਾਹਿਤ ਰੁਚੀ*, ਪੂਰਵ ਅੰਕਤ, ਪੰਨਾ 19.

ਜੇ ਸਤਿਗੁਰ ਸੇਵਹਿ ਆਪਨਾ ਭਾਈ ਤਿਨ ਕੈ ਹਉ ਲਾਗਉ ਪਾਇ॥
ਜਨਮੁ ਸਵਾਰੀ ਆਪਣਾ ਭਾਈ ਕੁਲੁ ਭੀ ਲਈ ਬਖਸਾਇ॥੭॥
ਸਚੁ ਬਾਣੀ ਸਚੁ ਸਬਦੁ ਹੈ ਭਾਈ ਗੁਰ ਕਿਰਪਾ ਤੇ ਹੋਇ॥
ਨਾਨਕ ਨਾਮੁ ਹਰਿ ਮਨਿ ਵਸੈ ਭਾਈ ਤਿਸੁ ਬਿਘਨੁ ਨ ਲਾਗੈ ਕੋਇ॥੮॥[6]

ਗੁਰੂ ਸਾਹਿਬ ਨੇ ਐਸਾ ਇਲਾਹੀ ਹੁਕਮ ਬਖਸ਼ਿਆ ਕਿ ਕਿਸੇ ਦੇ ਮਨ ਵਿਚ ਕੋਈ ਸ਼ੰਕਾ ਨਾ ਰਿਹਾ। ਉਪਰੰਤ ਪੁਜਾਰੀਆਂ ਨੇ ਆਪ ਅਦਰਾਸ ਕੀਤੀ ਤੇ ਸੰਗਤ ਵਿਚ ਪ੍ਰਸ਼ਾਦ ਵਰਤਾਇਆ। ਇਸ ਘਟਨਾ ਨੇ ਸਰਦਾਰ ਨਰੈਣ ਸਿੰਘ ਦੇ ਜੀਵਨ 'ਤੇ ਅਮਿਟ ਛਾਪ ਛਡੀ ਜਿਸ ਸਦਕਾ ਉਨ੍ਹਾਂ ਨੇ ਪਛੜੀਆਂ ਸ਼੍ਰੇਣੀਆਂ ਦੇ ਲੋਕਾਂ ਦੀ ਭਲਾਈ ਹਿਤ ਕੰਮ ਕਰਨੇ ਸ਼ੁਰੂ ਕਰ ਦਿਤੇ। ਬਾਣੀ ਦੀਆਂ ਇਨ੍ਹਾਂ ਪਾਵਨ ਸਤਰਾਂ :

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚ॥
ਨਾਨਕ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥[7]

ਦਾ ਆਪ ਦੇ ਮਨ 'ਤੇ ਬਹੁਤ ਡੂੰਘਾ ਪ੍ਰਭਾਵ ਸੀ। ਸਰਦਾਰ ਨਰੈਣ ਸਿੰਘ ਦਾ ਦਲਿਤਾਂ ਪ੍ਰਤੀ ਝੁਕਾਅ ਜਜ਼ਬਾਤੀ ਹਦ ਤਕ ਸੀ, ਜਿਵੇਂ :

> *ਮੇਰਾ ਦ੍ਰਿੜ ਵਿਸ਼ਵਾਸ ਹੈ ਕਿ ਸਰਬ ਸਾਂਝੀਵਾਲਤਾ ਅਤੇ ਕਹੇ ਜਾਂਦੇ ਨੀਚ ਤੋਂ ਨੀਚ ਮਨੁੱਖਾਂ ਨਾਲ ਪਿਆਰ ਤੇ ਮਿਲਵਰਤਨ ਦੀ ਜੋ ਸਿਖਿਆ ਗੁਰੂ ਘਰ ਵਿਚ ਅਤੇ ਗੁਰਬਾਣੀ ਅੰਦਰ ਮਿਲਦੀ ਹੈ, ਇਹ ਸੰਸਾਰ ਭਰ ਦੇ ਧਰਮਾਂ ਅੰਦਰ ਹੋਰ ਕਿਧਰੇ ਨਹੀਂ, ਪ੍ਰੰਤੂ ਅਫਸੋਸ ਹੈ ਕਿ ਅਸੀਂ ਇਸ ਪਾਵਨ ਗੁਰੂ ਉਪਦੇਸ਼ ਨੂੰ ਸਰਬ ਲੋਕ ਪ੍ਰਿਆ ਨਹੀਂ ਬਣਾਇਆ।*[8]

ਸਰਦਾਰ ਨਰੈਣ ਸਿੰਘ ਨੇ ਸਹੀ ਅਰਥਾਂ ਵਿਚ ਗੁਰੂ ਸਾਹਿਬ ਦਾ ਉਪਦੇਸ਼ ਦ੍ਰਿੜ ਕਰਵਾਉਣ ਲਈ ਨਾ ਕੇਵਲ ਆਪ ਇਨ੍ਹਾਂ ਕਥਿਤ ਨੀਚਾਂ ਵਿਚ ਬੈਠ ਕੇ ਪ੍ਰਸ਼ਾਦਾ ਛਕਿਆ ਸਗੋਂ ਪੈਪਸੂ ਕਾਲ ਸਮੇਂ ਧਨੌਲਾ (ਜਿਲ੍ਹਾ ਸੰਗਰੂਰ) ਵਿਖੇ ਅਜਿਹੇ ਹੀ ਇਕ ਸਮਾਗਮ ਦੌਰਾਨ ਵਰਤਾਏ ਗਏ ਲੰਗਰ ਵਿਚ ਸਮੇਂ ਦੇ ਮੁਖ ਮੰਤਰੀ ਸ੍ਰੀ ਬ੍ਰਿਜ ਭਾਨ ਨੇ ਵੀ ਸਰਦਾਰ ਨਰੈਣ ਸਿੰਘ ਦੀ ਬੇਨਤੀ 'ਤੇ ਪੰਗਤ ਵਿਚ ਬੈਠ ਕੇ ਲੰਗਰ ਛਕਿਆ।

ਦਲਿਤਾਂ ਨੂੰ ਸਮਾਜਿਕ ਬਰਾਬਰਤਾ ਦੇਣ ਦੇ ਨਾਲ-ਨਾਲ ਉਨ੍ਹਾਂ ਦੀ ਆਰਥਿਕ ਖੁਸ਼ਹਾਲੀ ਲਈ ਵੀ ਆਪ ਨੇ ਅਣਥਕ ਜਤਨ ਕੀਤੇ ਜਿਵੇਂ, ਇਨ੍ਹਾਂ ਦੇ ਬੱਚਿਆਂ ਨੂੰ ਉਦਯੋਗਿਕ ਧੰਦਿਆਂ- ਜੁਰਾਬ/ਸਵੈਟਰ ਬੁਨਣਾ, ਕਪੜੇ ਦੀ ਸਿਲਾਈ ਅਤੇ ਲਕੜ ਦੀਆਂ ਚੀਜ਼ਾਂ ਬਣਾਉਣ ਆਦਿ ਦੀ ਸਿਖਲਾਈ ਦਿਵਾਉਣੀ।

---

6. ਸ੍ਰੀ ਗੁਰੂ ਗ੍ਰੰਥ ਸਾਹਿਬ, ੬੩੯ ; ਪ੍ਰਸ਼ਾਦ ਨਾ ਪ੍ਰਵਾਨ ਕਰਨ ਵਾਲੀ ਵਾਰਤਾ ਦਾ ਹਵਾਲਾ : *ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ*, ਪੂਰਵ ਅੰਕਤ, ਪੰਨੇ 13-4 ; ਹੋਰ ਵੇਖੋ : ਸੁਰਜੀਤ ਸਿੰਘ, *ਕਰਣੀ ਵਾਲੇ*, ਲਾਹੌਰ ਬੁੱਕ ਸ਼ਾਪ, ਲੁਧਿਆਣਾ, 2001, ਪੰਨੇ 154-55.
7. ਸ੍ਰੀ ਗੁਰੂ ਗ੍ਰੰਥ ਸਾਹਿਬ, ੧੫.
8. *ਮੇਰਾ ਜੀਵਨ ਪੰਧ ਤੇ ਸਾਹਿਤ ਰੁਚੀ*, ਪੂਰਵ ਅੰਕਤ, ਪੰਨਾ 178.

ਸਰਦਾਰ ਨਰੈਣ ਸਿੰਘ ਨੇ ਪਛੜੀਆਂ ਸ਼੍ਰੇਣੀਆਂ ਨਾਲ ਸੰਬੰਧਿਤ ਲੋਕਾਂ ਦੀ ਮਾਲੀ ਦਸ਼ਾ ਕਮਜ਼ੋਰ ਹੋਣ ਕਾਰਨ, ਇਨ੍ਹਾਂ ਦੇ ਬੱਚਿਆਂ ਨੂੰ ਮਾਸਿਕ ਵਜੀਫੇ ਦੇ ਕੇ ਬਿਨਾ ਫੀਸ ਸਕੂਲਾਂ ਵਿਚ ਦਾਖਲ ਹੋਣ ਲਈ ਪ੍ਰੇਰਿਆ। ਗਰੀਬੀ ਹੀ ਆਮ ਕਰਕੇ ਇਨ੍ਹਾਂ ਲੋਕਾਂ ਅੰਦਰ ਅਣਪੜ੍ਹਤਾ ਹੋਣ ਦਾ ਇਕ ਮੁਖ ਕਾਰਨ ਸੀ। ਇਨ੍ਹਾਂ ਲੋਕਾਂ ਲਈ ਪੀਣ ਵਾਲੇ ਪਾਣੀ ਦਾ ਪ੍ਰਬੰਧ ਵੀ ਕੀਤਾ ਗਿਆ, ਕਿਉਂਕਿ ਉਸ ਸਮੇਂ ਪਿੰਡਾਂ ਵਿਚ ਬ੍ਰਾਹਮਣੀ ਪ੍ਰਭਾਵ ਹੇਠ ਛੂਤ-ਛਾਤ ਪ੍ਰਚਲਤ ਹੋਣ ਕਾਰਨ ਅਛੂਤ ਜਾਤੀ ਲੋਕਾਂ ਨੂੰ ਸਵਰਨ ਖੂਹਾਂ ਦੇ ਲਾਗੇ ਵੀ ਨਹੀਂ ਸੀ ਆਉਣ ਦਿਤਾ ਜਾਂਦਾ। ਇਸ ਪਖੋਂ ਮਹਿੰਦਰਗੜ੍ਹ, ਨਰਵਾਣਾ, ਜੀਂਦ ਅਤੇ ਨਾਲਾਗੜ੍ਹ ਆਦਿ ਜਿਲ੍ਹਿਆਂ ਦੇ ਪਿੰਡਾਂ-ਕਸਬਿਆਂ ਵਿਚ ਰਹਿੰਦੇ ਅਛੂਤਾਂ ਦੀ ਹਾਲਤ ਬਹੁਤ ਤਰਸਯੋਗ ਸੀ। ਇਨ੍ਹਾਂ ਇਲਾਕਿਆਂ ਵਿਚ ਆਪ ਨੇ ਕਈ ਥਾਵਾਂ 'ਤੇ ਨਵੇਂ ਖੂਹ ਲਗਵਾਉਣ ਦਾ ਉਪਰਾਲਾ ਕੀਤਾ।

ਸਰਦਾਰ ਨਰੈਣ ਸਿੰਘ ਅਮਲੀ ਜੀਵਨ ਦੇ ਧਾਰਨੀ ਹੋਣ ਕਾਰਨ ਜਾਤ-ਪਾਤ ਤੇ ਛੂਤ-ਛਾਤ ਵਿਚ ਵਿਸ਼ਵਾਸ਼ ਨਹੀਂ ਰਖਦੇ ਸਨ। ਛੂਤ-ਛਾਤ ਦੂਰ ਕਰਨ ਸੰਬੰਧੀ ਉਹ ਲਿਖਦੇ ਹਨ :

> *ਛੂਤ ਛਾਤ ਦੂਰ ਕਰਨ ਦੇ ਸੰਬੰਧ ਵਿਚ ਮੈਂ ਕੇਵਲ ਸਰਕਾਰੀ ਤੌਰ ਹੀ ਇਹ ਆਪਣਾ ਫਰਜ਼ ਨਹੀਂ ਸਮਝਦਾ ਸਾਂ, ਬਲਕਿ ਮੇਰੇ ਉਪਰ ਇਸ ਪਰਥਾਏ ਸਿੱਖੀ ਪ੍ਰਭਾਵ ਭੀ ਬਹੁਤ ਸੀ।* [9]

ਸਰਦਾਰ ਨਰੈਣ ਸਿੰਘ ਨੇ ਇਨ੍ਹਾਂ ਲੋਕਾਂ ਦੇ ਰਹਿਣ ਲਈ ਘਰ ਬਣਵਾਉਣ ਦੇ ਨਾਲ-ਨਾਲ ਵਿਸ਼ੇਸ਼ ਆਬਾਦੀਆਂ ਬਣਾਉਣ ਦਾ ਪ੍ਰਬੰਧ ਵੀ ਕੀਤਾ ਜਿਨ੍ਹਾਂ ਵਿਚ ਫਗਵਾੜਾ ਅਤੇ ਸਨੌਰ (ਜ਼ਿਲ੍ਹਾ ਪਟਿਆਲਾ) ਦੇ ਨਾਮ ਵਰਨਣਯੋਗ ਹਨ।

ਇਸ ਤੋਂ ਇਲਾਵਾ ਸਰਦਾਰ ਨਰੈਣ ਸਿੰਘ ਸਮੇਂ-ਸਮੇਂ 'ਤੇ ਅਛੂਤਾਂ ਦੇ ਸਰਬ ਪਖੀ ਵਿਕਾਸ ਲਈ ਸਰਕਾਰ ਵਲੋਂ ਚਲਾਈਆਂ ਜਾਂਦੀਆਂ ਸਕੀਮਾਂ ਬਾਰੇ ਲੋਕਾਂ ਨੂੰ ਜਾਣੂੰ ਵੀ ਕਰਵਾਉਂਦੇ ਰਹਿੰਦੇ ਸਨ। ਇਸ ਮੰਤਵ ਲਈ ਆਪ ਨੇ ਹਰੇਕ ਜਿਲ੍ਹੇ ਤੇ ਤਹਿਸੀਲ ਵਿਚ ਜਾ ਕੇ ਜਲਸੇ ਵੀ ਕੀਤੇ। ਆਪਣੇ ਦਫ਼ਤਰ ਦੇ ਸਹਿਯੋਗ ਨਾਲ ਸਰਦਾਰ ਨਰੈਣ ਸਿੰਘ ਕਈ ਮੇਲਿਆਂ ਸਮੇਂ ਵਿਭਾਗੀ ਵਿਸ਼ੇਸ਼ ਕੈਂਪ ਲਗਾ ਕੇ ਲੋਕਾਂ ਨੂੰ ਸਰਕਾਰ ਵਲੋਂ ਸ਼ੁਰੂ ਕੀਤੀਆਂ ਵਖ-ਵਖ ਸਕੀਮਾਂ ਦਾ ਲਾਭ ਲੈਣ ਹਿਤ ਉਤਸ਼ਾਹਿਤ ਕਰਦੇ ਰਹਿੰਦੇ ਸਨ।

ਅਛੂਤਾਂ ਦਾ ਜੀਵਨ ਪਧਰ ਪਕੇ ਤੌਰ 'ਤੇ ਉਚਾ ਚੁਕਣ ਲਈ ਸਰਦਾਰ ਨਰੈਣ ਸਿੰਘ ਭਾਰਤੀ ਸਮਾਜ ਦੇ ਨਾਲ-ਨਾਲ ਹਿੰਦੂ ਸਰਕਾਰ ਨੂੰ ਵਿਵਹਾਰਿਕ ਰੂਪ ਵਿਚ ਅਛੂਤਾਂ ਨਾਲ ਕੀਤੇ ਜਾਂਦੇ ਵਿਤਕਰੇ ਖ਼ਤਮ ਕਰਨ ਬਾਬਤ ਕਹਿੰਦੇ ਹਨ :

> *ਹੁਣ ਵੀ ਅਗਰ ਭਾਰਤ ਦਾ ਹਿੰਦੂ ਅਤੇ ਇਨ੍ਹਾਂ ਦੀ ਸਰਕਾਰ ਅਛੂਤਾਂ ਨਾਲ ਹੁੰਦਾ ਭਿੰਨ ਭੇਦ ਸਚ ਮੁਚ ਹੀ ਖਤਮ ਕਰਨਾ*

---

9. *ਮੇਰਾ ਜੀਵਨ ਪੰਧ ਤੇ ਸਾਹਿਤ ਰੁਚੀ, ਪੂਰਵ ਅੰਕਤ*, 179.

> *ਚਾਹੁੰਦੇ ਹਨ ਤਾਂ ਉਸ ਦਾ ਸਾਧਨ ਥਾਂ ਪਰ ਥਾਂ ਸਾਂਝੇ ਲੰਗਰ ਚਾਲੂ ਕਰਨੇ, ਰੋਟੀ ਬੇਟੀ ਦੀ ਸਾਂਝ ਵਿਚ ਖੁਲ ਵਰਤਨੀ ਅਤੇ ਇਨ੍ਹਾਂ ਦੀਆਂ ਵਖਰੀਆਂ ਮਾਜਰੀਆਂ, ਮਹੱਲੇ ਤੋੜ ਕੇ ਇਨ੍ਹਾਂ ਨੂੰ ਹੋਰ ਲੋਕਾਂ ਨਾਲ ਸਾਂਝੇ ਮਹੱਲਿਆਂ ਵਿਚ ਆਬਾਦ ਕਰਨਾ ਹੈ। ਇਸ ਤੋਂ ਇਲਾਵਾ ਵਖਰੇ ਵਖਰੇ ਧਰਮ ਮੰਦਰਾਂ, ਯਥਾ ਰਵਿਦਾਸ ਮੰਦਰ, ਬਾਲਮੀਕੀ ਮੰਦਰ ਦੀ ਥਾਵੇਂ ਸਰਬ ਸਾਂਝੇ ਮੰਦਰ, ਸਾਂਝੀਆਂ ਚਪਾਲਾਂ ਤੇ ਸਾਂਝੇ ਜੰਞ ਘਰ ਆਦਿ ਬਣਾ ਕੇ ਸਮੂਹ ਜਾਤੀਆਂ ਦੇ ਲੋਕਾਂ ਨੂੰ ਇਕੋ ਥਾਂ ਵਸਣ ਤੇ ਇਕੋ ਸੰਗਤ ਪੰਗਤ ਵਿਚ ਬੈਠਣ ਦੇ ਰਾਹੇ ਪਾਉਣਾ ਹੈ। ਇਸ ਤੋਂ ਬਿਨਾਂ ਨਿਰੀ ਆਰਥਕ ਉਨਤੀ, ਜਿਸ ਦੇ ਹੋਣ 'ਤੇ ਵੀ ਸ਼ਾਇਦ ਸਦੀਆਂ ਲਗ ਜਾਣ, ਇਨ੍ਹਾਂ ਦੀ ਭਿਟ ਨੂੰ ਦੂਰ ਨਹੀਂ ਕਰ ਸਕਦੀ।*[10]

ਸਰਦਾਰ ਨਰੈਣ ਸਿੰਘ ਨੇ ਪਛੜੀਆਂ ਸ਼੍ਰੇਣੀਆਂ ਦੀ ਭਲਾਈ ਹਿਤ ਮਿਲੇ ਕਾਰਜਾਂ ਨੂੰ ਵਾਹਿਗੁਰੂ ਦੀ ਨਦਰਿ ਦਾ ਪਾਤਰ ਬਣਨ ਦੀ ਇਕ ਵਿਸ਼ੇਸ਼ ਬਖਸ਼ਿਸ਼ ਵਜੋਂ ਲਿਆ :

> *ਮੈਂ ਸਮਝਦਾ ਹਾਂ ਕਿ ਬਿਧਾਤੇ ਵਲੋਂ ਮੈਨੂੰ ਪਛੜੀਆਂ ਸ਼੍ਰੇਣੀਆਂ ਤੇ ਅਛੂਤ ਜਾਤੀਆਂ ਦੀ ਭਲਾਈ ਦਾ ਕਾਰਜ ਸੌਂਪਨ ਦੀ ਵੀ ਇਕ ਵਿਸ਼ੇਸ਼ ਬਖਸ਼ਿਸ਼ ਸੀ ਅਤੇ ਮੈਨੂੰ ਮੌਕਾ ਦਿੱਤਾ ਗਿਆ ਸੀ ਕਿ ਮੈਂ 'ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ' ਦਾ ਪਾਤਰ ਬਣ ਸਕਾਂ।*[11]

ਸਰਦਾਰ ਨਰੈਣ ਸਿੰਘ ਨੇ ਸ੍ਰੀ ਨਨਕਾਣਾ ਸਾਹਿਬ ਦੇ ਸਾਕੇ ਵਿਚ ਸ਼ਹੀਦ ਹੋਣ ਵਾਲੇ ਸਿੰਘਾਂ ਦੇ ਪਰਿਵਾਰਾਂ ਨੂੰ ਹਰੇਕ ਮਹੀਨੇ ਸ਼ਹੀਦੀ ਫੰਡ 'ਚੋਂ ਪੈਨਸ਼ਨ ਵਜੋਂ ਕੁਝ ਰਕਮ ਦਿਵਾਉਣ ਦੀ ਵੀ ਸੇਵਾ ਕੀਤੀ। ਇਥੇ ਹੀ ਬਸ ਨਹੀਂ ਜਿਨ੍ਹਾਂ ਸਿੰਘਾਂ ਦੇ ਨਾਂ ਕੋਈ ਕਰਜ਼ੇ ਸਨ, ਆਪ ਨੇ ਉਨ੍ਹਾਂ ਦੀ ਅਦਾਇਗੀ ਵੀ ਕਰਵਾਈ।

ਸਰਦਾਰ ਨਰੈਣ ਸਿੰਘ ਨੇ ਪੈਪਸੂ ਸਰਕਾਰ ਅਧੀਨ ਪਛੜੀਆਂ ਸ਼੍ਰੇਣੀਆਂ ਦੀ ਭਲਾਈ ਹਿਤ ਅਫ਼ਸਰ ਲੱਗਣ ਤੋਂ ਬਾਅਦ ਕਈ ਅਜਿਹੇ ਕੰਮ ਕੀਤੇ ਜਿਨ੍ਹਾਂ ਸਦਕਾ ਆਪ ਦੀ ਕੇਂਦਰ ਸਰਕਾਰ ਅਧੀਨ ਹਰੀਜਨਾਂ ਦੀ ਤਰੱਕੀ ਲਈ ਬਣੇ ਮੰਤਰਾਲੇ ਵਲੋਂ 'ਬੈਕਵਰਡ ਕਲਾਸਿਜ਼ ਕਮਿਸ਼ਨ' (Backward Classes Commission) ਦੁਆਰਾ ਪ੍ਰਸੰਸਾ ਵੀ ਕੀਤੀ ਗਈ।

ਧਾਰਮਿਕ ਖੇਤਰ

ਸਰਦਾਰ ਨਰੈਣ ਸਿੰਘ ਦੀ ਧਾਰਮਿਕ ਖੇਤਰ ਵਿਚ ਵਡਮੁਲੀ ਦੇਣ ਹੈ। ਉਨ੍ਹਾਂ

---

10. *ਮੇਰਾ ਜੀਵਨ ਪੰਧ ਤੇ ਸਾਹਿਤ ਰੁਚੀ*, ਪੂਰਵ ਅੰਕਤ, 182.
11. *ਉਹੀ*, ਪੰਨਾ 178.

ਨੇ ਲੋਕਾਂ ਨੂੰ ਗੁਰਬਾਣੀ ਸਿਧਾਂਤਾਂ ਨੂੰ ਅਮਲ ਵਿਚ ਲਿਆਉਣ ਦੀ ਪ੍ਰੇਰਨਾ ਦੇਣ ਲਈ ਅਨੇਕਾਂ ਟ੍ਰੈਕਟ ਲਿਖ/ਛਪਵਾ ਕੇ ਵੰਡੇ। ਮਿਸਾਲ ਵਜੋਂ ਪਿਛੇ ਦਸੇ ਅਨੁਸਾਰ, ਆਪ ਨੇ ਅਛੂਤ ਜਾਤੀਆਂ ਨੂੰ ਸਿੱਖੀ ਸਿਧਾਂਤਾਂ ਬਾਰੇ ਦਸਣ ਲਈ ਪੂਨੇ ਵਿਖੇ ਲੰਗਰ ਲਗਾਉਣ ਦੇ ਨਾਲ-ਨਾਲ ਗੁਰਮਤਿ ਸਿਧਾਂਤਾਂ ਬਾਰੇ ਲਿਖੇ ਕੁਝ ਟ੍ਰੈਕਟ ਵੀ ਛਪਵਾ ਕੇ ਵੰਡੇ। ਬੇਸ਼ਕ ਇਸ ਪ੍ਰਚਾਰ ਦਾ ਮਾਧਿਅਮ ਲਿਖਤੀ ਹੀ ਰਿਹਾ, ਪਰੰਪਰਾਗਤ ਰਵਾਇਤ (ਮੌਖਿਕ ਰੂਪ) ਨੂੰ ਉਨ੍ਹਾਂ ਨੇ ਨਹੀਂ ਅਪਣਾਇਆ।

ਦੂਜਾ ਪਖ ਜਿਹੜਾ ਸਰਦਾਰ ਨਰੈਣ ਸਿੰਘ ਦੇ ਜੀਵਨ ਵਿਚੋਂ ਉਘੜ ਕੇ ਸਾਹਮਣੇ ਆਉਂਦਾ ਹੈ ਉਹ ਹੈ ਉਨ੍ਹਾਂ ਦੁਆਰਾ ਗੁਰਬਾਣੀ ਦੇ ਪ੍ਰਚਾਰ ਤੇ ਪ੍ਰਸਾਰ ਲਈ ਸਿਧੇ ਜਾਂ ਅਸਿਧੇ ਰੂਪ ਵਿਚ ਧਰਮ ਪ੍ਰਚਾਰ ਕੇਂਦਰ ਤੇ ਟ੍ਰਸਟ ਖੋਲ੍ਹਣੇ/ਖੁਲਵਾਉਣੇ। ਇਸ ਸੰਦਰਭ ਵਿਚ ਸਭ ਤੋਂ ਪਹਿਲਾ ਜਤਨ ਸੀ 'ਸਰਬ ਹਿੰਦ ਸਿੱਖ ਮਿਸ਼ਨ' ਜਿਹੜਾ ਕਿ ਆਪ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ 13 ਅਪ੍ਰੈਲ,1936 ਨੂੰ ਸਥਾਪਿਤ ਕਰਵਾਇਆ। ਇਸ ਦੇ ਪ੍ਰਧਾਨ ਮਾਸਟਰ ਤਾਰਾ ਸਿੰਘ, ਜਨਰਲ ਸਕੱਤਰ ਮਾਸਟਰ ਸੁਜਾਨ ਸਿੰਘ ਸਰਹਾਲੀ ਅਤੇ ਸਕੱਤਰ ਸ. ਕੇਹਰ ਸਿੰਘ ਥਾਪੇ ਗਏ ਸਨ। ਮਿਸ਼ਨ ਦਾ ਮੁਖ ਕੰਮ ਅਛੂਤਾਂ ਨੂੰ ਸਿੱਖੀ ਦਾਇਰੇ ਅੰਦਰ ਲਿਆਉਣ ਦਾ ਸੀ।

ਇਸ ਦੇ ਨਾਲ ਹੀ ਆਪ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ 'ਸਿੱਖ ਮਿਸ਼ਨ, ਹਾਪੜ' ਅਤੇ 'ਸਿੱਖ ਮਿਸ਼ਨ, ਕਾਂਗੜਾ' ਸਥਾਪਿਤ ਕਰਵਾਏ। ਇਨ੍ਹਾਂ ਮਿਸ਼ਨਾਂ ਵਲੋਂ ਕਈ ਸਾਲ ਤਕ ਅੰਮ੍ਰਿਤ ਪ੍ਰਚਾਰ ਲਈ ਸਮਾਗਮ ਕੀਤੇ ਜਾਂਦੇ ਰਹੇ ਜਿਨ੍ਹਾਂ ਵਿਚ ਬਹੁਤ ਸਾਰੇ ਅਛੂਤਾਂ ਤੇ ਹੋਰ ਲੋਕਾਂ ਨੂੰ ਅੰਮ੍ਰਿਤ ਵੀ ਛਕਾਇਆ ਜਾਂਦਾ ਰਿਹਾ। ਸਰਦਾਰ ਨਰੈਣ ਸਿੰਘ ਸਾਲ ਵਿਚ ਦੋ-ਤਿੰਨ ਵਾਰ ਇਨ੍ਹਾਂ ਇਲਾਕਿਆਂ ਦਾ ਦੌਰਾ ਕਰਕੇ ਪ੍ਰਚਾਰਕਾਂ ਦਾ ਉਤਸ਼ਾਹ ਵਧਾਉਂਦੇ ਅਤੇ ਕਈ ਨਵੀਆਂ ਵਿਉਂਤਾਂ ਉਲੀਕ ਕੇ ਪ੍ਰਚਾਰ ਦੇ ਨਵੇਂ-ਨਵੇਂ ਢੰਗ ਪ੍ਰਬੰਧਕਾਂ ਨੂੰ ਦਸਦੇ।

ਡਾ. ਗੰਡਾ ਸਿੰਘ ਜੀ ਦੀ ਸਲਾਹ ਨਾਲ ਪਟਿਆਲਾ ਨਿਵਾਸੀ ਕੁਝ ਹੋਰ ਸਜਣਾਂ ਨੇ ਵਿਚਾਰ-ਵਟਾਂਦਰੇ ਉਪਰੰਤ ਇਸੇ ਤਰ੍ਹਾਂ ਦੀ ਇਕ ਹੋਰ ਸੰਸਥਾ 26 ਜੁਲਾਈ, 1963 ਨੂੰ 'ਗੁਰੂ ਨਾਨਕ ਦੇਵ ਮਿਸ਼ਨ' ਨਾਂ ਹੇਠ ਸਥਾਪਿਤ ਕੀਤੀ। ਮਿਸ਼ਨ ਦੇ ਕਾਰਜ ਮਨੁਖ ਮਾਤਰ ਨੂੰ ਸਿੱਖ ਰਹਿਣੀ, ਸਿਧਾਂਤ, ਪਰੰਪਰਾ ਤੇ ਇਤਿਹਾਸ ਦੀ ਜਾਣਕਾਰੀ ਦੇਣੀ ਮਿਥੇ ਗਏ। ਸਾਧਨ ਵਜੋਂ ਪੰਜਾਬੀ, ਅੰਗਰੇਜ਼ੀ ਅਤੇ ਹਿੰਦੀ ਵਿਚ ਛੋਟੇ-ਛੋਟੇ ਟ੍ਰੈਕਟ ਅਤੇ ਪੁਸਤਕਾਂ ਪ੍ਰਕਾਸ਼ਿਤ ਕਰਨੀਆਂ ਮਿਥਿਆ ਗਿਆ।

ਉਦੇਸ਼ਾਂ ਦੀ ਪੂਰਤੀ ਲਈ ਸਰਦਾਰ ਨਰੈਣ ਸਿੰਘ ਨੇ ਸਭ ਤੋਂ ਪਹਿਲਾ ਟ੍ਰੈਕਟ *Why Am I a Sikh* ਅੰਗਰੇਜ਼ੀ ਵਿਚ ਲਿਖ ਕੇ ਪ੍ਰਕਾਸ਼ਿਤ ਕਰਵਾਇਆ। ਇਹ ਟ੍ਰੈਕਟ ਮਿਸ਼ਨ ਵਲੋਂ ਕਈ ਵਾਰ ਛਾਪ ਕੇ ਦੇਸ-ਪਰਦੇਸ ਵਿਚ ਹਜ਼ਾਰਾਂ ਦੀ ਗਿਣਤੀ 'ਚ ਵੰਡਿਆ ਗਿਆ। ਇਸ ਤਰ੍ਹਾਂ ਇਹ ਸਿਲਸਿਲਾ ਸ਼ੁਰੂ ਹੋ ਗਿਆ ਜਿਹੜਾ ਸਾਲਾਨਾ ਛੇ ਟ੍ਰੈਕਟਾਂ ਤੋਂ ਵਧਦਾ-ਵਧਦਾ 1988 ਈ. ਵਿਚ ਅਠਾਰਾਂ ਟ੍ਰੈਕਟ ਸਾਲਾਨਾ ਪ੍ਰਕਾਸ਼ਿਤ ਕਰਨ ਤਕ ਜਾ ਪੁਜਾ। 1997 ਤਕ, ਭਾਵ 34 ਸਾਲਾਂ ਵਿਚ ਮਿਸ਼ਨ ਨੇ 470 ਤੋਂ ਵਧ

ਟ੍ਰੈਕਟ ਅਤੇ ਅਠ ਵਡੀਆਂ ਪੁਸਤਕਾਂ ਵੀ ਪ੍ਰਕਾਸ਼ਿਤ ਕਰ ਦਿਤੀਆਂ ਸਨ।

ਗੁਰੂ ਨਾਨਕ ਦੇਵ ਮਿਸ਼ਨ ਨੇ ਆਪਣੇ ਜੀਵਨ ਕਾਲ ਦੇ ਪਹਿਲੇ ਕੁਝ ਸਾਲ ਨਿਰੋਲ ਸਿੱਖ ਵਿਚਾਰਧਾਰਾ- ਨਾਮ, ਬਾਣੀ, ਸਿਮਰਨ, ਗੁਰ ਸ਼ਬਦ ਦੇ ਅਰਥ ਬੋਧ ਅਤੇ ਪੁਰਾਤਨ ਤੇ ਨਵੀਨ ਸਿੱਖ ਇਤਿਹਾਸ ਸੰਬੰਧੀ ਲਿਖਣ ਅਤੇ ਪ੍ਰਕਾਸ਼ਨ ਤਕ ਹੀ ਆਪਣੇ ਆਪ ਨੂੰ ਸੀਮਤ ਰਖਿਆ। 1978 ਦੀ ਵਿਸਾਖੀ ਦੇ ਦਿਨ ਨਿਰੰਕਾਰੀਆਂ ਹਥੋਂ 13 ਸਿੰਘਾਂ ਦੇ ਸ਼ਹੀਦ ਹੋਣ 'ਤੇ ਸ. ਕਪੂਰ ਸਿੰਘ ਆਈ. ਸੀ ਐਸ ਨੇ ਪਹਿਲੀ ਵਾਰ ਗੁਰਬਾਣੀ ਸਿਧਾਂਤਾਂ ਤੋਂ ਹਟ ਕੇ *Sikhism and Nirankari Movement* ਸਿਰਲੇਖ ਹੇਠ ਲੇਖ ਲਿਖ ਕੇ ਮਿਸ਼ਨ ਸੀਰੀਜ਼ 162 ਹੇਠ ਪ੍ਰਕਾਸ਼ਿਤ ਕਰਵਾਇਆ। ਇਸ ਵਿਚ ਸਮੇਂ ਦੀ ਹਿੰਦੂ ਸਰਕਾਰ ਦੀ ਸਿੱਖਾਂ ਪ੍ਰਤੀ ਘਿਨਾਉਣੀ ਨੀਤੀ ਦੀ ਸਪਸ਼ਟ ਝਲਕ ਮਿਲਦੀ ਹੈ। ਇਸ ਨੀਤੀ ਦਾ ਪ੍ਰਗਟਾਵਾ ਸਰਦਾਰ ਨਰੈਣ ਸਿੰਘ ਸਣੇ ਚਾਰ ਹੋਰ ਵਿਦਵਾਨਾਂ- ਡਾ. ਗੰਡਾ ਸਿੰਘ, ਗਿ. ਲਾਲ ਸਿੰਘ, ਸ. ਰਾਜਦੇਵ ਸਿੰਘ ਅਤੇ ਡਾ. ਰਣਧੀਰ ਸਿੰਘ ਨੇ ਮਿਸ਼ਨ ਸੀਰੀਜ਼ 203 ਵਿਚ *ਸਿੱਖ ਪੰਥ ਪ੍ਰਤੀ ਭਾਰਤ ਸਰਕਾਰ ਦੀ ਨੀਤੀ* ਦੇ ਸਿਰਲੇਖ ਅਧੀਨ ਕੀਤਾ। ਇਸ ਪਿਛੋਂ ਹਾਲਾਤ ਅਨੁਸਾਰ ਸਮੇਂ-ਸਮੇਂ ਮਿਸ਼ਨ ਵਲੋਂ ਇਸ ਵਿਸ਼ੇ 'ਤੇ ਹੋਰ ਲੇਖ ਵੀ ਪ੍ਰਕਾਸ਼ਿਤ ਕੀਤੇ ਗਏ। ਜੂਨ,1984 ਵਿਚ ਹਿੰਦੂ ਸਰਕਾਰ ਦੁਆਰਾ ਕੀਤੇ ਗਏ ਦੋ ਘੱਲੂਘਾਰੇ- ਸਾਕਾ ਨੀਲਾ ਤਾਰਾ ਤੇ ਨਵੰਬਰ '84 ਦਾ ਸਿੱਖ ਕਤਲੇਆਮ ਬਾਰੇ ਸਰਦਾਰ ਨਰੈਣ ਸਿੰਘ ਵਲੋਂ *ਕਿਉਂ ਕੀਤੇ ਵੇਸਾਹੁ* ਪੁਸਤਕ ਵਿਚ ਵਿਸਤਾਰ ਪੂਰਵਕ ਜ਼ਿਕਰ ਕੀਤਾ ਗਿਆ।[12] ਪੁਸਤਕ ਲਿਖਣ ਦਾ ਇਕ ਮੁਖ ਕਾਰਨ ਇਹ ਵੀ ਸੀ ਕਿ ਜਿਸ ਗੁਰੂ ਨਾਨਕ ਦਾ ਹਿਰਦਾ ਐਮਨਾਬਾਦ[13] ਦੀ ਤਬਾਹੀ ਵੇਖ ਕੇ ਇਹ ਕਹਿਣ ਲਈ ਮਜ਼ਬੂਰ ਹੋਇਆ ਸੀ...

ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ॥[14]

ਉਸ ਗੁਰੂ ਦੇ ਨਾਮ 'ਤੇ ਸਥਾਪਿਤ ਹੋਇਆ ਮਿਸ਼ਨ ਸਚ ਕਹਿਣ ਤੋਂ ਕਿਵੇਂ ਖ਼ਾਮੋਸ਼ ਰਹਿ ਸਕਦਾ ਸੀ? ਖਾਸ ਕਰ ਉਸ ਸਮੇਂ ਜਦ ਦੇਸ਼ ਵਿਚਲਾ ਸਿੱਖ ਵਸੋਂ ਵਾਲਾ ਹਰ ਸ਼ਹਿਰ, ਹਰ ਸਿੱਖ ਅਦਾਰਾ ਅਤੇ ਹਰੇਕ ਘਰ ਐਮਨਾਬਾਦ ਬਣ ਚੁਕਾ ਸੀ।

ਮਿਸ਼ਨ ਵਲੋਂ ਪ੍ਰਕਾਸ਼ਿਤ ਕੀਤੇ ਜਾਂਦੇ ਟ੍ਰੈਕਟਾਂ ਦੀ ਭੇਟਾ ਨਾ ਮਾਤਰ ਹੀ ਹੁੰਦੀ ਸੀ ਜਿਹੜੇ ਕਿ ਮਿਸ਼ਨ ਦੇ ਮੈਂਬਰਾਂ ਨੂੰ ਬਿਨਾ ਮੰਖ ਭੇਜੇ ਜਾਂਦੇ ਸਨ।

ਮਿਸ਼ਨ ਦਾ ਦਫ਼ਤਰ ਸਮੇਂ-ਸਮੇਂ 'ਤੇ ਬਦਲਦਾ ਰਿਹਾ ਹੈ। ਪਹਿਲਾਂ ਇਹ ਗੁਰਮਤਿ ਕਾਲਜ, ਡੇਰਾ ਬਾਬਾ ਜੱਸਾ ਸਿੰਘ, ਪਟਿਆਲਾ ਵਿਖੇ ਸੀ, ਕਿਉਂਕਿ ਸਰਦਾਰ ਨਰੈਣ ਸਿੰਘ ਹੀ ਇਸ ਮਿਸ਼ਨ ਦੇ ਕਰਤਾ-ਧਰਤਾ ਸਨ। ਇਨ੍ਹਾਂ ਵਲੋਂ ਗੁਰਮਤਿ ਕਾਲਜ ਤੋਂ

---

12. ਅਸੀਂ ਦੂਜੇ ਅਧਿਆਇ ਵਿਚ ਇਸ ਕਿਤ੍ਰਾਬ ਬਾਰੇ ਚਰਚਾ ਕਰ ਆਏ ਹਾਂ, ਵੇਖੋ ਪੰਨੇ 80-5

13. ਗੁਰੂ ਨਾਨਕ ਸਾਹਿਬ ਦੇ ਸਮੇਂ ਸੰਨ 1521 ਈ. ਵਿਚ ਸੈਦਪੁਰ (ਐਮਨਾਬਾਦ) 'ਤੇ ਬਾਬਰ ਨੇ ਹਮਲਾ ਕਰਕੇ ਬਹੁਤ ਕਤਲੋਗਾਰਤ ਕੀਤੀ, ਜਿਸ ਨੂੰ ਦੇਖ ਕੇ ਗੁਰੂ ਨਾਨਕ ਸਾਹਿਬ ਨੇ ਕੁਝ ਸ਼ਬਦ ਉਚਾਰਣ ਕੀਤੇ ਜਿਹੜੇ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ।

14. ਸ੍ਰੀ ਗੁਰੂ ਗ੍ਰੰਥ ਸਾਹਿਬ, ੭੨੩

ਅਸਤੀਫਾ ਦੇਣ ਪਿਛੋਂ ਮਿਸ਼ਨ ਦਾ ਦਫ਼ਤਰ ਵੀ ਇਥੋਂ ਬਦਲ ਕੇ ਗੁਰਦੁਆਰਾ ਸਿੰਘ ਸਭਾ, ਫੁਹਾਰਾ ਚੌਕ, ਪਟਿਆਲਾ ਵਿਖੇ ਆ ਗਿਆ। ਇਸ ਪਿਛੋਂ ਸਰਦਾਰ ਨਰੈਣ ਸਿੰਘ ਨੇ ਇਹ ਦਫ਼ਤਰ ਆਪਣੇ ਘਰ ਪਿੰਡ ਬੂਟਾ ਸਿੰਘ ਵਾਲਾ, ਸਨੌਰ ਵਿਖੇ ਤਬਦੀਲ ਕਰ ਲਿਆ। ਅਜਕਲ੍ਹ (2011) ਇਹ ਅਕੈਡਮੀ ਆਫ ਸਿੱਖ ਰਿਲੀਜਨ ਐਂਡ ਕਲਚਰ, ਕੋਠੀ ਨੰ. 1, ਢਿਲੋਂ ਮਾਰਗ, ਪਟਿਆਲਾ ਵਿਖੇ ਸਥਿਤ ਹੈ। ਇਸ ਮਿਸ਼ਨ ਦੇ ਮੌਜੂਦਾ ਸਮੇਂ ਲਗਪਗ 500 ਦੇਸੀ ਅਤੇ ਪ੍ਰਦੇਸੀ ਮੈਂਬਰ ਹਨ ਜਿਹੜੇ ਆਪੋ-ਆਪਣੀ ਵਿਤ ਅਨੁਸਾਰ ਮਿਸ਼ਨ ਦੀ ਆਰਥਿਕ ਤੇ ਪ੍ਰਬੰਧਕੀ ਮਦਦ ਕਰਦੇ ਹਨ। ਮਿਸ਼ਨ ਦੁਆਰਾ ਹੁਣ ਤਕ ਲਗਪਗ 536 ਟ੍ਰੈਕਟ ਪ੍ਰਕਾਸ਼ਿਤ ਕੀਤੇ ਜਾ ਚੁਕੇ ਹਨ, ਜਿਨ੍ਹਾਂ ਵਿਚੋਂ ਇਕ ਵਡਾ ਹਿਸਾ ਸਰਦਾਰ ਨਰੈਣ ਸਿੰਘ ਦੀ ਹੀ ਕ੍ਰਿਤ ਹਨ। ਕੁਝ ਹੋਰ ਵਿਦਵਾਨਾਂ- ਭਾਈ ਅਰਦਮਨ ਸਿੰਘ ਬਾਗੜੀਆਂ, ਡਾ. ਗੰਡਾ ਸਿੰਘ ਤੇ ਗਿ. ਲਾਲ ਸਿੰਘ ਆਦਿ ਨੇ ਵੀ ਆਪਣੇ ਵਡਮੁਲੇ ਵਿਚਾਰ ਟ੍ਰੈਕਟਾਂ ਵਿਚ ਅੰਕਿਤ ਕਰਕੇ ਮਿਸ਼ਨ ਦੁਆਰਾ ਸਿੱਖ ਪੰਥ ਤੇ ਸਿੱਖ ਸਾਹਿਤ ਦੀ ਸੇਵਾ ਕੀਤੀ।

ਮੌਜੂਦਾ ਸਮੇਂ (2011) ਦੌਰਾਨ ਮਿਸ਼ਨ ਦੇ ਕੰਮਾਂ ਵਿਚ ਖੜੋਤ ਜਿਹੀ ਆ ਗਈ ਹੈ। ਸਰਦਾਰ ਨਰੈਣ ਸਿੰਘ ਨੇ ਜਿਸ ਆਸ਼ੇ ਨਾਲ ਇਸ ਮਿਸ਼ਨ ਨੂੰ ਤੋਰਿਆ ਸੀ ਉਹ ਅਜ ਚਿਟਾ ਹਾਥੀ ਸਿਧ ਹੋ ਰਿਹਾ ਹੈ।

ਉਪਰੋਕਤ ਮਿਸ਼ਨ ਤੋਂ ਇਲਾਵਾ ਸਰਦਾਰ ਨਰੈਣ ਸਿੰਘ ਨੇ ਸਮੇਂ-ਸਮੇਂ 'ਤੇ ਕਈ ਟ੍ਰਸਟ ਵੀ ਬਣਾਏ ਜਿਵੇਂ, ਅਕਾਲੀ ਫੂਲਾ ਸਿੰਘ ਯਾਦਗਾਰੀ ਟ੍ਰਸਟ, ਡਾ. ਗੰਡਾ ਸਿੰਘ ਯਾਦਗਾਰੀ ਟ੍ਰਸਟ, ਮਦਰ ਆਫ਼ ਖਾਲਸਾ ਯਾਦਗਾਰੀ ਟ੍ਰਸਟ, ਗਿਆਨੀ ਕਰਤਾਰ ਸਿੰਘ ਯਾਦਗਾਰੀ ਟ੍ਰਸਟ, ਗਿਆਨੀ ਦਿਤ ਸਿੰਘ ਯਾਦਗਾਰੀ ਟ੍ਰਸਟ, ਭਾਈ ਲਛਮਣ ਸਿੰਘ ਯਾਦਗਾਰੀ ਟ੍ਰਸਟ ਤੇ ਸਰਦਾਰ ਨਰੈਣ ਸਿੰਘ ਯਾਦਗਾਰੀ ਟ੍ਰਸਟ। ਇਨ੍ਹਾਂ ਟ੍ਰਸਟਾਂ ਦਾ ਮੁਖ ਕਾਰਜ ਵਿਦਿਆ ਦੇ ਖੇਤਰ ਵਿਚ ਹੋਣਹਾਰ ਵਿਦਿਆਰਥੀਆਂ ਨੂੰ ਵਜੀਫੇ ਆਦਿ ਦੇ ਕੇ ਉਤਸ਼ਾਹਿਤ ਕਰਨਾ ਸੀ। ਮੌਜੂਦਾ ਸਮੇਂ (2011) ਦੌਰਾਨ ਇਹ ਟ੍ਰਸਟ ਵੀ ਆਪਣੇ ਕਾਰਜ ਛਡ ਚੁਕੇ ਹਨ।

ਧਾਰਮਿਕ ਖੇਤਰ ਵਿਚ ਸਰਦਾਰ ਨਰੈਣ ਸਿੰਘ ਨੇ ਉਪਰੋਕਤ ਤੋਂ ਇਲਾਵਾ ਕੁਝ ਹੋਰ ਵੀ ਕੰਮ ਕੀਤੇ ਜਿਵੇਂ, ਸ੍ਰੀ ਨਨਕਾਣਾ ਸਾਹਿਬ ਦੇ ਸਾਕੇ ਵਿਚ ਸ਼ਹੀਦ ਹੋਣ ਵਾਲੇ ਸਿੰਘਾਂ ਦੀ ਯਾਦ ਵਿਚ ਯਾਦਗਾਰੀ ਸਥਾਨ ਬਣਵਾਉਣਾ। ਇਸ ਲੜੀ ਵਿਚ ਗੁਰਦੁਆਰਾ ਜਨਮ ਅਸਥਾਨ, ਨਨਕਾਣਾ ਸਾਹਿਬ ਅੰਦਰ ਸ਼ਹੀਦਾਂ ਦੇ ਸਸਕਾਰ ਵਾਲੀ ਥਾਂ 'ਤੇ ਇਕ ਦਸ ਫੁਟ ਡੂੰਘਾ ਭੋਰਾ ਪੁਟਵਾ ਕੇ, ਵਿਚਾਲੇ ਨੀਂਹ ਉਪਰ ਇਕ ਪੰਜ ਕੁ ਫੁਟ ਡੂੰਘਾ ਸੀਮੇਂਟ ਕਨਕ੍ਰੀਟ ਦਾ ਖੂਹ ਉਸਾਰਿਆ ਗਿਆ। ਇਸ ਵਿਚ ਸ਼ਹੀਦਾਂ ਦੀ ਬਿਭੂਤੀ (ਸੁਆਹ) ਭਰ ਕੇ ਖੂਹ ਦੇ ਉਪਰ ਇਕ ਸ਼ੀਸ਼ੇ ਦਾ ਢੱਕਣ ਲਗਾਇਆ ਗਿਆ। ਖੂਹ ਦੀਆਂ ਨੀਹਾਂ ਵਿਚ ਸ਼ੀਸ਼ੇ ਦੀ ਵਡੀ ਬੋਤਲ ਅੰਦਰ ਸ਼ਹੀਦਾਂ ਦਾ ਸਮੁਚਾ ਇਤਿਹਾਸ ਸਮੇਤ ਗੁਰਦੁਆਰਾ ਜਨਮ ਅਸਥਾਨ ਪ੍ਰਥਾਏ ਕੁਝ ਸ਼ਬਦਾਂ ਦੇ ਸਤ ਭਾਸ਼ਾਵਾਂ - ਪੰਜਾਬੀ, ਉਰਦੂ, ਹਿੰਦੀ, ਅੰਗਰੇਜ਼ੀ, ਫ਼ਾਰਸੀ, ਅਰਬੀ ਤੇ ਸੰਸਕ੍ਰਿਤ

ਵਿਚ ਲਿਖ ਕੇ ਬੰਦ ਤੇ ਦਫਨ ਕੀਤਾ ਗਿਆ।[15] ਉਪਰੰਤ ਇਸ ਅਸਥਾਨ 'ਤੇ ਸੁੰਦਰ ਗੁਰਦੁਆਰਾ ਬਣਵਾਇਆ ਗਿਆ।

ਸ੍ਰੀ ਨਨਕਾਣਾ ਸਾਹਿਬ ਨਾਲ ਸਰਦਾਰ ਨਰੈਣ ਸਿੰਘ ਦਾ ਡੂੰਘਾ ਪਿਆਰ ਹੋਣ ਕਾਰਨ ਨਹੁੰ-ਮਾਸ ਵਾਲਾ ਰਿਸ਼ਤਾ ਸੀ ਜਿਸ ਦੀ ਪੁਸ਼ਟੀ ਇਸ ਗੱਲ ਤੋਂ ਹੁੰਦੀ ਹੈ ਕਿ ਪਾਕਿਸਤਾਨ ਬਣਨ ਤੋਂ ਪਿਛੋਂ ਵੀ ਸਰਦਾਰ ਨਰੈਣ ਸਿੰਘ ਆਪਣੇ ਪਿੰਡ ਬੂਟਾ ਸਿੰਘ ਵਾਲਾ, ਸਨੌਰ (ਪਟਿਆਲਾ) ਵਿਖੇ ਹਰ ਸਾਲ ਸ਼ਹੀਦਾਂ ਦੀ ਯਾਦ ਤਾਜ਼ਾ ਕਰਦੇ ਹੋਏ ਸਾਕੇ ਦਾ ਦਿਨ ਮਨਾਉਂਦੇ ਰਹੇ। ਆਪ ਦੁਆਰਾ ਸ਼ੁਰੂ ਕੀਤੀ ਗਈ ਇਹ ਪਿਰਤ ਵਰਤਮਾਨ ਸਮੇਂ (2011) ਵਿਚ ਵੀ ਜਾਰੀ ਹੈ। ਸਨੌਰ ਇਲਾਕੇ ਦੀਆਂ ਸੰਗਤਾਂ ਹਰੇਕ ਸਾਲ ਫਰਵਰੀ ਮਹੀਨੇ ਵਿਚ ਉਸੇ ਤਰ੍ਹਾਂ ਸ਼ਹੀਦਾਂ ਦੀ ਯਾਦ ਵਿਚ ਗੁਰਮਤਿ ਸਮਾਗਮ ਕਰਵਾਉਂਦੀਆਂ ਹਨ।

ਨਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਯਾਦ ਵਿਚ ਸਰਦਾਰ ਨਰੈਣ ਸਿੰਘ ਨੇ ਸ. ਗੁਰਬਖਸ਼ ਸਿੰਘ ਸਮਸ਼ੇਰ ਝੁਬਾਲੀਆ ਤੋਂ ਇਕ ਪੁਸਤਕ *ਸ਼ਹੀਦੀ ਜੀਵਨ* ਲਿਖਵਾ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸੋਂ ਪ੍ਰਕਾਸ਼ਿਤ ਵੀ ਕਰਵਾਈ।[16]

ਉਪਰੋਕਤ ਦੇ ਸਾਰ ਵਜੋਂ ਅਸੀਂ ਕਹਿ ਸਕਦੇ ਹਾਂ ਕਿ ਸਰਦਾਰ ਨਰੈਣ ਸਿੰਘ ਵਲੋਂ ਵਿਦਿਅਕ, ਸਮਾਜਿਕ ਤੇ ਧਾਰਮਿਕ ਆਦਿ ਖੇਤਰਾਂ ਵਿਚ ਕੀਤੀ ਸੇਵਾ ਉਨ੍ਹਾਂ ਦੇ ਸਿੱਖੀ ਵਾਲੇ ਜੀਵਨ ਦੀ ਇਕ ਝਲਕ ਮਾਤਰ ਹੈ। ਜਿਨ੍ਹਾਂ ਸਜਣਾਂ ਨੂੰ ਸਰਦਾਰ ਨਰੈਣ ਸਿੰਘ ਦੀ ਸੰਗਤ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਉਨ੍ਹਾਂ ਦੀ ਜ਼ੁਬਾਨੀ ਪਤਾ ਚਲਦਾ ਹੈ ਕਿ ਉਨ੍ਹਾਂ ਦਾ ਸਵਾਸ-ਸਵਾਸ ਜੀਵਨ ਸਿੱਖ ਧਰਮ ਅਤੇ ਮਨੁਖਤਾ ਦੀ ਸੇਵਾ ਪ੍ਰਥਾਇ ਸਮਰਪਿਤ ਸੀ। ਸੇਵਾ ਦੀ ਅਜਿਹੀ ਘਾੜਤ ਵਾਲਾ ਪੁਤਲਾ ਸਾਡੇ ਸਮਿਆਂ ਵਿਚ ਇਹ ਘਾਲਣਾ ਘਾਲ ਕੇ ਆਪਣਾ ਜੀਵਨ ਤਾਂ ਸਫਲ ਕਰ ਹੀ ਗਿਆ, ਇਸ ਦੇ ਨਾਲ ਹੀ ਹਜ਼ਾਰਾਂ ਨਹੀਂ ਲਖਾਂ ਲੋਕਾਂ ਨੂੰ ਅਜਿਹੇ ਸੇਵਾ, ਤਿਆਗ, ਨਿਰਮਾਣਤਾ ਅਤੇ ਸੁਚਜਤਾ ਦੇ ਜੀਵਨ ਦੀ ਲਾਗ ਤੇ ਪ੍ਰੇਰਨਾ ਵੀ ਨਾਲ ਹੀ ਦੇ ਗਿਆ। ਭਵਿਖ ਦੀਆਂ ਨਸਲਾਂ ਲਈ ਉਨ੍ਹਾਂ ਦਾ ਜੀਵਨ ਚਾਨਣ ਮੁਨਾਰੇ ਦੀ ਤਰ੍ਹਾਂ ਰੌਸ਼ਨੀ ਅਤੇ ਸੇਧ ਦਿੰਦਾ ਰਹੇਗਾ।

---

15. *ਮੇਰਾ ਜੀਵਨ ਪੰਧ ਤੇ ਸਾਹਿਤ ਰੁਚੀ*, ਪੂਰਵ ਅੰਕਤ, ਪੰਨਾ 85.

16. ਸਰਦਾਰ ਨਰੈਣ ਸਿੰਘ ਅਨੁਸਾਰ ਇਸ ਪੁਸਤਕ ਵਿਚ ਸ. ਗੁਰਬਖਸ਼ ਸਿੰਘ ਨੇ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਜਿਨ੍ਹਾਂ ਨਾਲ ਉਸ ਦੇ ਡੂੰਘੇ ਸੰਬੰਧ ਸਨ, ਦਾ ਨਾਜਾਇਜ਼ ਫਾਇਦਾ ਉਠਾਉਂਦੇ ਹੋਏ ਕਈ ਸੱਚੀਆਂ ਗੱਲਾਂ ਵਾਂਝੇ ਕਰਕੇ ਇਤਿਹਾਸ ਲਿਖਿਆ, ਕਿਉਂਕਿ ਉਸ ਦਾ 'ਅਕਾਲੀ ਦਲ ਖਰਾ ਸੌਦਾ ਬਾਰ', ਜਿਸ ਨੇ ਸ. ਕਰਤਾਰ ਸਿੰਘ ਝੱਬਰ ਦੀ ਜਥੇਦਾਰੀ ਹੇਠ 21 ਫਰਵਰੀ, 1921 ਨੂੰ ਗੁਰਦੁਆਰਾ ਜਨਮ ਅਸਥਾਨ ਦਾ ਕਬਜ਼ਾ ਲਿਆ ਸੀ, ਨਾਲ ਜਾਤੀ ਵਿਰੋਧ ਸੀ। ਵੇਖੋ: *ਮੇਰਾ ਜੀਵਨ ਪੰਧ ਤੇ ਸਾਹਿਤ ਰੁਚੀ*, ਪੂਰਵ ਅੰਕਤ, ਪੰਨਾ 86.

ਸਾਰ

ਸਰਦਾਰ ਨਰੈਣ ਸਿੰਘ ਦੇ ਜੀਵਨ, ਰਚਨਾ ਤੇ ਦੇਣ ਬਾਰੇ ਅਧਿਐਨ ਕਰਦਿਆਂ ਇਹ ਗੱਲ ਸਹਿਜੇ ਹੀ ਸਪਸ਼ਟ ਹੋ ਜਾਂਦੀ ਹੈ ਕਿ ਉਹ ਬਹੁ-ਪਖੀ ਸ਼ਖ਼ਸੀਅਤ ਦੇ ਮਾਲਕ ਸਨ। ਸਿੱਖ ਰਾਜਨੀਤੀ, ਸਭਿਆਚਾਰ, ਧਰਮ ਤੇ ਇਤਿਹਾਸ ਆਦਿ ਬਾਰੇ ਉਨ੍ਹਾਂ ਦੀ ਵਿਸ਼ਾਲ ਤੇ ਡੂੰਘੀ ਸਮਝ ਸੀ।

ਉਨ੍ਹਾਂ ਦੁਆਰਾ ਰਚੇ ਸਾਹਿਤ ਦੀ ਲੰਮੀ ਸੂਚੀ ਨੇ ਇਹ ਸਪਸ਼ਟ ਕੀਤਾ ਹੈ ਕਿ ਉਨ੍ਹਾਂ ਦੀ ਸਾਹਿਤਕ ਸਾਧਨਾ ਬਾਰੇ ਕਿਸੇ ਕਿਸਮ ਦਾ ਕਿੰਤੂ ਨਹੀਂ ਕੀਤਾ ਜਾ ਸਕਦਾ। ਇਹ ਸਾਧਨਾ ਨਾ ਕੇਵਲ ਗਿਣਾਤਮਕ ਪਖੋਂ ਹੀ ਵਿਸ਼ਾਲ ਹੈ ਬਲਕਿ ਗੁਣਾਤਮਕ ਪਖੋਂ ਵੀ ਉਤਮ ਦਰਜੇ ਦੀ ਹੈ। ਉਨ੍ਹਾਂ ਦੀਆਂ ਕੁਝ ਰਚਨਾਵਾਂ (ਜਿਵੇਂ ਸ੍ਵੈ-ਜੀਵਨੀ; ਅਨੁਵਾਦ; ਕਾਵਿ ਨਿਬੰਧ ਆਦਿ) ਪੰਜਾਬੀ ਸਾਹਿਤ ਦੇ ਖੇਤਰ ਵਿਚ ਜ਼ਿਕਰਯੋਗ ਵਾਧਾ ਕਰਦੀਆਂ ਹਨ।

ਉਨ੍ਹਾਂ ਦੀਆਂ ਰਚਨਾਵਾਂ ਦਾ ਮੁਹਾਵਰਾ ਅਤੇ ਪਿਛੋਕੜ ਸਮਕਾਲੀ ਵਾਤਾਵਰਣ 'ਚੋਂ ਪੈਦਾ ਹੁੰਦਾ ਹੈ। ਉਨ੍ਹਾਂ ਦੁਆਰਾ ਰਚਿਤ ਸਾਹਿਤ ਦੀ ਪ੍ਰਕਿਰਤੀ ਇਤਿਹਾਸਕ, ਸਾਹਿਤਕ, ਰਾਜਨੀਤਕ ਅਤੇ ਧਾਰਮਿਕ ਰੰਗਣ ਦੀ ਹੈ। ਇਤਿਹਾਸ ਭਾਵੇਂ ਉਨ੍ਹਾਂ ਦਾ ਅਕਾਦਮਿਕ ਵਿਸ਼ਾ ਨਹੀਂ ਰਿਹਾ, ਪਰ ਉਨ੍ਹਾਂ ਦੀ ਸਭ ਤੋਂ ਵਧੇਰੇ ਰੁਚੀ ਇਤਿਹਾਸ ਵਿਚ ਹੀ ਸੀ, ਜਿਸ ਕਰਕੇ ਉਨ੍ਹਾਂ ਨੇ ਸਿੱਖ ਇਤਿਹਾਸ ਦੀਆਂ ਗੱਲਾਂ ਨਿਰਖੀਆਂ-ਪਰਖੀਆਂ। ਗੁਰਬਾਣੀ ਦੇ ਵਾਕਾਂ ਨੂੰ ਉਨ੍ਹਾਂ ਨੇ ਇਤਿਹਾਸ ਦੇ ਸੋਮੇ ਜਾਂ ਪ੍ਰਮਾਣਾਂ ਵਜੋਂ ਵਰਤਿਆ ਹੈ। ਇਤਿਹਾਸ ਵਿਚ ਪ੍ਰਚਲਤ ਕਰਾਮਾਤਾਂ ਵਾਲੀਆਂ ਸਾਖੀਆਂ ਨੂੰ ਉਨ੍ਹਾਂ ਨੇ ਵਿਗਿਆਨਕ ਦ੍ਰਿਸ਼ਟੀ ਤੋਂ ਪਰਖ ਕੇ ਆਮ ਜਨ-ਸਾਧਾਰਣ ਪਧਰ 'ਤੇ ਲਿਆ ਕੇ ਪੇਸ਼ ਕੀਤਾ ਹੈ।

ਸਿਧਾਂਤਕ ਦ੍ਰਿਸ਼ਟੀ ਤੋਂ ਅਸੀਂ ਉਨ੍ਹਾਂ ਦੁਆਰਾ ਰਚਿਤ ਸਾਹਿਤ ਨੂੰ ਵਿਆਖਿਆ ਅਤੇ ਪ੍ਰਚਾਰ ਸਾਹਿਤ ਨਾਲ ਸੰਬੰਧਿਤ ਕਰ ਸਕਦੇ ਹਾਂ।

ਸਰਦਾਰ ਨਰੈਣ ਸਿੰਘ ਨੇ ਜਿੰਨਾ ਵੀ ਕੰਮ ਕੀਤਾ ਉਸ ਦਾ ਇਕੋ ਇਕ ਉਦੇਸ਼ ਪੰਥਕ ਉਨਤੀ ਨਾਲ ਸੰਬੰਧਿਤ ਹੈ, ਖੋਜ ਨਾਲ ਨਹੀਂ। ਇਸੇ ਕਰਕੇ ਉਨ੍ਹਾਂ ਨੇ ਜਿੰਨੇ ਵੀ ਕਾਰਜ ਕੀਤੇ, ਉਨ੍ਹਾਂ ਨੂੰ ਕਿਸੇ ਖੋਜ-ਵਿਧੀ ਦੇ ਆਧਾਰ 'ਤੇ ਢਾਲ ਕੇ ਪੇਸ਼ ਨਹੀਂ ਕੀਤਾ।

ਹਥਲੀ ਪੁਸਤਕ ਨਾਲ ਇਕ ਹੋਰ ਗੱਲ ਵੀ ਸਾਹਮਣੇ ਆਉਂਦੀ ਹੈ ਕਿ ਸਿੰਘ ਸਭਾ ਲਹਿਰ ਜਾਂ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਨੇ ਅਨੇਕਾਂ ਅਜਿਹੇ ਹੋਰ ਹੀਰੇ ਪੈਦਾ ਕੀਤੇ ਹੋਣਗੇ ਜਿਨ੍ਹਾਂ ਤੋਂ ਸਮੇਂ ਦੀ ਧੂੜ ਲਾਹੁਣ ਦੀ ਸਖ਼ਤ ਜ਼ਰੂਰਤ ਹੈ।


ਇਸ ਪੁਸਤਕ ਰਾਹੀਂ ਸਰਦਾਰ ਨਰੈਣ ਸਿੰਘ ਨੂੰ ਸਿੰਘ ਸਭਾ ਲਹਿਰ ਦੇ ਵਡੇ ਤੇ ਉਘੇ ਵਿਦਵਾਨਾਂ ਦੀ ਲੜੀ ਵਿਚ ਸ਼ਾਮਿਲ ਕਰਵਾਉਣ ਦੇ ਜਤਨਾਂ ਦਾ ਇਕ ਵਿਸ਼ੇਸ਼ ਹਿਸਾ ਪੂਰਿਆ ਗਿਆ ਹੈ।

ਸਿੱਖ ਸਿਧਾਂਤਾਂ, ਇਤਿਹਾਸਕ ਘਟਨਾਵਾਂ ਤੇ ਰਾਜਨੀਤਕ ਵਿਚਾਰਾਂ ਆਦਿ ਨੂੰ ਪਹਿਲੀ ਵਾਰ ਇਕ ਤਾਰਕਿਕ ਤਰਤੀਬ ਵਿਚ ਪੇਸ਼ ਕਰਦੀ ਇਸ ਹਥਲੀ ਪੁਸਤਕ ਰਾਹੀਂ ਉਸ ਸਿਰੜੀ ਯੋਧੇ ਦਾ ਇਕ ਤੁਛ ਮਾਤਰ ਰਿਣ ਚੁਕਾਉਣ ਦਾ ਜਤਨ ਕੀਤਾ ਗਿਆ ਹੈ।

ਸਰਦਾਰ ਨਰੈਣ ਸਿੰਘ ਦੀ ਸਿਮ੍ਰਤੀ ਵਿਚ ਇਹ ਸਿਰ ਝੁਕਦੇ ਹੋਏ ਮਾਣ ਮਹਿਸੂਸ ਕਰਦਾ ਹੈ।

***

ਅੰਤਿਕਾ-I
ਸਰਦਾਰ ਨਰੈਣ ਸਿੰਘ ਦੀ ਹਥ-ਲਿਖਤ



ਅੰਤਿਕਾ-II
ਸਰਦਾਰ ਨਰੈਣ ਸਿੰਘ ਨੂੰ ਮਿਲੇ ਸਨਮਾਨ

ਸਰਦਾਰ ਨਰੈਣ ਸਿੰਘ ਨੂੰ ਸਮੇਂ-ਸਮੇਂ 'ਤੇ ਸਿੱਖ ਪੰਥ ਦੀਆਂ ਵਡਮੁਲੀਆਂ ਸੇਵਾਵਾਂ ਬਦਲੇ ਕਈ ਪੰਥਕ ਜਥੇਬੰਦੀਆਂ ਵਲੋਂ ਸਨਮਾਨਿਤ ਕੀਤਾ ਗਿਆ। ਇਨ੍ਹਾਂ ਨੂੰ ਮਿਲੇ ਸਨਮਾਨਾਂ ਦਾ ਵੇਰਵਾ ਇਸ ਪ੍ਰਕਾਰ ਹੈ :

1. ਸੰਨ 1991 ਵਿਚ ਸਰਦਾਰ ਨਰੈਣ ਸਿੰਘ ਨੂੰ ਗੁਰਮਤਿ ਸਾਹਿਤ ਦੀ ਰਚਨਾ, ਪ੍ਰਕਾਸ਼ਨਾ ਤੇ ਪ੍ਰਸਾਰ ਵਿਚ ਵਿਸ਼ੇਸ਼ਤਾ ਕਾਰਨ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵਲੋਂ ਸਾਂਈ ਮੀਆਂ ਮੀਰ ਦਿਵਸ ਮੌਕੇ ਭਾਈ ਸੰਤੋਖ ਸਿੰਘ ਯਾਦਗਾਰੀ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ।
2. ਸੰਨ 1992 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵਲੋਂ ਮਹਾਂ ਕਵੀ ਭਾਈ ਸੰਤੋਖ ਸਿੰਘ ਦੀ ਦੂਸਰੀ ਜਨਮ ਸ਼ਤਾਬਦੀ ਨੂੰ ਸਮਰਪਿਤ ਸਮਾਰੋਹ ਮੌਕੇ ਗੁਰਮਤਿ ਸਿਧਾਂਤ ਦੇ ਪ੍ਰਚਾਰ ਤੇ ਪ੍ਰਸਾਰ ਲਈ ਕੀਤੀਆਂ ਪੰਥਕ ਸੇਵਾਵਾਂ ਦੀ ਸ਼ਲਾਘਾ ਕਰਦਿਆਂ ਕਮੇਟੀ ਦੇ ਪ੍ਰਧਾਨ, ਜਥੇਦਾਰ ਗੁਰਚਰਨ ਸਿੰਘ ਟੌਹੜਾ ਵਲੋਂ ਸਨਮਾਨਿਤ ਕੀਤਾ ਗਿਆ।
3. ਸੰਨ 1993 ਵਿਚ ਸਰਦਾਰ ਨਰੈਣ ਸਿੰਘ ਨੂੰ ਅਕਾਲੀ ਕੌਰ ਸਿੰਘ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ।

***

ਅੰਤਿਕਾ-III

ਜੀਵਨ- ਬਿਉਰਾ

(ਸਰਦਾਰ ਨਰੈਣ ਸਿੰਘ)

ਨਿਜੀ ਵੇਰਵੇ :

ਜਨਮ	: 26 ਨਵੰਬਰ, 1901 ਈ.
ਜਨਮ ਸਥਾਨ	: ਬੂਟਾ ਸਿੰਘ ਵਾਲਾ, ਤਹਿਸੀਲ ਕਬੀਰਵਾਲਾ, ਜ਼ਿਲ੍ਹਾ ਮੁਲਤਾਨ (ਪਾਕਿਸਤਾਨ)।
ਪਕਾ ਪਤਾ	: ਪਿੰਡ ਬੂਟਾ ਸਿੰਘ ਵਾਲਾ, ਸਨੌਰ ਰੋਡ, ਪਟਿਆਲਾ।
ਪਿਤਾ	: ਸ. ਬੂਟਾ ਸਿੰਘ
ਮਾਤਾ	: ਸਰਦਾਰਨੀ ਮਿਲਾਪ ਕੌਰ
ਪਤਨੀਆਂ	: ਬੀਬੀ ਮਹੰਤ ਕੌਰ ਤੇ ਬੀਬੀ ਜਸਪਾਲ ਕੌਰ
ਅਕਾਲ ਚਲਾਣਾ	: 2 ਅਪ੍ਰੈਲ, 1994

ਵਿਦਿਅਕ ਯੋਗਤਾਵਾਂ

* ਸੰਨ 1912 ਵਿਚ ਪ੍ਰਾਇਮਰੀ ਸਕੂਲ, ਜਵੰਦ ਸਿੰਘ ਵਾਲਾ ਤੋਂ ਪੰਜਵੀਂ ਪਾਸ ਕੀਤੀ।
* ਸੰਨ 1916 ਵਿਚ ਖਾਲਸਾ ਹਾਈ ਸਕੂਲ, ਜਵੰਦ ਸਿੰਘ ਵਾਲਾ ਤੋਂ ਅਠਵੀਂ ਪਾਸ ਕੀਤੀ।
* ਸੰਨ 1918 ਵਿਚ ਖਾਲਸਾ ਕਾਲਜੀਏਟ ਸਕੂਲ, ਅੰਮ੍ਰਿਤਸਰ ਤੋਂ ਦਸਵੀਂ ਪਾਸ ਕੀਤੀ।
* ਸੰਨ 1922 ਵਿਚ ਬੀ. ਏ ਪਾਸ ਕੀਤੀ।
* ਸੰਨ 1930 ਵਿਚ ਐਮ. ਏ. (ਅੰਗਰੇਜ਼ੀ) ਪਾਸ ਕੀਤੀ।

ਅਹੁਦੇ/ਨੌਕਰੀਆਂ :

* ਸੰਨ 1922 ਤੋਂ 1923 ਤਕ ਖਾਲਸਾ ਹਾਈ ਸਕੂਲ, ਗੁਜਰਾਖਾਨਾ ਵਿਖੇ ਬਤੌਰ ਅਧਿਆਪਕ ਸੇਵਾ ਕੀਤੀ।
* ਸੰਨ 1923 ਤੋਂ 1926 ਤਕ ਖਾਲਸਾ ਹਾਈ ਸਕੂਲ, ਕੋਇਟਾ ਵਿਖੇ ਬਤੌਰ ਮੁਖ ਅਧਿਆਪਕ ਸੇਵਾ ਕੀਤੀ।

* ਸੰਨ 1926 ਤੋਂ 1929 ਤਕ ਖਾਲਸਾ ਹਾਈ ਸਕੂਲ,ਖਾਨੇਵਾਲ ਵਿਖੇ ਬਤੌਰ ਮੁਖ ਅਧਿਆਪਕ ਸੇਵਾ ਕੀਤੀ।
* ਸੰਨ 1932 ਵਿਚ ਖਾਲਸਾ ਕਾਲਜ, ਅੰਮ੍ਰਿਤਸਰ ਵਿਖੇ ਅੰਗਰੇਜ਼ੀ ਦੇ ਲੈਕਚਰਾਰ ਨਿਯੁਕਤ ਹੋਏ।
* ਸੰਨ 1932 ਤੋਂ 1947 ਤਕ ਸ੍ਰੀ ਨਨਕਾਣਾ ਸਾਹਿਬ ਵਿਖੇ ਬਤੌਰ ਮੈਨੇਜਰ ਸੇਵਾ ਕੀਤੀ।
* ਸੰਨ 1937 ਵਿਚ ਖਾਲਸਾ ਕਾਲਜ, ਬੰਬਈ ਦੀ ਸਕੱਤਰ ਵਜੋਂ ਸੇਵਾ ਕੀਤੀ।
* ਸੰਨ 1947 ਵਿਚ ਦੁਆਬਾ ਰਚਨਾ ਐਂਟੀ ਪਾਕਿਸਤਾਨ ਕਮੇਟੀ ਦੀ ਸਕੱਤਰ ਵਜੋਂ ਸੇਵਾ ਕੀਤੀ।
* ਸੰਨ 1947 ਵਿਚ ਸਹਾਇਕ ਮੁੜ ਵਸਾਉ ਅਫ਼ਸਰ ਵਜੋਂ ਸੇਵਾ ਕੀਤੀ।
* ਸੰਨ 1948 ਵਿਚ ਪਛੜੀਆਂ ਸ਼੍ਰੇਣੀਆਂ ਦੀ ਭਲਾਈ ਹਿਤ ਪਟਿਆਲੇ ਵਿਖੇ 'ਅਫ਼ਸਰ ਆਨ ਸਪੈਸ਼ਲ ਡਿਊਟੀ' ਵਜੋਂ ਸੇਵਾ ਕੀਤੀ।
* ਸੰਨ 1963 ਵਿਚ ਗੁਰੂ ਨਾਨਕ ਦੇਵ ਮਿਸ਼ਨ ਦੀ ਸਕੱਤਰ ਵਜੋਂ ਸੇਵਾ ਸੰਭਾਲੀ ਤੇ ਆਪਣੇ ਜੀਵਨ ਦੇ ਅੰਤਲੇ ਸਮੇਂ ਤਕ ਇਸ ਸੰਸਥਾ ਨੂੰ ਸਮਰਪਿਤ ਰਹੇ।
* ਸੰਨ 1968 ਵਿਚ ਗੁਰਮਤਿ ਕਾਲਜ ਦੇ ਸਕੱਤਰ ਵਜੋਂ ਸੇਵਾ ਕੀਤੀ।
* ਸੰਨ 1971 ਵਿਚ ਅਕੈਡਮੀ ਆਫ ਸਿੱਖ ਰਿਲੀਜਨ ਐਂਡ ਕਲਚਰ ਅਧੀਨ ਜਨਰਲ ਸਕੱਤਰ ਵਜੋਂ ਸੇਵਾ ਕੀਤੀ।
* ਸੰਨ 1977 ਵਿਚ ਸ੍ਰੀ ਨਨਕਾਣਾ ਸਾਹਿਬ ਫਾਊਂਡੇਸ਼ਨ, ਵਾਸ਼ਿੰਗਟਨ (ਯੂ.ਐਸ.ਏ) ਦੇ ਮੈਂਬਰ ਵਜੋਂ ਸੇਵਾ ਨਿਭਾਈ।
* ਸੰਨ 1980 ਵਿਚ ਸ੍ਰੀ ਨਨਕਾਣਾ ਸਾਹਿਬ ਫਾਊਂਡੇਸ਼ਨ, ਕਰਨਾਲ ਦੇ ਸਕੱਤਰ ਵਜੋਂ ਸੇਵਾ ਕੀਤੀ।

ਸਾਹਿਤ ਰਚਨਾ :

* 14 ਪੁਸਤਕਾਂ ਤੇ ਤਕਰੀਬਨ 268 ਟ੍ਰੈਕਟ।

ਪੁਸਤਕ ਸੂਚੀ

ਪੰਜਾਬੀ

ਅਮਰ ਸਿੰਘ (ਸੰਪਾ.), *ਤੁਕ ਤਤਕਰਾ ਸ੍ਰੀ ਗੁਰੂ ਗ੍ਰੰਥ ਸਾਹਿਬ*, ਭਾਸ਼ਾ ਵਿਭਾਗ, ਪੰਜਾਬ, 1999.

ਸ.ਸ.ਅਮੋਲ (ਸੰਪਾ.), *ਇਤਿਹਾਸਕ ਯਾਦਾਂ*, ਪੰਜਾਬੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1988 (ਦੂਜੀ ਵਾਰ)।

ਸਾਹਿਬ ਸਿੰਘ (ਪ੍ਰੋ.), ਟੀਕਾਕਾਰ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ*, (ਪੋਥੀ-ਦੂਜੀ), ਰਾਜ ਪਬਲਿਸ਼ਰਜ਼ ਜਲੰਧਰ, 1972 (ਤੀਜੀ ਵਾਰ)।

ਸਿੱਖ ਰਹਿਤ ਮਰਯਾਦਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ.

ਸੁਰਜੀਤ ਸਿੰਘ, *ਕਰਣੀ ਵਾਲੇ*, ਲਾਹੌਰ ਬੁਕ ਸ਼ਾਪ, ਲੁਧਿਆਣਾ, 2001.

ਸਰਬਲੋਹ ਗ੍ਰੰਥ ਸਾਹਿਬ ਜੀ (ਭਾਗ ਦੂਜਾ), (ਪ੍ਰਕਾ.) ਬਾਬਾ ਸੰਤਾ ਸਿੰਘ, ਅਨੰਦਪੁਰ ਸਾਹਿਬ, 2000.

ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ (ਚਾਰ ਪੋਥੀਆਂ), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2008.

ਕੁਲਵਿੰਦਰ ਸਿੰਘ ਬਾਜਵਾ (ਡਾ.) (ਸੰਪਾ.), *ਅਕਾਲੀ ਦਲ ਸੱਚਾ ਸੌਦਾ ਬਾਰ*, ਸਿੱਖ ਇਤਿਹਾਸ ਰੀਸਰਚ ਬੋਰਡ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ), ਸ੍ਰੀ ਅੰਮ੍ਰਿਤਸਰ, 2002 (ਦੂਜੀ ਵਾਰ)।

ਗੁਰਬਖਸ਼ ਸਿੰਘ ਸ਼ਮਸ਼ੇਰ ਝੁਬਾਲੀਆ, *ਸ਼ਹੀਦੀ ਜੀਵਨ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1998.

ਜਗਤ ਸਿੰਘ ਮੇਜਰ, *ਅਰਦਾਸ*, ਇੰਸਟੀਚਿਊਟ ਆਫ ਗੁਰਮਤਿ ਸਟੀਡੀਜ਼, ਨਵੀਂ ਦਿੱਲੀ, 1980.

ਨਰੈਣ ਸਿੰਘ, *ਲਾਲ ਬਾਦਸ਼ਾਹ*, ਫੁਲਵਾੜੀ ਪ੍ਰੈਸ, ਲਾਹੌਰ, 1931.

- *ਅਕਾਲੀ ਮੋਰਚੇ ਅਤੇ ਝੱਬਰ*, ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ, 1959.
- *ਬੇਗਮਪੁਰੇ ਦੇ ਰਾਹ ਤੇ*, ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ, 1960.
- *ਨਨਕਾਣਾ ਸਾਹਿਬ*, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1971.
- *ਨਾਨਕ ਨਿਰਮਲ ਪੰਥ ਚਲਾਇਆ*, ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ, 1971.
- *ਗੁਰੂ ਨਾਨਕ ਮਾਰਗ*, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1971.
- *ਵਰਿਆਮ ਇਕੇਲਾ*, ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ, 1972.

– *ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ*, ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ, 1978.
– *ਮੇਰਾ ਜੀਵਨ ਪੰਧ ਤੇ ਸਾਹਿਤ ਰੁਚੀ*, ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ, 1982.
– *ਕਿਉਂ ਕੀਤੋ ਵੇਸਾਹੁ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1986.
– *ਸਿੱਖ ਵੀਰਾਂ ਨੂੰ ਹਲੂਣਾ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1987.
– *ਅਕਾਲੀ ਲਹਿਰ ਦਾ ਨਾਇਕ ਜਥੇਦਾਰ : ਭਾਈ ਕਰਤਾਰ ਸਿੰਘ ਝੱਬਰ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1988.
– *ਬਾਬਾਣੀਆਂ ਕਹਾਣੀਆਂ*, ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ, (ਮਿਤੀਹੀਣ)।
– *ਸ੍ਰੀ ਨਨਕਾਣਾ ਸਾਹਿਬ ਦਾ ਸ਼ਹੀਦੀ ਸਾਕਾ*, ਸਿੱਖ ਇਤਿਹਾਸ ਰੀਸਰਚ ਬੋਰਡ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ), ਸ੍ਰੀ ਅੰਮ੍ਰਿਤਸਰ, (ਮਿਤੀਹੀਣ)।

ਬਲਬੀਰ ਸਿੰਘ ਦਿਲ (ਪ੍ਰੋ.), *ਅਣਪਰਖੇ ਹੀਰੇ*, ਲਾਹੌਰ ਬੁਕ ਸ਼ਾਪ ਲੁਧਿਆਣਾ, 1964.

ਰਤਨ ਸਿੰਘ ਜੱਗੀ (ਡਾ.), *ਸਿੱਖ ਪੰਥ ਵਿਸ਼ਵਕੋਸ਼*, (ਦੋ ਭਾਗ), ਗੁਰ ਰਤਨ ਪਬਲਿਸ਼ਰਜ਼, ਦਿੱਲੀ, 2005.

ਰਾਜਦੇਵ ਸਿੰਘ, *ਸ. ਨਰੈਣ ਸਿੰਘ ਇਕ ਅਦੁਤੀ ਸ਼ਖਸੀਅਤ ਨੂੰ ਸ਼ਰਧਾਂਜਲੀ* (ਟ੍ਰੈਕਟ ਨੰ. 435), ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ।

ਵਾਰਾਂ ਭਾਈ ਗੁਰਦਾਸ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

ਅੰਗ੍ਰੇਜ਼ੀ

Mohinder Singh, *The Akali Struggle : A Retrospect*, Atlantic Publishers & Distributers, New Delhi, 1988.

Parm Bakshish Singh & Others (eds.), *Who's Who : Punjab Freedom Fighters* (Vol. II), Punjabi University, Patiala, 1991.

ਪਤ੍ਰਿਕਾਵਾਂ (ਪੰਜਾਬੀ)

ਆਲੋਚਨਾ, ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ।

ਸਾਹਿਤ ਸਮਾਚਾਰ, ਲਾਹੌਰ ਬੁਕ ਸ਼ਾਪ ਲੁਧਿਆਣਾ।

ਸਿੰਘ ਸਭਾ ਪਤ੍ਰਿਕਾ, ਅੰਮ੍ਰਿਤਸਰ।

ਸੂਰਾ, ਅੰਮ੍ਰਿਤਸਰ।

ਗੁਰਮਤਿ, ਲੁਧਿਆਣਾ।

ਗੁਰਮਤਿ ਪ੍ਰਕਾਸ਼, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

ਜੀਵਨ ਪ੍ਰੀਤੀ, ਪਟਿਆਲਾ।

ਨਾਨਕ ਪ੍ਰਕਾਸ਼ ਪਤ੍ਰਿਕਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਪੰਜਾਬੀ ਦੁਨੀਆ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ।

ਅਖ਼ਬਾਰ

ਰੋਜ਼ਾਨਾ ਚੜ੍ਹਦੀਕਲਾ

ਕੋਸ਼

ਕਾਨ੍ਹ ਸਿੰਘ ਨਾਭਾ (ਭਾਈ), *ਮਹਾਨ ਕੋਸ਼*, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ 1999 (ਛੇਵੀਂ ਵਾਰ)।

ਪੰਜਾਬੀ ਪੁਸਤਕ ਕੋਸ਼, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1971.

ਪੰਜਾਬੀ ਪ੍ਰਕਾਸ਼ਨਾਂ ਦੀ ਸੂਚੀ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1971 (ਦੂਜੀ ਵਾਰ)

ਪ੍ਰੀਤਮ ਸਿੰਘ (ਪ੍ਰੋ.), (ਸੰਪਾ.), *ਪੰਜਾਬੀ ਲੇਖਕ ਕੋਸ਼*, ਯੂਨੀਸਟਾਰ ਬੁਕਸ ਪ੍ਰਾਈਵੇਟ ਲਿਮਟਿਡ, ਚੰਡੀਗੜ੍ਹ, 2003.

Harban Singh (ed.), *The Encyclopaedia of Sikhism*, (4 Vols.), Punjabi University, Patiala, 1998.

ਨਿਜੀ ਮੁਲਾਕਾਤਾਂ

ਇੰਦਰਜੀਤ ਕੌਰ, ਸਪੁਤਰੀ ਸਰਦਾਰ ਨਰੈਣ ਸਿੰਘ, 15-08-2008.

ਕ੍ਰਿਪਾਲ ਸਿੰਘ (ਜਥੇਦਾਰ), ਸਰਦਾਰ ਨਰੈਣ ਸਿੰਘ ਦੇ ਪਿੰਡ ਤੋਂ, 09-07-2008.

ਜਸਇੰਦਰ ਸਿੰਘ ਅਤੇ ਹਰਬਖਸ਼ ਸਿੰਘ, ਸਪੁੱਤਰ ਸਰਦਾਰ ਨਰੈਣ ਸਿੰਘ, 10-07-2008.

ਦਰਸ਼ਨ ਸਿੰਘ (ਡਾ.), ਸਾਥੀ ਸਰਦਾਰ ਨਰੈਣ ਸਿੰਘ, 21-07-2008.

***



'ਸਰਦਾਰ ਨਰੈਣ ਸਿੰਘ (ਨਨਕਾਣਾ ਸਾਹਿਬ ਵਾਲੇ) : ਜੀਵਨ, ਰਚਨਾ ਤੇ ਦੇਣ' ਨਨਕਾਣਾ ਸਾਹਿਬ ਦੇ ਸਾਬਕਾ ਮੈਨੇਜਰ ਤੇ ਪੰਥ ਦਰਦੀ ਸਰਦਾਰ ਨਰੈਣ ਸਿੰਘ ਜੀ ਦੇ ਜੀਵਨ ਉਤੇ ਬਹੁਪੱਖਾਂ ਤੋਂ ਚਾਨਣਾ ਪਾਉਣ ਵਾਲੀ ਪਹਿਲੀ ਪੁਸਤਕ ਹੈ। ਪੁਸਤਕ ਦੇ ਲੇਖਕ ਸ. ਤੇਜਿੰਦਰ ਪਾਲ ਸਿੰਘ ਨੇ ਗੁਰਮਤਿ ਕਾਲਜ, ਪਟਿਆਲਾ ਤੋਂ ਧਰਮ ਅਧਿਐਨ ਵਿਸ਼ੇ ਵਿਚ ਐਮ.ਏ. (2000) ਦੀ ਡਿਗਰੀ ਪ੍ਰਾਪਤ ਕੀਤੀ। ਉਪਰੰਤ ਸਿੱਖ ਅਧਿਐਨ ਦੀ ਐਮ.ਏ. (2006) ਕਰਕੇ ਧਰਮ ਅਧਿਐਨ ਦੇ ਵਿਸ਼ੇ ਵਿਚ ਹੀ ਐਮ.ਫਿਲ. (2008) ਕੀਤੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਅਧੀਨ ਲਗਪਗ ਤਿੰਨ ਸਾਲ (2003-05) ਬਤੌਰ ਪ੍ਰਚਾਰਕ ਸੇਵਾ ਨਿਭਾਈ। ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ ਵਿਚ ਇਕ ਸਾਲ (2010-11) ਬਤੌਰ ਪ੍ਰਾਜੈਕਟ ਫੈਲੋ ਸੇਵਾ ਨਿਭਾਉਣ ਉਪਰੰਤ ਮੌਜੂਦਾ ਸਮੇਂ (2011) ਦੌਰਾਨ ਉਕਤ ਵਿਭਾਗ ਵਿਚੋਂ ਹੀ ਸਿੱਖ ਧਰਮ ਅਧਿਐਨ ਦੇ ਖੇਤਰ ਵਿਚ ਪੀਐਚ.ਡੀ. ਕਰ ਰਹੇ ਹਨ।